28-JULY-PAGE-1.qxd 7/27/2025 10:40 PM Page 1

ਸੋਮਵਾਰ, 28 ਜੁਲਾਈ, 2025
13 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 57

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 28 JULY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਹਾਲਾਤ ਬਦਲਣ ਲਈ ਮਾਂ ਬੋਲੀ ਨੂੰ ਕਾਰਗਰ ਹਥਿਆਰ ਬਣਾਉਣ ਦਾ ਸੱਦਾ

## ਸੀ ਪੀ ਆਈ ਦੀ 25ਵੀਂ ਕਾਂਗਰਸ ਨੂੰ ਸਮਰਪਤ ਸੈਮੀਨਾਰ 'ਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਵਿਚਾਰਧਾਰਕ ਜੱਦੋ-ਜਹਿਦ ਵਜੋਂ ਮਜ਼ਬੂਤ ਕਰਨ 'ਤੇ ਜ਼ੋਰ

**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰਜੀਤ ਸਿੰਘ)**
ਭਾਰਤੀ ਕਮਿਊਨਿਸਟ ਪਾਰਟੀ ਦੇ ਸਤੰਬਰ ਵਿੱਚ ਚੰਡੀਗੜ੍ਹ 'ਚ ਹੋ ਰਹੇ 25ਵੇਂ ਮਹਾਂ-ਸੰਮੇਲਨ (ਕਾਂਗਰਸ) ਨੂੰ ਸਮਰਪਤ ਸਥਾਨਕ ਟੀਚਰਜ਼ ਹੋਮ ਵਿਖੇ ਐਤਵਾਰ ਕਰਵਾਏ ਗਏ ਸੈਮੀਨਾਰ 'ਚ ਬੁਲਾਰਿਆਂ ਨੇ ਸੂਬੇ ਨੂੰ ਦਰਪੇਸ਼ ਬੁਨਿਆਦੀ ਸਮੱਸਿਆਵਾਂ ਦੇ ਹੱਲ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵਿਚਾਰਧਾਰਕ ਜਦੋਜਹਿਦ ਵਜੋਂ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ।

ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਅਰਸ਼ੀ ਨੇ ਕਮਿਊਨਿਸਟ ਲਹਿਰ ਦੀ ਬੁਨਿਆਦ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ 'ਤੇ ਪੰਛੀ ਝਾਤ ਪਾਉਂਦਿਆਂ ਮੌਜੂਦਾ ਦੌਰ ਦੀਆਂ ਚੁਨੌਤੀਆਂ ਦੇ ਸੰਦਰਭ 'ਚ ਖੱਬੀ ਲਹਿਰ ਦੀ ਮਜ਼ਬੂਤੀ 'ਤੇ ਜ਼ੋਰ ਦਿੱਤਾ। ਅਗਾਂਹਵਧੂ ਚਿੰਤਕ ਤੇ ਪ੍ਰਸਿੱਧ ਨਾਵਲਕਾਰ ਮਰਹੂਮ ਜਸਵੰਤ ਸਿੰਘ ਕੰਵਲ ਦੇ ਦੋਹਤੇ ਡਾਕਟਰ ਸੁਮੇਲ ਸਿੰਘ ਸਿੱਧੂ, ਜਿਹੜੇ ਸੈਮੀਨਾਰ ਦੇ ਸੂਤਰਧਾਰ ਵੀ ਸਨ, ਨੇ ਬਠਿੰਡਾ ਦੀ ਸਾਹਿਤਕ ਕਚਹਿਰੀ ਦੀ ਬਾਤ ਪਾਉਂਦਿਆਂ ਸਰੋਤਿਆਂ ਨਾਲ ਬੀਤੇ ਸਮੇਂ ਦੇ ਪ੍ਰਸਿੱਧ ਸਾਹਿਤਕਾਰਾਂ, ਕਵੀਸ਼ਰਾਂ, ਢਾਡੀਆਂ ਤੇ ਗੀਤਕਾਰਾਂ ਦੀ ਸਾਂਝ ਪੁਆਈ।


ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਾ. ਸਵਰਾਜਬੀਰ।

ਸਾਹਿਤਕਾਰ, ਨਾਟਕਕਾਰ ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾਕਟਰ ਸਵਰਾਜਬੀਰ ਨੇ ਕਿਹਾ ਕਿ ਬੇਰੁਜ਼ਗਾਰੀ ਕਾਰਨ ਰੋਜ਼ੀ-ਰੋਟੀ ਦੇ ਜੁਗਾੜ ਲਈ ਪੰਜਾਬ 'ਚੋਂ ਜਵਾਨੀ ਲਗਾਤਾਰ ਹਿਜ਼ਰਤ ਕਰਕੇ ਵਿਦੇਸ਼ਾਂ ਨੂੰ ਜਾ ਰਹੀ ਹੈ।ਗਰੀਬੀ ਤੇ ਹੋਰ ਸਮੱਸਿਆਵਾਂ ਕਾਰਨ ਜਿਹੜੇ ਨੌਜਵਾਨ ਵਿਦੇਸ਼ ਜਾਣ ਦੇ ਸਮਰੱਥ ਨਹੀਂ, ਉਹ ਨਸ਼ਿਆਂ ਤੇ ਗੈਂਗਸਟਰਵਾਦ ਦੀ ਦਲਦਲ 'ਚ ਗਰਕ ਰਹੇ ਹਨ।ਅਜਿਹੀ ਸਥਿਤੀ ਲਈ ਵਿਦਿਅਕ ਖੇਤਰ ਵਿੱਚ ਆ ਰਹੇ ਨਿਘਾਰ ਦਾ ਜ਼ਿਕਰ ਕਰਦਿਆਂ ਡਾਕਟਰ ਸਵਰਾਜਬੀਰ ਨੇ ਕਿਹਾ ਕਿ ਅਧਿਆਪਕ ਵਰਗ ਤੋਂ ਇਲਾਵਾ ਬੁੱਧੀਜੀਵੀ ਲੋਕ ਵੀ ਇਸ ਲਈ ਬਹੁਤ ਹੱਦ ਤੱਕ ਜ਼ਿੰਮੇਵਾਰ ਹਨ। ਪੰਜਾਬ ਦੀ ਆਰਥਕ, ਸਮਾਜੀ ਤੇ ਰਾਜਸੀ ਤਬਦੀਲੀ ਲਈ ਮਾਂ ਬੋਲੀ ਪੰਜਾਬੀ ਨੂੰ ਇੱਕ ਕਾਰਗਰ ਹਥਿਆਰ ਵਜੋਂ ਪੇਸ਼ ਕਰਦਿਆਂ ਡਾਕਟਰ ਸਵਰਾਜਬੀਰ ਨੇ ਕਿਹਾ, "ਭਗਤੀ ਲਹਿਰ ਤੇ ਗੁਰੂ ਨਾਨਕ ਦੇਵ ਜੀ ਵੱਲੋਂ ਹਾਲਾਤ ਨੂੰ ਬਦਲਣ ਲਈ ਲੋਕ ਬੋਲੀ ਜ਼ਰੀਏ ਨਿਭਾਈ ਗਈ ਭੂਮਿਕਾ ਵਾਂਗ ਸਾਨੂੰ ਵੀ ਇਸ ਪਾਸੇ ਵਿਸ਼ੇਸ਼ ਧਿਆਨ ਕੇਂਦਰਤ ਕਰਨ ਦੀ ਲੋੜ ਹੈ।"

ਵਿਦਵਾਨਾਂ ਦੇ ਵਿਚਾਰਾਂ ਨੇ ਸਰੋਤਿਆਂ ਨੂੰ ਇਸ ਕਦਰ ਕੀਲ ਰੱਖਿਆ ਕਿ ਏ ਸੀ ਤੋਂ ਬਗੈਰ ਹਾਲ ਵਿੱਚ ਲੋਹੜੇ ਦੀ ਗਰਮੀ ਹੋਣ ਦੇ ਬਾਵਜੂਦ ਵੀ ਉਹ ਸ਼ਾਂਤਚਿੱਤ ਅਖੀਰ ਤੱਕ ਸੁਣਦੇ ਰਹੇ।

ਸਰੋਤਿਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਡਾਕਟਰ ਸਵਰਾਜਬੀਰ ਨੇ ਕਿਹਾ ਕਿ ਉਨ੍ਹਾਂ ਦੇ ਦੁੱਖ ਦਰਦ ਦੀ ਦਵਾ ਇਹੀ ਹੈ ਕਿ ਜਿਸ ਤਰ੍ਹਾਂ ਗਦਰੀ ਬਾਬਿਆਂ, ਅਜਾਦੀ ਘੁਲਾਟੀਆਂ ਤੇ ਨੌਜਵਾਨਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਦੋਜਹਿਦ ਕੀਤੀ ਸੀ, ਠੀਕ ਉਸੇ ਤਰ੍ਹਾਂ ਅੱਜ ਦੇ ਦੌਰ ਵਿੱਚ ਇੱਕ ਮਜ਼ਬੂਤ ਕਮਿਊਨਿਸਟ ਲਹਿਰ ਉਸਾਰਨ ਦੀ ਲੋੜ ਹੈ।

ਅੰਤ ਵਿੱਚ ਜ਼ਿਲ੍ਹਾ ਕਮਿਊਨਿਸਟ ਪਾਰਟੀ ਬਠਿੰਡਾ ਦੇ ਸਕੱਤਰ ਕਾਮਰੇਡ ਬਲਕਰਨ ਸਿੰਘ ਬਰਾੜ ਨੇ ਸਾਰੇ ਸਾਥੀਆਂ ਤੇ ਖਾਸ ਕਰ ਡਾਕਟਰ ਸਵਰਾਜਬੀਰ ਤੇ ਸੁਮੇਲ ਸਿੰਘ ਸਿੱਧੂ ਦਾ ਸੈਮੀਨਾਰ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ।

ਲਗਪਗ 300 ਦੀ ਹਾਜ਼ਰੀ ਵਾਲੇ ਸੈਮੀਨਾਰ ਵਿੱਚ ਕ੍ਰਿਸ਼ਨ ਚੌਹਾਨ ਜ਼ਿਲ੍ਹਾ ਸਕੱਤਰ ਮਾਨਸਾ, ਅਸ਼ੋਕ ਕੌਸ਼ਲ ਜ਼ਿਲ੍ਹਾ ਸਕੱਤਰ ਫਰੀਦਕੋਟ, ਖੁਸ਼ੀਆ ਸਿੰਘ ਜ਼ਿਲ੍ਹਾ ਸਕੱਤਰ ਬਰਨਾਲਾ ਤੋਂ ਇਲਾਵਾ ਜਸਵੀਰ ਸਿੰਘ ਅਕਲੀਆ, ਜਸਪਾਲ ਮਨਖੇੜਾ, ਲਛਮਣ ਸਿੰਘ ਮਲੂਕਾ, ਮੱਖਣ ਸਿੰਘ ਗੁਰੂਸਰ, ਮਿੱਠੂ ਸਿੰਘ ਘੁੱਦਾ, ਡਾ. ਬਲਦੇਵ ਸਿੰਘ ਗਰੇਵਾਲ, ਜਰਨੈਲ ਸਿੰਘ ਭਾਈ ਰੂਪਾ, ਰਣਬੀਰ ਰਾਣਾ, ਡਾਕਟਰ ਨੀਤੂ ਅਰੋੜਾ ਤੇ ਪ੍ਰੋਫੈਸਰ ਸ਼ੁਭ ਪ੍ਰੇਮ ਬਰਾੜ ਵੀ ਮੌਜੂਦ ਰਹੇ।

# 50 ਗਰਾਮ ਬਿਸਕੁਟ ਦਾ ਪੈਕੇਟ 750 ਰੁਪਏ ਦਾ


ਗਾਜ਼ਾ ਦੀ ਮਹਿਲਾ ਹਿਦਾਯਾ ਦੇ 18 ਮਹੀਨੇ ਦੇ ਬੇਟੇ ਮੁਹੰਮਦ ਜ਼ਕਰੀਆ ਦੀ ਕੁਪੋਸ਼ਣ ਦੇ ਚੱਲਦਿਆਂ ਰੀੜ੍ਹ ਦੀ ਹੱਡੀ ਉੱਭਰ ਆਈ ਹੈ।

**ਗਾਜ਼ਾ** : ਇਜ਼ਰਾਈਲ ਦੇ ਗਾਜ਼ਾ 'ਤੇ 22 ਮਹੀਨਿਆਂ ਤੋਂ ਹਮਲੇ ਜਾਰੀ ਹਨ। ਹਾਲਾਤ ਇਹ ਹੋ ਗਏ ਹਨ ਕਿ ਭੁੱਖ ਨਾਲ ਹੀ 81 ਬੱਚਿਆਂ ਸਣੇ 124 ਫਲਸਤੀਨੀ ਮਾਰੇ ਗਏ ਹਨ। ਜੁਲਾਈ ਮਹੀਨੇ ਵਿੱਚ ਹੀ 16 ਬੱਚਿਆਂ ਸਣੇ 40 ਲੋਕਾਂ ਦੀ ਮੌਤ ਹੋ ਗਈ ਹੈ। ਗਾਜ਼ਾ ਵਿੱਚ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਮੁਤਾਬਕ ਉੱਥੇ 50 ਗਰਾਮ ਦਾ ਬਿਸਕੁਟ ਦਾ ਪੈਕੇਟ 750 ਰੁਪਏ ਵਿੱਚ ਮਿਲ ਰਿਹਾ ਹੈ। ਨਕਦ ਪੈਸੇ ਕਢਾਉਣ ਲਈ 45 ਫੀਸਦੀ ਤੱਕ ਕਮਿਸ਼ਨ ਦੇਣਾ ਪੈਂਦਾ ਹੈ। ਲੋਕ ਲੂਣ ਖਾ ਕੇ ਪਾਣੀ ਪੀ ਕੇ ਕੰਮ ਚਲਾ ਰਹੇ ਹਨ। ਇੱਕ ਪੱਤਰਕਾਰ ਨੇ ਦੱਸਿਆ ਕਿ 21 ਮਹੀਨਿਆਂ ਵਿੱਚ ਉਸ ਦਾ ਭਾਰ 30 ਕਿੱਲੋ ਘਟ ਗਿਆ ਹੈ। ਥਕਾਨ ਬਣੀ ਰਹਿੰਦੀ ਹੈ ਤੇ ਚੱਕਰ ਆਉਂਦੇ ਰਹਿੰਦੇ ਹਨ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਗਾਜ਼ਾ ਦੀ ਇੱਕ-ਤਿਹਾਈ ਆਬਾਦੀ ਨੂੰ ਕਈ ਦਿਨਾਂ ਤੋਂ ਇੱਕ ਵਾਰ ਦਾ ਭੋਜਨ ਵੀ ਨਸੀਬ ਨਹੀਂ ਹੋ ਰਿਹਾ।

ਉਧਰ, ਬਰਤਾਨੀਆ, ਫਰਾਂਸ ਤੇ ਜਰਮਨੀ ਨੇ ਕਿਹਾ ਹੈ ਕਿ ਹਮਾਸ ਤੋਂ ਇਜ਼ਰਾਈਲੀ ਬੰਦੀਆਂ ਦੀ ਰਿਹਾਈ ਤੋਂ ਪਹਿਲਾਂ ਤੁਰੰਤ ਜੰਗਬੰਦੀ ਹੋਣੀ ਚਾਹੀਦੀ ਹੈ। ਇਜ਼ਰਾਈਲ ਨੂੰ ਕੌਮਾਂਤਰੀ ਮਾਨਵੀ ਸਹਾਇਤਾ ਕਾਨੂੰਨ ਤਹਿਤ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਸੇ ਦੌਰਾਨ ਇਜ਼ਰਾਇਲੀ ਫੌਜ ਨੇ ਕਿਹਾ ਹੈ ਕਿ ਉਹ ਖੇਤਰ ਵਿੱਚ ਵਿਗੜਦੀ ਮਨੁੱਖੀ ਸਥਿਤੀ ਨਾਲ ਨਜਿੱਠਣ ਲਈ ਗਾਜ਼ਾ ਦੇ ਤਿੰਨ ਇਲਾਕਿਆਂ ਵਿੱਚ ਲੜਾਈ ਅਸਥਾਈ ਤੌਰ 'ਤੇ ਰੋਕ ਦੇਵੇਗੀ। ਅਗਲੇ ਨੋਟਿਸ ਤੱਕ ਐਤਵਾਰ ਤੋਂ ਹਰ ਰੋਜ਼ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ ਤੋਂ ਰਾਤ 8 ਵਜੇ ਤੱਕ ਮੁਵਾਸੀ, ਦੀਰ ਅਲ-ਬਲਾਹ ਅਤੇ ਗਾਜ਼ਾ ਸ਼ਹਿਰ ਵਿੱਚ ਆਪਣੀਆਂ ਗਤੀਵਿਧੀਆਂ ਨੂੰ ਰੋਕੇਗੀ।

ਫੌਜ ਨੇ ਕਿਹਾ ਕਿ ਉਹ ਗਾਜ਼ਾ ਵਿੱਚ ਲੋਕਾਂ ਨੂੰ ਭੋਜਨ ਅਤੇ ਹੋਰ ਸਪਲਾਈ ਪਹੁੰਚਾਉਣ ਵਿੱਚ ਸਹਾਇਤਾ ਏਜੰਸੀਆਂ ਦੀ ਮਦਦ ਲਈ ਸੁਰੱਖਿਅਤ ਰਸਤੇ ਵੀ ਸਥਾਪਤ ਕਰੇਗੀ।

ਹਾਲ ਵਿੱਚ ਭੋਜਨ ਵੰਡ ਸਥਾਨਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹੋਏ ਕਈ ਸੌ ਫਲਸਤੀਨੀ ਮਾਰੇ ਗਏ ਸਨ।

## ਸਾਬਕਾ ਮੰਤਰੀ ਦਾ ਦਾਮਾਦ ਰੇਵ ਪਾਰਟੀ 'ਚ ਫੜਿਆ

**ਪੁਣੇ** : ਪੁਲਸ ਨੇ ਐਤਵਾਰ ਵੱਡੇ ਤੜਕੇ ਇੱਕ ਅਪਾਰਟਮੈਂਟ 'ਚ ਚੱਲ ਰਹੀ ਰੇਵ ਪਾਰਟੀ ਵਿੱਚ ਛਾਪਾ ਮਾਰ ਕੇ ਡਰੱਗਜ਼, ਹੁੱਕੇ ਤੇ ਸ਼ਰਾਬ ਕਬਜ਼ੇ ਵਿੱਚ ਲਈ। ਪੁਲਸ ਨੇ ਸੱਤ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ ਜਿਨ੍ਹਾਂ ਵਿੱਚ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਏਕਨਾਥ ਖੜਸੇ ਦੀ ਧੀ ਰੋਹਿਨੀ ਖੜਸੇ ਦਾ ਪਤੀ ਪ੍ਰਾਂਜਲ ਖੇਵਾਲਕਰ ਵੀ ਸ਼ਾਮਲ ਹੈ। ਐੱਨ ਸੀ ਪੀ (ਐੱਸ ਪੀ) ਆਗੂ ਏਕਨਾਥ ਖੜਸੇ ਨੇ ਕਿਹਾ ਕਿ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਕੀ ਪੁਲਸ ਦੀ ਇਸ ਕਾਰਵਾਈ ਪਿੱਛੇ ਕੋਈ ਸਿਆਸੀ ਮੰਤਵ ਤਾਂ ਨਹੀਂ ਸੀ। ਰੋਹਿਨੀ ਖੜਸੇ ਸ਼ਰਦ ਪਵਾਰ ਦੀ ਪਾਰਟੀ ਐੱਨ ਸੀ ਪੀ (ਐੱਸ ਪੀ) ਦੀ ਮਹਿਲਾ ਵਿੰਗ ਦੀ ਸੂਬਾਈ ਪ੍ਰਧਾਨ ਹੈ।

## ਕਾਰ ਦੀ ਟੱਕਰ ਨਾਲ ਬੱਚੀ ਦੀ ਮੌਤ

**ਨੋਇਡਾ** : ਇੱਥੇ ਸੈਕਟਰ-30 ਥਾਣਾ ਖੇਤਰ ਵਿੱਚ ਸ਼ਨੀਵਾਰ ਬੀ ਐੱਮ ਡਬਲਿਊ ਕਾਰ ਸਕੂਟਰੀ 'ਚ ਵੱਜਣ ਕਾਰਨ 5 ਸਾਲਾ ਬੱਚੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਸਕੂਟਰੀ ਸਵਾਰ 2 ਨੌਜਵਾਨ ਗੰਭੀਰ ਜ਼ਖਮੀ ਹੋ ਗਏ। ਪੁਲਸ ਨੇ ਦੋਹਾਂ ਕਾਰ ਸਵਾਰਾਂ ਅਭਿਸ਼ੇਕ ਅਤੇ ਯਸ਼ ਨੂੰ ਫੜ ਕੇ ਕਾਰ ਜ਼ਬਤ ਕਰ ਲਈ ਹੈ। ਗੁਲ ਮੁਹੰਮਦ ਬਿਮਾਰ ਬੇਟੀ ਨੂੰ ਇੱਕ ਹੋਰ ਨੌਜਵਾਨ ਰਾਜਾ ਨਾਲ ਚਾਈਲਡ ਪੀ ਜੀ ਆਈ ਹਸਪਤਾਲ ਲੈ ਕੇ ਜਾ ਰਿਹਾ ਸੀ ਕਿ ਪਿੱਛੋਂ ਕਾਰ ਨੇ ਟੱਕਰ ਮਾਰ ਦਿੱਤੀ।

## ਅਮਰੀਕਾ 'ਚ ਵੱਡਾ ਜਹਾਜ਼ ਹਾਦਸਾ ਟਲਿਆ

**ਡੈਨਵਰ** : ਅਮਰੀਕਾ ਦੇ ਡੈਨਵਰ ਕੌਮਾਂਤਰੀ ਹਵਾਈ ਅੱਡੇ ਉੱਤੇ ਵੱਡਾ ਜਹਾਜ਼ ਹਾਦਸਾ ਟਲ ਗਿਆ ਜਦੋਂ ਅਮਰੀਕੀ ਏਅਰਲਾਈਨਜ਼ ਦੀ ਉਡਾਣ 3023 ਦੇ ਲੈਂਡਿੰਗ ਗੇਅਰ ਵਿੱਚ ਅਚਾਨਕ ਤਕਨੀਕੀ ਖਰਾਬੀ ਆ ਗਈ। ਇਸ ਜਹਾਜ਼ ਨੇ ਡੈਨਵਰ ਤੋਂ ਮਿਆਮੀ ਲਈ ਉਡਾਣ ਭਰਨੀ ਸੀ, ਪਰ ਟੇਕਆਫ ਤੋਂ ਠੀਕ ਪਹਿਲਾਂ ਉਸ ਦੇ ਪਹੀਆਂ ਵਿਚ ਅੱਗ ਲੱਗ ਗਈ। ਬੋਇੰਗ 737 ਮੈਕਸ 8 ਜਹਾਜ਼ ਵਿੱਚ ਸਵਾਰ 173 ਯਾਤਰੀਆਂ ਤੇ ਅਮਲੇ ਦੇ 6 ਮੈਂਬਰਾਂ ਨੂੰ ਫੌਰੀ ਐਮਰਜੈਂਸੀ ਸਲਾਈਡ ਜ਼ਰੀਏ ਬਾਹਰ ਕੱਢਿਆ ਗਿਆ। ਘਟਨਾ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ, ਜਿਸ ਵਿਚ ਧੂੰਏਂ ਤੇ ਅੱਗ ਵਿਚਾਲੇ ਯਾਤਰੀਆਂ ਨੂੰ ਘਬਰਾਹਟ ਵਿੱਚ ਜਹਾਜ਼ 'ਚੋਂ ਭੱਜਦੇ ਦੇਖਿਆ ਜਾ ਸਕਦਾ ਹੈ। ਅਹਿਮਦਾਬਾਦ ਵਿੱਚ ਇਸੇ ਕੰਪਨੀ ਦਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋਇਆ ਸੀ।

# ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਜ਼ਬਰਦਸਤ ਧਰਨਾ

**ਅੰਮ੍ਰਿਤਸਰ** : ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਅਧਾਰਤ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ 24) ਪਾਵਰਕਾਮ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਪਾਵਰਕਾਮ ਅਤੇ ਟ੍ਰਾਂਸਕੋ ਦੇ ਸੂਬਾ ਪੱਧਰੀ ਸੱਦੇ 'ਤੇ ਐਤਵਾਰ ਹਜ਼ਾਰਾਂ ਦੀ ਗਿਣਤੀ ਵਿੱਚ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਬਿਜਲੀ ਮੰਤਰੀ ਦੀ ਰਿਹਾਇਸ਼ ਨਿਊ ਅੰਮ੍ਰਿਤਸਰ ਵਿਖੇ ਮੁਲਾਜ਼ਮ ਆਗੂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਅਗਵਾਈ ਹੇਠ ਵਿਸ਼ਾਲ ਰੋਸ ਧਰਨਾ ਲਗਾ ਕੇ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੁੱਧ ਰੰਗ ਬਰੰਗੇ ਝੰਡਿਆਂ ਦੀ ਅਗਵਾਈ ਹੇਠ ਰੋਸ ਮਾਰਚ ਕੀਤਾ।ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ 2 ਜੂਨ ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਪੀ ਐਸ ਪੀ ਸੀ ਐਲ ਗੈਸਟ ਹਾਊਸ ਮੁਹਾਲੀ ਵਿਖੇ ਪਾਵਰ ਮੈਨੇਜਮੈਂਟ ਨਾਲ ਜਥੇਬੰਦੀਆਂ ਦੀ ਹੋਈ ਮੀਟਿੰਗ ਸਮੇਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜੋ ਮੰਗਾਂ ਮੰਨੀਆਂ ਗਈਆਂ ਸਨ, ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।ਜਿਸ ਦੇ ਰੋਸ ਵਜੋਂ ਪੰਜਾਬ ਦੇ ਕੋਨੇ ਕੋਨੇ ਤੋਂ ਕੜਾਕੇ ਦੀ ਗਰਮੀ ਦੇ ਮੌਸਮ ਵਿੱਚ ਪਹੁੰਚੇ ਮੁਲਾਜ਼ਮ ਅਤੇ ਪੈਨਸ਼ਨਰ ਪਾਵਰ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਵੱਲੋਂ ਕੀਤੀ ਗਈ ਵਾਅਦਾ ਖਿਲਾਫ਼ੀ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨ ਲਈ ਮੰਤਰੀ ਦੀ ਰਿਹਾਇਸ਼ 'ਤੇ ਰੋਹ ਦਾ ਪ੍ਰਗਟਾਵਾ ਕਰਨ ਵਹੀਰਾਂ ਘੱਤ ਕੇ ਪਹੁੰਚੇ ਹਨ।ਬੁਲਾਰਿਆਂ ਨੇ ਕਿਹਾ ਕਿ ਮੀਟਿੰਗ ਵਿੱਚ ਕਾਫੀ ਮੰਗਾਂ 'ਤੇ ਸਹਿਮਤੀਆਂ ਬਣੀਆਂ ਸਨ, ਜਿਨ੍ਹਾਂ ਨੂੰ ਲਾਗੂ ਕਰਨ ਲਈ ਪਾਵਰ ਮੈਨੇਜਮੈਂਟ ਨੇ 10 ਦਿਨ ਦਾ ਸਮਾਂ ਤੈਅ ਕੀਤਾ ਸੀ ਪਰ ਲਗਭਗ 2 ਮਹੀਨੇ ਬੀਤ ਜਾਣ ਦੇ ਬਾਵਜੂਦ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ।ਆਗੂਆਂ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ

• ਬਾਕੀ ਸਫਾ 2 'ਤੇ



## ਟੀ ਸੀ ਐੱਸ 12 ਹਜ਼ਾਰ ਪੇਸ਼ੇਵਰਾਂ ਨੂੰ ਛਾਂਗੇਗੀ

**ਮੁੰਬਈ** : ਆਈ ਟੀ ਸੇਵਾਵਾਂ ਮੁਹੱਈਆ ਕਰਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਟਾਟਾ ਕੰਸਲਟੈਂਸੀ ਸਰਵਸਿਜ਼ (ਟੀ ਸੀ ਐੱਸ) 2026 ਦੇ ਮਾਲੀ ਸਾਲ ਵਿੱਚ ਆਪਣੇ ਮੁਲਾਜ਼ਮਾਂ ਦੀ ਗਿਣਤੀ ਦੋ ਫੀਸਦੀ ਘਟਾਏਗੀ। ਖਬਰ ਏਜੰਸੀ ਰਾਇਟਰਜ਼ ਨੇ ਕੰਪਨੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਇਹ ਛਾਂਗਾ ਮੁੱਖ ਤੌਰ 'ਤੇ ਦਰਮਿਆਨੀ ਤੇ ਸੀਨੀਅਰ ਮੈਨੇਜਮੈਂਟ ਨੂੰ ਲੱਗੇਗਾ। ਕੰਪਨੀ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਤੇ ਨਵੀਂ ਟੈਕਨਾਲੋਜੀ 'ਤੇ ਪੈਸੇ ਖਰਚ ਰਹੀ ਹੈ ਤੇ ਇਸਦੇ ਨਤੀਜੇ ਵਜੋਂ ਲਗਪਗ 12200 ਨੌਕਰੀਆਂ ਖਤਮ ਹੋ ਜਾਣਗੀਆਂ।

ਟੀ ਸੀ ਐੱਸ ਨੇ 600 ਤੋਂ ਵੱਧ ਉਨ੍ਹਾਂ ਪੇਸ਼ੇਵਰਾਂ ਨੂੰ ਆਪਣੇ ਵਿੱਚ ਸਮੋਣ ਦੀ ਪ੍ਰਕਿਰਿਆ ਵੀ ਟਾਲ ਦਿੱਤੀ ਹੈ, ਜਿਹੜੇ ਹੋਰ ਕੰਪਨੀਆਂ ਛੱਡ ਕੇ ਇਸ ਵਿੱਚ ਸ਼ਾਮਲ ਹੋਣ ਵਾਲੇ ਸਨ। ਟੀ ਸੀ ਐੱਸ ਦੇ ਇਸ ਫੈਸਲੇ ਨੇ ਆਈ ਟੀ ਇੰਡਸਟਰੀ ਵਿੱਚ ਜ਼ਬਰਦਸਤ ਚਿੰਤਾ ਪੈਦਾ ਕਰ ਦਿੱਤੀ ਹੈ। ਜਿਹੜੇ ਪੇਸ਼ੇਵਰ ਹੋਰ ਕੰਪਨੀਆਂ ਛੱਡ ਕੇ ਟੀ ਸੀ ਐੱਸ ਵਿੱਚ ਗਏ ਸਨ, ਉਹ ਭਾਰੀ ਮਾਲੀ ਦਬਾਅ ਦਾ ਸਾਹਮਣਾ ਕਰ ਰਹੇ ਹਨ। ਨੇਸੈਂਟ ਇਨਫਰਮੇਸ਼ਨ ਟੈਕਨਾਲੋਜੀ ਇੰਪਲਾਈਜ਼ ਸੈਨੇਟ (ਨਾਈਟਸ) ਨੇ ਕੇਂਦਰੀ ਕਿਰਤ ਮੰਤਰੀ ਮਨਸੁਖ ਮਾਂਡਵੀਆ ਨੂੰ ਪੱਤਰ ਲਿਖ ਕੇ ਦਖਲ ਦੀ ਮੰਗ ਕੀਤੀ ਹੈ। ਉਸਨੇ ਕਿਹਾ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਆਈ ਟੀ ਫਰਮ ਭਰੋਸੇ ਦੀ ਮੁਜਰਮਾਨਾ ਉਲੰਘਣਾ ਕਰ ਰਹੀ ਹੈ।

## ਸੁਦਰਸ਼ਨ ਜੱਗਾ ਵੱਲੋਂ 40 ਹਜ਼ਾਰ ਰੁਪਏ ਦਾ ਯੋਗਦਾਨ



**ਬਠਿੰਡਾ** : ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਮਲੋਟ ਦੇ ਸਕੱਤਰ ਸਾਥੀ ਸੁਦਰਸ਼ਨ ਜੱਗਾ ਨੇ ਆਪਣੀ ਪੈਨਸ਼ਨ ਵਿੱਚੋਂ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ 40000 ਰੁਪਏ ਦਾ ਚੈੱਕ ਬਠਿੰਡਾ ਵਿਖੇ ਸਾਥੀ ਹਰਦੇਵ ਅਰਸ਼ੀ ਨੂੰ ਭੇਟ ਕੀਤਾ।ਸਾਥੀ ਜੱਗਾ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਮੈਂਬਰਸ਼ਿਪ ਦੇ ਅਧਾਰ 'ਤੇ ਫੰਡ ਕੋਟਾ ਵੀ ਅਗਲੇ ਹਫਤੇ ਤੱਕ ਪੂਰਾ ਕਰ ਦਿੱਤਾ ਜਾਵੇਗਾ ਤੇ ਰੈਲੀ ਵਿੱਚ ਵਧ-ਚੜ੍ਹ ਕੇ ਸਾਥੀ ਸ਼ਾਮਲ ਹੋਣਗੇ।

## ਕਕਾਰਧਾਰੀ ਬੀਬੀ ਨੂੰ ਪੇਪਰ ਦੇਣੋਂ ਰੋਕਣਾ ਨਫਰਤੀ ਵਿਤਕਰਾ : ਜਥੇਦਾਰ ਗੜਗੱਜ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੈਪੁਰ ਵਿੱਚ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਦੀ ਭਰਤੀ ਦਾ ਇਮਤਿਹਾਨ ਦੇਣ ਗਈ ਅੰਮ੍ਰਿਤਧਾਰੀ ਉਮੀਦਵਾਰ ਗੁਰਪ੍ਰੀਤ ਕੌਰ ਨੂੰ ਕਿਰਪਾਨ ਪਾਉਣ ਕਰਕੇ ਦਾਖਲਾ ਨਾ ਦੇਣ ਨੂੰ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਨਫਰਤੀ ਵਿਤਕਰਾ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵੱਲੋਂ ਇਹ ਮਾਮਲਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਕੋਲ ਵੀ ਰੱਖਿਆ ਗਿਆ ਹੈ।

ਜਥੇਦਾਰ ਨੇ ਰਾਜਸਥਾਨ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਸਵਾਲ ਕੀਤਾ ਕਿ ਆਪਣੇ ਆਪ ਨੂੰ ਸਿੱਖ ਹਿਤੈਸ਼ੀ ਦੱਸਣ ਵਾਲੀ ਭਾਜਪਾ ਦੱਸੇ ਕਿ ਉਹ ਕਿਵੇਂ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੁਨੀਆ ਅੰਦਰ ਕਿਸ ਨੂੰ ਨਹੀਂ ਪਤਾ ਕਿ ਅੰਮ੍ਰਿਤਧਾਰੀ ਸਿੱਖ ਕਕਾਰ ਵਜੋਂ ਕਿਰਪਾਨ ਪਾਉਂਦੇ ਹਨ ਪਰ ਦੇਸ਼ ਅੰਦਰ ਵਾਰ-ਵਾਰ ਸਿੱਖਾਂ ਨੂੰ ਉਨ੍ਹਾਂ ਦੀ ਵੱਖਰੀ ਪਛਾਣ ਅਤੇ ਧਾਰਮਿਕ ਅਕੀਦਿਆਂ ਕਾਰਨ ਜਾਣਬੁੱਝ ਕੇ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਤਾਜ਼ਾ ਮਾਮਲੇ ਅਤੇ ਪਿਛਲੇ ਮਾਮਲਿਆਂ ਨੂੰ ਲੈ ਕੇ ਤੁਰੰਤ ਹੀ ਇੱਕ ਉੱਚ ਪੱਧਰੀ ਸਾਂਝਾ ਵਫਦ ਤਿਆਰ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਹਾਈ ਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰਕੇ ਇਸ ਵਿਤਕਰੇ ਦੇ ਵਿਰੁੱਧ ਸਖਤ ਇਤਰਾਜ਼ ਦਰਜ ਕਰਵਾ ਕੇ ਇਸ ਨੂੰ ਹਮੇਸ਼ਾ ਲਈ ਠੱਲ੍ਹਿਆ ਜਾਵੇ। ਉੱਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਤੇ ਸਖਤ ਨੋਟਿਸ ਲੈਂਦਿਆਂ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ।

## ਮੰਦਰ 'ਚ ਭਗਦੜ, 6 ਮੌਤਾਂ



**ਹਰਿਦੁਆਰ** : ਇੱਥੋਂ ਦੇ ਮਨਸਾ ਦੇਵੀ ਮੰਦਰ ਵਿੱਚ ਐਤਵਾਰ ਸਵੇਰੇ ਮਚੀ ਭਗਦੜ ਵਿੱਚ 6 ਲੋਕਾਂ ਦੀ ਮੌਤ ਹੋ ਗਈ, ਜਦੋਂਕਿ ਤਿੰਨ ਦਰਜਨ ਦੇ ਕਰੀਬ ਲੋਕ ਜ਼ਖਮੀ ਹੋ ਗਏ। ਹਰਿਦੁਆਰ ਦੇ ਐੱਸ ਐੱਸ ਪੀ ਪ੍ਰਮੇਂਦਰ ਡੋਬਾਲ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਵਿੱਚ ਸਾਹਮਣੇ ਆਇਆ ਹੈ ਕਿ ਕਰੰਟ ਫੈਲਣ ਦੀ ਅਫਵਾਹ ਕਰਕੇ ਭਗਦੜ ਮਚੀ। ਇਹ ਘਟਨਾ ਮਨਸਾ ਦੇਵੀ ਮੰਦਰ ਦੇ ਪੌੜੀਆਂ ਵਾਲੇ ਰਸਤੇ ਉੱਤੇ ਸਵੇਰੇ ਕਰੀਬ ਸਾਢੇ ਨੌਂ ਵਜੇ ਵਾਪਰੀ।

## ਅੱਜ-ਨਾਮਾ

ਮਹਾਰਾਸ਼ਟਰ ਦੀ ਡਾਢੀ ਹੈ ਖਬਰ ਆਈ,
ਜਿਹੜੀ ਖਬਰ ਆ ਬਹੁਤ ਕਮਾਲ ਮੀਆਂ।
ਗਰਾਂਟਾਂ ਲੈਂਦੇ ਸਰਕਾਰਾਂ ਤੋਂ ਲੋਕ ਜਿਹੜੇ,
ਗਈ ਹੈ ਉਨ੍ਹਾਂ ਦੀ ਕਰੀ ਪੜਤਾਲ ਮੀਆਂ।
ਘਾਲੇ-ਮਾਲੇ ਹਨ ਲੱਭ ਰਹੇ ਬਹੁਤ ਥਾਂਈਂ,
ਉੱਠ ਪਿਆ ਏਥੇ ਹੈ ਨਵਾਂ ਸਵਾਲ ਮੀਆਂ।
ਗਰਾਂਟ ਲੜਕੀਆਂ ਦੀ ਮਰਦ ਜਾਣ ਖਿੱਚੀ,
ਯਾਰਾਨਾ ਅਫਸਰਾਂ ਦਾ ਚੋਰਾਂ ਨਾਲ ਮੀਆਂ।
ਜਿਨ੍ਹਾਂ ਧੀਆਂ ਲਈ ਬਣੀ ਸਕੀਮ ਇਹ ਸੀ,
ਉਨ੍ਹਾਂ ਤੱਕ ਨਾ ਅਸਲ ਵਿੱਚ ਆਈ ਮੀਆਂ।
ਠੂੰਗੇ ਮਾਰ ਗਏ ਜਿਨ੍ਹਾਂ ਨੂੰ ਦਾਅ ਆਉਂਦੇ,
ਮੁੜ-ਮੁੜ ਜਾਂਵਦੀ ਖੇਡ ਦੁਹਰਾਈ ਮੀਆਂ।

-ਤੀਸ ਮਾਰ ਖਾਂ

# ਦ੍ਰਿੜ੍ਹ ਪ੍ਰਗਤੀਸ਼ੀਲ ਆਵਾਜ਼ ਸਨ ਸੁਮਿਤ ਚੱਕਰਵਰਤੀ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**
ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਉੱਘੇ ਪੱਤਰਕਾਰ ਅਤੇ ਦ੍ਰਿੜ੍ਹ ਪ੍ਰਗਤੀਸ਼ੀਲ ਆਵਾਜ਼ ਕਾਮਰੇਡ ਸੁਮਿਤ ਚੱਕਰਵਰਤੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।



ਸੁਮਿਤ ਚੱਕਰਵਰਤੀ ਇੱਕ ਪ੍ਰਸਿੱਧ ਪੱਤਰਕਾਰ ਅਤੇ ਇੱਕ ਵਚਨਬੱਧ ਬੁੱਧੀਜੀਵੀ ਸਨ, ਜਿਨ੍ਹਾ ਨੇ ਆਪਣੀ ਸਾਰੀ ਜ਼ਿੰਦਗੀ ਸੱਚਾਈ, ਨਿਆਂ ਅਤੇ ਧਰਮ ਨਿਰਪੱਖਤਾ ਦੀਆਂ ਉੱਚਤਮ ਕਦਰਾਂ-ਕੀਮਤਾਂ ਨੂੰ ਕਾਇਮ ਰੱਖਿਆ। ਮੇਨਸਟ੍ਰੀਮ ਵੀਕਲੀ ਦੇ ਸੰਪਾਦਕ ਹੋਣ ਦੇ ਨਾਤੇ ਉਨ੍ਹਾ ਨੇ ਸਿਧਾਂਤਕ ਪੱਤਰਕਾਰੀ ਦੀ ਵਿਰਾਸਤ ਨੂੰ ਅੱਗੇ ਵਧਾਇਆ, ਕਦੇ ਵੀ ਸੰਪਾਦਕੀ ਇਮਾਨਦਾਰੀ ਜਾਂ ਲੋਕਤੰਤਰੀ ਆਦਰਸ਼ਾਂ ਨਾਲ ਸਮਝੌਤਾ ਨਹੀਂ ਕੀਤਾ। ਉਨ੍ਹਾ ਦੀ ਤਿੱਖੀ ਸੂਝ ਅਤੇ ਭਾਰਤ ਦੇ ਪ੍ਰਗਤੀਸ਼ੀਲ ਤੇ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨੇ ਉਨ੍ਹਾਂ ਨੂੰ ਰਾਜਨੀਤਿਕ ਅਤੇ ਪੱਤਰਕਾਰੀ ਹਲਕਿਆਂ ਵਿੱਚ ਇੱਕ ਸਤਿਕਾਰਯੋਗ ਆਵਾਜ਼ ਬਣਾਇਆ।ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਨੇੜਲਾ ਸੰਬੰਧ ਬਣਾਈ ਰੱਖਿਆ ਅਤੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਪ੍ਰਗਤੀਸ਼ੀਲ ਅਤੇ ਲੋਕਤੰਤਰੀ ਅੰਦੋਲਨ ਨਾਲ ਡੂੰਘਾਈ ਨਾਲ ਜੁੜੇ ਰਹੇ।

ਭਾਰਤ ਦੇ ਖੱਬੇ-ਪੱਖੀ ਅਤੇ ਪੱਤਰਕਾਰੀ ਵਿਰਾਸਤ ਦੀਆਂ ਦੋ ਵੱਡੀਆਂ ਹਸਤੀਆਂ-ਸੀ ਪੀ ਆਈ ਨੇਤਾ ਅਤੇ ਸਾਬਕਾ ਸੰਸਦ ਮੈਂਬਰ ਰੇਣੂ ਚੱਕਰਵਰਤੀ ਅਤੇ ਪ੍ਰਸਿੱਧ ਪੱਤਰਕਾਰ ਨਿਖਿਲ ਚੱਕਰਵਰਤੀ, ਮੇਨਸਟ੍ਰੀਮ ਵੀਕਲੀ ਦੇ ਸੰਸਥਾਪਕ ਦੇ ਘਰ ਜਨਮੇ ਸੁਮਿਤ ਨੇ ਉਨ੍ਹਾਂ ਦੀ ਵਿਰਾਸਤ ਨੂੰ ਮਾਣ ਅਤੇ ਦ੍ਰਿੜ੍ਹ ਇਰਾਦੇ ਨਾਲ ਬਰਕਰਾਰ ਰੱਖਿਆ ਅਤੇ ਅਮੀਰ ਬਣਾਇਆ।

ਉਹ ਆਪਣੇ ਪਿੱਛੇ ਆਪਣੀ ਪਤਨੀ, ਡਾ. ਗਾਰਗੀ ਚੱਕਰਵਰਤੀ, ਪ੍ਰਸਿੱਧ ਅਕਾਦਮਿਕ ਅਤੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ ਦੀ ਨੇਤਾ ਅਤੇ ਇੱਕ ਪੁੱਤਰ ਛੱਡ ਗਏ ਹਨ।

ਸੀ ਪੀ ਆਈ ਨੇ ਕਾਮਰੇਡ ਸੁਮਿਤ ਚੱਕਰਵਰਤੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਘਾਟ ਉਨ੍ਹਾਂ ਸਾਰਿਆਂ ਦੁਆਰਾ ਡੂੰਘੀ ਮਹਿਸੂਸ ਕੀਤੀ ਜਾਵੇਗੀ, ਜੋ ਨਿਡਰ ਪੱਤਰਕਾਰੀ ਅਤੇ ਪ੍ਰਗਤੀਸ਼ੀਲ ਤਬਦੀਲੀ ਦੇ ਕਾਰਨ ਦੀ ਕਦਰ ਕਰਦੇ ਹਨ। ਪਾਰਟੀ ਨੇ ਡਾ. ਗਾਰਗੀ ਚੱਕਰਵਰਤੀ ਅਤੇ ਸੋਗਗ੍ਰਸਤ ਪਰਵਾਰ ਪ੍ਰਤੀ ਦਿਲੀ ਸੰਵੇਦਨਾ ਪ੍ਰਗਟ ਕੀਤੀ ਹੈ।

## ਪਾਠ ਦਾ ਭੋਗ

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥*
*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥*



ਆਪ ਜੀ ਨੂੰ ਸੂਚਿਤ ਕਰਦੇ ਹਾਂ ਕਿ ਸਾਡੇ ਸਤਿਕਾਰਯੋਗ ਬਾਪੂ
**ਸ੍ਰ. ਸੇਵਾ ਸਿੰਘ ਛਾਪਾ**
ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਸਨ।ਉਨ੍ਹਾ ਨਮਿਤ
**ਪਾਠ ਦਾ ਭੋਗ ਤੇ ਅੰਤਿਮ ਅਰਦਾਸ**
ਮਿਤੀ 29 ਜੁਲਾਈ 2025, ਦਿਨ ਮੰਗਲਵਾਰ ਨੂੰ 1 ਵਜੇ ਗੁਰਦੁਆਰਾ ਡੇਰਾ ਸਮਾਧਾਂ ਸੋਢਾ ਪੱਤੀ ਪਿੰਡ ਛਾਪਾ (ਬਰਨਾਲਾ) ਵਿਖੇ ਹੋਵੇਗੀ। ਸੋ ਆਪ ਸਭ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਭਾਣੇ ਵਿੱਚ**
ਸ੍ਰ. ਲਾਭ ਸਿੰਘ-ਪਰਮਜੀਤ ਕੌਰ (ਪੁੱਤਰ-ਨੂੰਹ), ਚਮਕੌਰ ਸਿੰਘ-ਨਿਰਮਲ ਕੌਰ (ਪੁੱਤਰ-ਨੂੰਹ)
ਸਰਪੰਚ ਗੁਰਦੀਪ ਸਿੰਘ ਬਾਬਾ-ਸੁਖਦੀਪ ਕੌਰ (ਪੋਤਰਾ-ਪੋਤ ਨੂੰਹ),
ਗਗਨਦੀਪ ਸਿੰਘ-ਮਨਪ੍ਰੀਤ ਕੌਰ (ਪੋਤਰਾ-ਪੋਤ ਨੂੰਹ), ਗੁਰਚਰਨ ਸਿੰਘ-ਗੁਰਪ੍ਰੀਤ ਕੌਰ (ਪੋਤਰਾ-ਪੋਤ ਨੂੰਹ), ਹਰਜੀਤ ਕੌਰ-ਗੁਰਪਿਆਰ ਸਿੰਘ (ਪੋਤਰੀ-ਪੋਤ ਜਵਾਈ),
ਸੁਖਦੇਵ ਸਿੰਘ, ਏਕਮਜੋਤ ਸਿੰਘ (ਪੜਪੋਤਰੇ), ਨਵਦੀਪ ਕੌਰ, ਗੁਰਜਾਪ ਕੌਰ (ਪੜਪੋਤਰੀਆਂ),
ਜਸਨੂਰ ਸਿੰਘ (ਦੋਹਤਰਾ) ਸਮੂਹ ਪਰਿਵਾਰ, ਰਿਸ਼ਤੇਦਾਰ, ਸਾਕ ਸੰਬੰਧੀ।

ਵੱਲੋਂ : ਸਰਪੰਚ ਗੁਰਦੀਪ ਸਿੰਘ ਬਾਬਾ, ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਛਾਪਾ (ਬਰਨਾਲਾ)
**ਮੋਬਾਈਲ : 62806-61448, 98151-40989**
ਨੋਟ : ਵੱਖਰੇ ਕਾਰਡ ਨਹੀਂ ਭੇਜੇ ਜਾ ਰਹੇ

## ਨਿਹਾਲ ਸਿੰਘ ਵਾਲਾ 'ਚ ਡਾ. ਅੰਬੇਡਕਰ ਦਾ ਬੁੱਤ ਲਗਾਉਣ ਦੀ ਮੰਗ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਕਸਬਾ ਨਿਹਾਲ ਸਿੰਘ ਵਾਲਾ ਵਿਖੇ ਕਿਸੇ ਸੁੰਦਰ ਤੇ ਉਚਿਤ ਜਗ੍ਹਾ 'ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਗਰੀਬਾਂ, ਔਰਤਾਂ, ਮਿਹਨਤਕਸ਼ ਲੋਕਾਂ ਦੇ ਮੁਕਤੀ-ਦਾਤਾ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਲਗਾਉਣ ਦੀ ਸਥਾਨਕ ਲੋਕਾਂ ਦੀ ਮੰਗ ਜ਼ੋਰ ਫੜ ਰਹੀ ਹੈ।ਇਸ ਸੰਬੰਧੀ ਰਾਸ਼ਟਰੀ ਪਿੱਛੜਾ ਵਰਗ ਮੋਰਚਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਗੁਰਪ੍ਰਤਾਪ ਸਿੰਘ ਦੀਪ ਹਸਪਤਾਲ ਵਾਲਿਆਂ ਦੀ ਅਗਵਾਈ ਵਿੱਚ ਇੱਕ ਵਫਦ ਨਗਰ ਕੌਂਸਲ ਦੇ ਪ੍ਰਧਾਨ ਸ੍ਰ: ਜਗਦੀਪ ਸਿੰਘ ਗਟਰਾ ਨੂੰ ਮਿਲਿਆ ਤੇ ਵਿੱਧੀਬੱਧ ਰੂਪ ਵਿੱਚ ਇੱਕ ਮੰਗ ਪੱਤਰ ਦੇ ਕੇ ਇਹ ਮੰਗ ਉਠਾਈ।ਵਫਦ ਵਿੱਚ ਡਾ. ਸਤਨਾਮ ਸਿੰਘ ਮਾਛੀਕੇ, ਹਰਪ੍ਰੀਤ ਸਿੰਘ, ਰਣਜੋਤ ਸਿੰਘ, ਜਰਨੈਲ ਸਿੰਘ ਸ਼ਾਮਲ ਸਨ।ਡਾਕਟਰ ਹਰਗੁਰਪ੍ਰਤਾਪ ਸਿੰਘ ਨੇ ਇਸ ਮੌਕੇ ਹਲਕਾ ਨਿਹਾਲ ਸਿੰਘ ਵਾਲਾ ਦੇ ਸਮੂਹ ਚੇਤਨ ਲੋਕਾਂ ਨੂੰ ਅਪੀਲ ਕੀਤੀ ਕਿ ਸਮੁੱਚੇ ਹਲਕੇ ਵਿੱਚ ਹੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਲਗਾਏ ਜਾਣ।ਡਾ. ਅੰਬੇਡਕਰ ਦੇ ਨਾਮ 'ਤੇ ਲਾਇਬ੍ਰੇਰੀਆਂ ਦਾ ਨਿਰਮਾਣ ਕੀਤਾ ਜਾਵੇ ਤੇ ਗਰੀਬ ਬੱਚਿਆਂ ਦੇ ਪੜ੍ਹਨ ਲਈ ਰੀਡਿੰਗ ਰੂਮ ਬਣਾਏ ਜਾਣ।ਇਸ ਮੌਕੇ ਉਨ੍ਹਾਂ ਸਮੂਹ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਦੇ ਨਾਗਰਿਕਾਂ ਨੂੰ ਨਾਲ ਲੈ ਕੇ ਇਕ ਜਾਗ੍ਰਿਤੀ ਮੁਹਿੰਮ ਚਲਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

## ਕੰਨਿਆ ਸਕੂਲ ਵਿਖੇ ਕਾਰਗਿਲ ਵਿਜੇ ਦਿਵਸ ਮਨਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਗਿੱਦੜਬਾਹਾ ਵਿਖੇ ਪ੍ਰਿੰਸੀਪਲ ਸਤਵਿੰਦਰ ਸਿੰਘ ਦੀ ਅਗਵਾਈ ਵਿੱਚ ਕਾਰਗਿਲ ਵਿਜੇ ਦਿਵਸ ਮਨਾਇਆ ਗਿਆ।ਇਸ ਮੌਕੇ ਕਾਰਗਿਲ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਉਨ੍ਹਾਂ ਦੀ ਯਾਦ ਵਿੱਚ ਐੱਨਸੀਸੀ ਕੈਡਿਟਾਂ ਵਿੱਚ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ।ਇਸ ਮੌਕੇ ਪ੍ਰਿੰਸੀਪਲ ਸਤਵਿੰਦਰ ਸਿੰਘ ਨੇ ਕਾਰਗਿਲ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਜੰਗ ਵਿੱਚ ਭਾਰਤ ਦੇ ਕਰੀਬ 537 ਫੌਜੀ ਸ਼ਹੀਦ ਹੋਏ ਸਨ।ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੇ ਜਜ਼ਬੇ ਤੇ ਬਹਾਦਰੀ ਨੂੰ ਅਸੀਂ ਸਲਾਮ ਕਰਦੇ ਹਾਂ ਕਿ ਸਾਡੇ ਜਵਾਨ ਦੇਸ਼ ਦੀਆਂ ਸਰਹੱਦਾਂ 'ਤੇ ਦੇਸ਼ ਵਾਸੀਆਂ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਹਨ।ਇਸ ਮੌਕੇ ਲੈਕਚਰਾਰ ਗੁਰਜੀਤ ਕੌਰ, ਸੀਟੀਓ ਪ੍ਰਿਅੰਕਾ, ਤਰਸੇਮ ਸਿੰਘ ਡੀ ਪੀ ਈ, ਸੁਖਵਿੰਦਰ ਸਿੰਘ ਪੀ ਟੀ ਆਈ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਏ ਐੱਸ ਮੈਨੇਜਮੈਂਟ ਸੁਸਾਇਟੀ ਚੋਣਾਂ 'ਚ ਭਾਜਪਾ ਪੈਨਲ ਦੀ ਫਤਿਹ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਖੰਨਾ ਸ਼ਹਿਰ ਦੀ 113 ਸਾਲ ਪੁਰਾਣੀ ਏ. ਐੱਸ. ਹਾਈ ਸਕੂਲ ਖੰਨਾ ਟਰੱਸਟ ਐਂਡ ਮੈਨੇਜਮੈਂਟ ਸੋਸਾਇਟੀ ਦੀ ਚੋਣ 'ਚ ਭਾਜਪਾ ਪੱਖੀ ਪੈਨਲ ਨੇ ਇੱਕ ਵਾਰ ਫਿਰ ਸਪੱਸ਼ਟ ਬਹੁਮੱਤ ਨਾਲ ਜਿੱਤ ਦਰਜ ਕੀਤੀ।ਐਤਵਾਰ ਨੂੰ ਹੋਈ ਚੋਣ ਦੌਰਾਨ ਸੰਜੀਵ ਧਮੀਜਾ ਨੂੰ 20 ਵਿੱਚੋਂ 11 ਵੋਟਾਂ ਮਿਲੀਆਂ, ਜਿਸ ਕਾਰਨ ਉਸ ਨੂੰ ਸੋਸਾਇਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ।ਉਨ੍ਹਾਂ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਉਮੀਦਵਾਰ ਸ਼ਮਿੰਦਰ ਸਿੰਘ ਮਿੰਟੂ ਨੂੰ ਹਰਾਇਆ।ਸੰਜੀਵ ਧਮੀਜਾ ਲਗਾਤਾਰ ਅੱਠਵੀਂ ਵਾਰ ਜਿੱਤ ਹਾਸਲ ਕਰ ਚੁੱਕੇ ਹਨ ਤੇ ਇਤਿਹਾਸਕ ਸੋਸਾਇਟੀ ਵਿੱਚ ਕਈ ਅਹਿਮ ਅਹੁਦਿਆਂ 'ਤੇ ਰਹਿੰਦਿਆਂ ਆਪਣੀ ਭੂਮਿਕਾ ਨਿਭਾਅ ਚੁੱਕੇ ਹਨ।ਚੇਅਰਮੈਨ ਵਿਜੈ ਡਾਇਮੰਡ ਨੂੰ ਕਿਸੇ ਨੇ ਵੀ ਵੋਟ ਨਹੀਂ ਪਾਈ।ਇਸ ਵਾਰੀ ਕਾਂਗਰਸ ਪੈਨਲ ਛੱਡ ਕੇ ਭਾਜਪਾ ਨਾਲ ਜੁੜੇ ਐਡਵੋਕੇਟ ਨਵੀਨ ਥੰਮਣ ਨੂੰ ਉਪ-ਪ੍ਰਧਾਨ ਨਿਯੁਕਤ ਕੀਤਾ ਗਿਆ।ਪਿਛਲੇ ਸਾਲ ਵਾਂਗ ਹੀ ਆਮ ਆਦਮੀ ਪਾਰਟੀ ਦੇ ਪੈਨਲ ਦੀ ਇਕਲੌਤੀ ਜੇਤੂ ਮੈਂਬਰ ਕਵਿਤਾ ਗੁਪਤਾ ਨੇ ਭਾਜਪਾ ਪੈਨਲ ਨੂੰ ਵੋਟ ਦੇ ਕੇ ਉਨ੍ਹਾਂ ਦੀ ਜਿੱਤ ਨੂੰ ਫ਼ੈਸਲਾਕੁਨ ਬਣਾਇਆ।ਉਨ੍ਹਾਂ ਨੂੰ ਮੁੜ ਏ. ਐੱਸ. ਕਾਲਜ ਫਾਰ ਵੂਮੈਨ ਦਾ ਸਕੱਤਰ ਨਿਯੁਕਤ ਕੀਤਾ ਗਿਆ।ਬਾਕੀ ਅਹੁਦਿਆਂ ਲਈ ਵੀ ਵੋਟਿੰਗ ਹੋਈ, ਜਿਸ 'ਚ ਸਾਰੇ ਭਾਜਪਾ ਪੈਨਲ ਦੇ ਉਮੀਦਵਾਰ ਜਿੱਤੇ। ਰਾਜੇਸ਼ ਡਾਲੀ (ਭਾਜਪਾ) ਨੇ ਜਰਨਲ ਸਕੱਤਰ ਰਾਜੀਵ ਮਹਿਤਾ (ਕਾਂਗਰਸ) ਨੂੰ 11-8 ਨਾਲ ਹਰਾਇਆ। ਉਪ-ਪ੍ਰਧਾਨ ਨਵੀਨ ਥੰਮਣ ਨੂੰ ਵੀ 11 ਵੋਟ ਮਿਲੇ ਤੇ ਵਿਕਾਸ ਮਹਿਤਾ ਨੂੰ 8, ਜੁਆਇੰਟ ਸਕੱਤਰ ਜਿਤੇਂਦਰ ਦੇਵਗਨ ਨੇ ਸ਼ਾਲੂ ਕਾਲੀਆ ਨੂੰ 11-8 ਨਾਲ ਹਰਾਇਆ।

## ਗੁਰੂ ਨਾਨਕ ਮਾਡਲ ਸਕੂਲ ਵਿਖੇ ਪ੍ਰਦਰਸ਼ਨੀ ਲਗਾਈ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ ਪੀ. ਟੀ. ਐੱਮ. ਮੌਕੇ ਮਾਡਲ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਜਮਾਤ ਨਰਸਰੀ ਤੋਂ ਲੈ ਕੇ ਜਮਾਤ ਪੰਜਵੀਂ (ਜੂਨੀਅਰ ਵਿੰਗ) ਤੱਕ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਮਾਡਲ ਪੇਸ਼ ਕੀਤੇ ਗਏ।ਇਸ ਪ੍ਰਦਰਸ਼ਨੀ ਦਾ ਉਦੇਸ਼ ਵਿਦਿਆਰਥੀਆਂ ਦੇ ਹੁਨਰ ਨੂੰ ਉਜਾਗਰ ਕਰਨਾ ਤੇ ਉਨ੍ਹਾਂ ਦੀ ਸਿਰਜਣਾਤਮਕ ਕਲਾ ਨੂੰ ਨਿਖਾਰਨਾ ਸੀ।ਪ੍ਰਦਰਸ਼ਤ ਕੀਤੇ ਗਏ ਸਾਰੇ ਮਾਡਲ ਵਿਦਿਆਰਥੀਆਂ ਦੇ ਹੱਥੀਂ ਤਿਆਰ ਕੀਤੇ ਗਏ ਸਨ।ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਕਾਰਜਕਾਰੀ ਮਾਡਲਾਂ ਤੇ ਪ੍ਰਾਜੈਕਟਾਂ ਦੀ ਵਿਆਖਿਆ ਦਿੱਤੀ।ਮਾਪਿਆਂ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਖੂਬ ਸ਼ਲਾਘਾ ਕੀਤੀ, ਜਿਨ੍ਹਾਂ ਨੇ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਸ਼ਾਨਦਾਰ ਮਾਡਲ ਪੇਸ਼ ਕੀਤੇ।ਇਸ ਪ੍ਰਦਰਸ਼ਨੀ ਵਿੱਚ ਕੇ ਜੀ ਵਿੰਗ ਦੇ ਮਾਡਲ ਬਣਾਉਣ ਵਿੱਚ ਬੱਚਿਆਂ ਦੇ ਮਾਪਿਆਂ ਨੇ ਵੀ ਪੂਰਨ ਸਹਿਯੋਗ ਦਿੱਤਾ।ਸਕੂਲ ਪ੍ਰਿੰਸੀਪਲ ਡੀ. ਪੀ. ਠਾਕੁਰ ਨੇ ਕਿਹਾ ਕਿ ਅਜਿਹੀਆਂ ਪ੍ਰਦਰਸ਼ਨੀਆਂ ਜਿੱਥੇ ਬੱਚਿਆਂ ਨੂੰ ਕੁਝ ਨਵਾਂ ਸੋਚਣ ਲਈ ਪ੍ਰੇਰਿਤ ਕਰਦੀਆਂ ਹਨ, ਉੱਥੇ ਹੀ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਵੀ ਪੈਦਾ ਕਰਦੀਆਂ ਹਨ। ਪ੍ਰਿੰਸੀਪਲ ਨੇ ਇਸ ਪ੍ਰਦਰਸ਼ਨੀ ਦੀ ਤਿਆਰੀ ਵਿੱਚ ਲਗਨ ਤੇ ਮਿਹਨਤ ਨਾਲ ਕੰਮ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੀ ਪ੍ਰਸੰਸਾ ਕੀਤੀ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਤੇ ਸਾਰੇ ਕਮੇਟੀ ਮੈਂਬਰਾਂ ਨੇ ਇਸ ਪ੍ਰਦਰਸ਼ਨੀ ਲਈ ਕੀਤੀ ਅਣਥੱਕ ਮਿਹਨਤ ਲਈ ਪ੍ਰਸੰਸਾ ਕਰਦਿਆਂ, ਪ੍ਰਦਰਸ਼ਨੀ ਦੀ ਸਫ਼ਲਤਾ ਲਈ ਡਿਪਟੀ ਹੈੱਡ ਮਿਸਟਰੈੱਸ ਪੂਰਵੀ ਮਹਿਤਾ, ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਨੇੜਲੇ ਪਿੰਡ ਜਖੇਪਲ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਤੀਆਂ ਦਾ ਤਿਉਹਾਰ ਉਤਸ਼ਾਹ ਨਾਲ ਪ੍ਰਿੰਸੀਪਲ ਮਮਤਾ ਗੱਖੜ ਦੀ ਅਗਵਾਈ ਹੇਠ ਮਨਾਇਆ ਗਿਆ।ਇਸ ਮੌਕੇ ਤੀਜ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਦੇ ਆਂਗਣ ਨੂੰ ਪੰਜਾਬੀ ਵਿਰਸੇ ਫੁਲਕਾਰੀਆਂ, ਪੱਖੀਆਂ ਆਦਿ ਨਾਲ ਸਜਾਇਆ ਗਿਆ, ਜੋਕਿ ਪੰਜਾਬੀ ਵਿਰਸੇ ਦਾ ਦ੍ਰਿਸ਼ ਪੇਸ਼ ਕਰ ਰਿਹਾ ਸੀ।ਇਸ ਮੌਕੇ ਤੀਜ ਦੇ ਤਿਉਹਾਰ ਦੀ ਮਹੱਤਤਾ ਨੂੰ ਹੋਰ ਵਧਾਉਂਦਿਆਂ ਵਿਦਿਆਰਥਣਾਂ ਨੇ ਪੰਜਾਬੀ ਲਿਵਾਸ ਪਾ ਕੇ ਗਿੱਧਾ ਤੇ ਲੋਕਗੀਤਾਂ ਰਾਹੀਂ ਸਮਾਂ ਬੰਨ੍ਹ ਦਿੱਤਾ। ਸਕੂਲ ਪ੍ਰਿੰਸੀਪਲ ਮੈਡਮ ਮਮਤਾ ਗੱਖੜ ਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਕਿਹਾ ਕਿ ਸਾਨੂੰ ਆਪਣੀ ਸੰਸਕ੍ਰਿਤੀ ਤੇ ਵਿਰਾਸਤ ਨੂੰ ਨਾ ਭੁਲਾਉਂਦੇ ਹੋਏ ਇਨ੍ਹਾਂ ਤਿਉਹਾਰਾਂ ਨੂੰ ਵਧ-ਚੜ੍ਹ ਕੇ ਮਨਾਉਣਾ ਚਾਹੀਦਾ ਹੈ ਅਤੇ ਤੀਆਂ ਦਾ ਤਿਉਹਾਰ ਸਿਰਫ਼ ਖੁਸ਼ੀ ਮਨਾਉਣ ਦਾ ਹੀ ਨਹੀਂ, ਸਗੋਂ ਇਸ ਦੇ ਜ਼ਰੀਏ ਆਪਣੇ ਰਿਸ਼ਤਿਆਂ ਤੇ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਵੀ ਇੱਕ ਵਧੀਆ ਮੌਕਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਗੀਤਾਂ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਦੀਆਂ ਹਨ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਬੱਚਿਆਂ ਨੂੰ ਆਪਣੀ ਸੰਸਕ੍ਰਿਤੀ ਤੇ ਪ੍ਰੰਪਰਾਵਾਂ ਨਾਲ ਜੋੜੀ ਰੱਖੀਏ ਤੇ ਇਹ ਤਿਉਹਾਰ ਭਾਰਤੀ ਸੰਸਕ੍ਰਿਤੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਇਸ ਨੂੰ ਮਨਾਉਣ ਨਾਲ ਸਾਡੀ ਸੰਸਕ੍ਰਿਤੀ ਵਿਰਾਸਤ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਮਿਲਦੀ ਹੈ।ਉਨ੍ਹਾਂ ਸਮੂਹ ਸਟਾਫ ਤੇ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਇੰਝ ਹੀ ਆਪਣੇ ਵਿਰਸੇ ਨੂੰ ਸੰਜੋ ਕੇ ਰੱਖਣ ਦਾ ਸੰਕਲਪ ਲਿਆ।ਇਸ ਦੌਰਾਨ ਜਿੱਥੇ ਵਿਦਿਆਰਥਣਾਂ ਨੇ ਤੀਜ ਦੇ ਤਿਉਹਾਰ ਦਾ ਆਨੰਦ ਮਾਣਿਆ ਅਤੇ ਨਾਲ ਹੀ ਇਸ ਤਿਉਹਾਰ ਨਾਲ ਜੁੜੀਆਂ ਪ੍ਰੰਪਰਾਵਾਂ ਤੇ ਰੀਤੀ-ਰਿਵਾਜਾਂ ਬਾਰੇ ਜਾਣਿਆ।ਇਸ ਮੌਕੇ ਸਕੂਲ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

# ਸੀਨੀਅਰ ਸਿਟੀਜ਼ਨ ਕੌਂਸਲ ਦੀ ਨਵੀਂ ਕਾਰਜਕਾਰਨੀ ਦਾ ਗਠਨ

### ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਲਹਿਰ ਜਾਰੀ ਰਹੇਗੀ : ਕਾਮਰਾ



**ਮੋਗਾ (ਇਕਬਾਲ ਸਿੰਘ ਖਹਿਰਾ)**
ਸੀਨੀਅਰ ਸਿਟੀਜ਼ਨ ਕੌਂਸਲ ਮੋਗਾ ਦੇ ਮੈਂਬਰਾਂ ਦੀ ਜਰਨਲ ਬਾਡੀ ਦੀ ਮੀਟਿੰਗ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਸਕੱਤਰੇਤ ਵਿਖੇ ਸੀਨੀਆਰ ਸਿਟੀਜ਼ਨ ਡੇ ਕੇਅਰ ਸੈਂਟਰ ਵਿਖੇ ਹੋਈ।

ਮੀਟਿੰਗ ਦੇ ਅਰੰਭ 'ਚ ਸ੍ਰੀ ਕਾਮਰਾ ਨੇ ਸੀਨੀਅਰ ਸਿਟੀਜ਼ਨ ਕੌਂਸਲ ਦੀ ਨਵੀਂ ਕਾਰਜਕਾਰਨੀ ਕਮੇਟੀ ਦੇ ਗਠਨ ਦਾ ਐਲਾਨ ਕਰਦਿਆਂ 80 ਸਾਲ ਤੋਂ ਵੱਧ ਉਮਰ ਦੇ ਮੈਂਬਰਾਂ ਗੁਰਦਰਸ਼ਨ ਸਿੰਘ ਸੋਢੀ, ਇੰਜ. ਗੁਰਦੀਪ ਸਿੰਘ ਬਰਾੜ, ਜੋਗਿੰਦਰ ਸਿੰਘ ਲੋਹਾਮ ਤੇ ਅਮਰ ਸਿੰਘ ਵਿਰਦੀ ਨੂੰ ਸਰਪ੍ਰਸਤ, ਸਰਦਾਰੀ ਲਾਲ ਕਾਮਰਾ ਪ੍ਰਧਾਨ, ਦਰਬਾਰ ਸਿੰਘ ਗਿੱਲ ਕਾਰਜਕਾਰੀ ਪ੍ਰਧਾਨ, ਗੁਰਚਰਨ ਸਿੰਘ ਸੀਨੀਅਰ ਉਪ ਪ੍ਰਧਾਨ, ਜੋਗਿੰਦਰ ਸਿੰਘ ਸੰਘਾ ਉਪ ਪ੍ਰਧਾਨ, ਅਵਤਾਰ ਸਿੰਘ ਜਨਰਲ ਸਕੱਤਰ, ਗਿਆਨ ਸਿੰਘ ਪ੍ਰੈੱਸ ਸਕੱਤਰ, ਵਿਜੇ ਕੁਮਾਰ ਸ਼ਰਮਾ ਵਿੱਤ ਸਕੱਤਰ, ਇਕਬਾਲ ਸਿੰਘ ਲੋਹਾਮ ਪ੍ਰੋਜੈਕਟ ਅਫਸਰ, ਲਾਲ ਚੰਦ ਆਡੀਟਰ ਤੇ ਸਬ ਕਮੇਟੀ ਵਿਚ ਹਰਪ੍ਰੀਤ ਸਿੰਘ, ਦਲਜੀਤ ਸਿੰਘ ਭੁੱਲਰ, ਹਰਭਜਨ ਸਿੰਘ ਨਾਗਰਾ, ਮਾਸਟਰ ਪ੍ਰੇਮ ਕੁਮਾਰ, ਜਗਦੀਪ ਸਿੰਘ ਕੈਂਥ ਨੂੰ ਸ਼ਾਮਲ ਕੀਤਾ ਗਿਆ ਹੈ।ਸਬ ਕਮੇਟੀ ਬਜ਼ੁਰਗ ਮੈਂਬਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਮੇਂ ਸਮੇਂ ਮਦਦ ਕਰੇਗੀ।ਕਾਮਰਾ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਕੌਂਸਲ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਲਹਿਰ ਜਾਰੀ ਰੱਖੇਗੀ।

ਉਨ੍ਹਾ ਕਿਹਾ ਕਿ ਭਵਿੱਖ ਵਿੱਚ ਸਕੂਲਾਂ/ਕਾਲਜਾਂ ਦੇ ਪ੍ਰੋਗਰਾਮ ਉਲੀਕੇ ਜਾਣਗੇ।ਅਵਤਾਰ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਚੱਲ ਰਹੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ।

ਇਸ ਮੌਕੇ ਜੁਲਾਈ ਮਹੀਨੇ ਦੌਰਾਨ ਜਨਮੇ ਤਿੰਨ ਮੈਂਬਰਾਂ ਗੁਰਦਰਸ਼ਨ ਸਿੰਘ ਸੋਢੀ, ਗਿਆਨ ਸਿੰਘ ਤੇ ਜੁਗਰਾਜ ਸਿੰਘ ਬਾਸੀ ਦਾ ਜਨਮ ਦਿਨ ਮਨਾਇਆ ਤੇ ਮੁਬਾਰਕਬਾਦ ਦਿੱਤੀ।ਮੀਟਿੰਗ ਵਿੱਚ ਬੀਬੀ ਹਰਬੰਸ ਕੌਰ ਨੇ ਮਤਾ ਰੱਖਿਆ ਕਿ ਭਵਿੱਖ ਵਿੱਚ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਆਉਣ, ਉਹ ਆਪਣੀਆਂ ਪਤਨੀਆਂ ਨੂੰ ਵੀ ਇਸ ਖੁਸ਼ੀ ਵਿੱਚ ਸ਼ਾਮਲ ਕਰਨ।ਮੀਟਿੰਗ ਦੌਰਾਨ ਪ੍ਰਿੰਸੀਪਲ ਗੁਰਬੀਰ ਸਿੰਘ ਜੱਸਲ, ਵਿਜੇ ਕੁਮਾਰ ਸੂਦ, ਵਿਜੈ ਕੁਮਾਰ ਟੰਡਨ, ਅਮਰ ਸਿੰਘ ਸੁਪਰਡੈਂਟ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ ਮਹਿਨਾ, ਜਗਰੂਪ ਸਿੰਘ ਆਦਿ ਮੈਂਬਰ ਸ਼ਾਮਲ ਸਨ।

# ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਚੰਨਣਵਾਲ 'ਚ ਦੋ ਏਕੜ ਜ਼ਮੀਨ 'ਚ ਲਾਇਆ ਜੰਗਲ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਧਰਤੀ ਮਾਂ ਨਾਲ ਪਿਆਰ ਤੇ ਵਾਤਾਵਰਣ ਸੰਭਾਲ ਵੱਲ ਇੱਕ ਇਤਿਹਾਸਕ ਪਹਿਲ ਕਰਦਿਆਂ ਆਪਣੇ ਜੱਦੀ ਪਿੰਡ ਚੰਨਣਵਾਲ (ਬਰਨਾਲਾ) ਵਿਖੇ ਆਪਣੀ ਜੱਦੀ ਦੋ ਏਕੜ ਜ਼ਮੀਨ 'ਚ ਜੰਗਲ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ।ਉਨ੍ਹਾਂ ਵੱਲੋਂ ਬਣਾਏ ਜਾ ਰਹੇ ਇਸ ਜੰਗਲ 'ਚ ਸੈਂਕੜੇ ਬੂਟੇ ਲਾਏ ਗਏ, ਜਿਸ ਰਾਹੀਂ ਉਨ੍ਹਾਂ ਪਰਾਲੀ ਦੀ ਸਮੱਸਿਆ, ਹਵਾ ਪ੍ਰਦੂਸ਼ਣ ਤੇ ਹਰੇ-ਭਰੇ ਪੰਜਾਬ ਨੂੰ ਮੁੜ ਸਜਾਉਣ ਦਾ ਸੁਨੇਹਾ ਦਿੱਤਾ ਹੈ।ਇੱਕ ਦਰੱਖ਼ਤ, ਇੱਕ ਜੀਵਨ ਦਾ ਨਾਅਰਾ ਦਿੰਦਿਆਂ ਸੰਤ ਬਾਬਾ ਘਾਲਾ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਧਰਤੀ ਨਾਲ ਪਿਆਰ ਕਰਦੇ ਹੋਏ ਹਰ ਵਿਅਕਤੀ ਨੂੰ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਾਉਣਾ ਚਾਹੀਦਾ ਹੈ।ਇਸ ਪਵਿੱਤਰ ਕਾਰਜ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਬਾਬਾ ਟੇਕ ਸਿੰਘ ਧਨੌਲਾ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਇੱਕ, ਇੱਕ ਬੂਟਾ ਲਾ ਕੇ ਇਸ ਪਵਿੱਤਰ ਲਹਿਰ 'ਚ ਸਾਂਝ ਪਾਈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਚੋਲੇ ਵਾਲੇ ਸੰਤ ਨਹੀਂ, ਵਾਤਾਵਰਣ ਦੇ ਯੋਧੇ ਹਨ, ਜਿਹੜਾ ਕੰਮ ਸਮੇਂ ਸਮੇਂ ਦੀਆਂ ਸਰਕਾਰਾਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ, ਉਹ ਮਹਾਂਪੁਰਖ ਆਪਣੀ ਦਿਲੀ ਲਗਨ ਮਿਹਨਤ ਨਾਲ ਕਰ ਰਹੇ ਹਨ। ਉਨ੍ਹਾਂ ਪੰਜਾਬ ਦੀ ਮਿੱਟੀ ਨੂੰ ਉਪਜਾਊ ਤੇ ਵਿਰਾਸਤੀ ਦੌਲਤ ਦੱਸਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਮਿੱਟੀ ਨਾਲੋਂ ਨਾਤਾ ਨਾ ਟੁੱਟਣ ਦਿਓ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਣ ਮਹਾਂਉਤਸਵ, ਨਦੀ ਸੰਭਾਲ ਸਕੀਮ ਤੇ ਵਿਰਾਸਤ ਮਿਸ਼ਨ ਰਾਹੀਂ ਪਹਿਲਾਂ ਹੀ ਵਾਤਾਵਰਣ ਬਚਾਉਂਦੇ ਉੱਦਮ ਕਰ ਰਹੀ ਹੈ।ਸੰਤ ਬਾਬਾ ਘਾਲਾ ਸਿੰਘ ਵੱਲੋਂ ਇਸ ਮੌਕੇ ਵਾਤਾਵਰਣ ਰਾਖਿਆਂ, ਧਾਰਮਿਕ ਸੇਵਾਦਾਰਾਂ, ਅਤੇ ਸਮਾਜ ਸੇਵਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਬੂਟਿਆਂ ਦਾ ਲਾਇਆ ਲੰਗਰ



**ਜਲਾਲਾਬਾਦ (ਜੀਤ ਕੁਮਾਰ)**-'ਭਾਈ ਘਨੱਈਆ ਵੈਲਫੇਅਰ ਸੁਸਾਇਟੀ' ਵੱਲੋਂ ਸ਼ਨੀਵਾਰ ਨੂੰ ਗੁਰਦੁਆਰਾ ਰਾਮਗੜ੍ਹੀਆ ਵਿਖੇ ਪੌਦਿਆਂ ਦਾ ਲੰਗਰ ਲਾਇਆ ਗਿਆ। ਪ੍ਰੋਗਰਾਮ ਦੌਰਾਨ ਸੁਸਾਇਟੀ ਦੇ ਪ੍ਰਧਾਨ ਗੁਰਮੁਖ ਸਿੰਘ ਸੱਗੂ, ਸੈਕਟਰੀ ਭਗਵਾਨ ਸਿੰਘ ਸੱਗੂ, ਖ਼ਜ਼ਾਨਚੀ ਗੁਰਮੀਤ ਸਿੰਘ ਵਿਰਦੀ, ਹਰਭਜਨ ਸਿੰਘ ਜੰਡੂ, ਨਿਰੰਜਨ ਸਿੰਘ ਜੰਡੂ ਤੇ ਗੁਰਮੀਤ ਸਿੰਘ ਸੱਗੂ ਹਾਜ਼ਰ ਸਨ। ਭਾਈ ਘਨੱਈਆ ਵੈਲਫੇਅਰ ਸੁਸਾਇਟੀ ਦੇ ਸੈਕਟਰੀ ਭਗਵਾਨ ਸਿੰਘ ਸੱਗੂ ਨੇ ਕਿਹਾ ਕਿ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਤੇ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ ਸੁਸਾਇਟੀ ਵੱਲੋਂ ਹਰੇਕ ਸ਼ਨੀਵਾਰ ਨੂੰ ਪੌਦਿਆਂ ਦਾ ਲੰਗਰ ਲਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਫੱਲਦਾਰ, ਫੁੱਲਦਾਰ ਤੇ ਛਾਂਦਾਰ ਪੌਦੇ ਵੰਡੇ ਜਾ ਰਹੇ ਹਨ। ਸ਼ਨੀਵਾਰ ਨੂੰ 3 ਹਜਾਰ ਪੌਦੇ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਗੰਧਲੇ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਬਣਾਉਣ ਲਈ ਹਰ ਮਨੁੱਖ ਨੂੰ ਇੱਕ-ਇੱਕ ਪੌਦਾ ਲਾਉਣ ਦੀ ਜਰੂਰਤ ਹੈ। ਸੁਸਾਇਟੀ ਪ੍ਰਧਾਨ ਗੁਰਮੁੱਖ ਸਿੰਘ ਨੇ ਕਿਹਾ ਵਾਤਾਵਰਣ ਦੇ ਵਿੱਚ ਵੱਧਦੇ ਤਾਪਮਾਨ ਨੂੰ ਮੁੱਖ ਰੱਖਦੇ ਹੋਏ, ਬੂਟਿਆਂ ਦਾ ਲਾਉਣਾ ਤੇ ਉਨ੍ਹਾਂ ਨੂੰ ਪਾਲਣਾ ਸਾਡੇ ਸਮਾਜ ਲਈ ਬਹੁਤ ਜਰੂਰੀ ਬਣ ਜਾਂਦਾ ਹੈ।

## ਪਟੇਲ ਕਾਲਜ 'ਚ ਕਾਰਗਿਲ ਵਿਜੇ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ 5 ਪੰਜਾਬ ਬਟਾਲੀਅਨ ਐੱਨ.ਸੀ.ਸੀ. ਪਟਿਆਲਾ ਤੋਂ ਲੈਫਟੀਨੈਂਟ ਡਾ. ਜੈਦੀਪ ਸਿੰਘ ਦੀ ਅਗਵਾਈ ਵਿੱਚ ਕਾਰਗਿਲ ਵਿਜੇ ਦਿਵਸ ਮਨਾਇਆ ਗਿਆ। ਡਾ. ਜੈਦੀਪ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕਾਰਗਿਲ ਵਿਖੇ ਭਾਰਤ ਦਾ ਪਾਕਿਸਤਾਨ ਨਾਲ ਮਈ ਤੋਂ ਜੁਲਾਈ 1999 ਲਗਭਗ ਦੋ ਮਹੀਨੇ ਦੇ ਕਰੀਬ ਯੁੱਧ ਚੱਲਿਆ, ਜਿਸ ਵਿੱਚ ਭਾਰਤ ਨੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਯੁੱਧ ਵਿੱਚ ਭਾਰਤ ਦੀ ਆਰਮੀ ਦੇ ਬਹੁਤ ਸਾਰੇ ਸਪੂਤ ਸ਼ਹੀਦ ਹੋਏ। ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਨ ਤੇ ਪਾਕਿਸਤਾਨ ਉੱਪਰ ਭਾਰਤ ਦੀ ਜਿੱਤ ਵਜੋਂ ਹਰ ਸਾਲ 26 ਜੁਲਾਈ ਨੂੰ ਕਾਰਗਿਲ ਵਿਜੇ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਸਬੰਧੀ ਕਾਲਜ ਵਿਦਿਆਰਥੀਆਂ ਵਿਚਕਾਰ ਪੋਸਟਰ ਮੇਕਿੰਗ ਦੇ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਨੇ ਵਿਦਿਆਰਥੀਆਂ ਨੂੰ ਦੇਸ਼ ਸੇਵਾ ਵਿੱਚ ਯੋਗਦਾਨ ਪਾਉਣ ਲਈ ਐੱਨ.ਸੀ.ਸੀ. ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਸ਼ੇਰ ਸਿੰਘ, ਡਾ. ਤਰਨਜੀਤ ਸਿੰਘ, ਡਾ. ਵੰਦਨਾ ਗੁਪਤਾ ਡਾ. ਗੁਰਨਿੰਦਰ ਸਿੰਘ ਤੇ ਡਾ. ਗੁਰਪ੍ਰੀਤ ਸਿੰਘ ਮੌਜੂਦ ਰਹੇ।

## ਵਿਧਾਇਕਾ ਤੇ ਡੀ ਸੀ ਨੇ ਪਾਣੀ ਤੋਂ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਾਸ਼ਨ ਕਿੱਟਾਂ ਵੰਡੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨਾਲ ਮੋਗਾ ਦੇ ਬਹੋਨਾ ਚੌਂਕ 'ਤੇ ਸਥਿਤ ਗੁਰੂ ਚੰਦਰ ਨਗਰ, ਹਰਗੋਬਿੰਦ ਨਗਰ ਸਮੇਤ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਜਿੱਥੇ ਕੱਲ੍ਹ ਬਹੋਨਾ ਨਾਲੇ ਦੇ ਟੁੱਟਣ ਕਾਰਨ ਲੋਕਾਂ ਦੇ ਘਰਾਂ ਵਿੱਚ ਪਾਣੀ ਆ ਗਿਆ ਅਤੇ ਘਰਾਂ ਦੀਆਂ ਛੱਤਾਂ ਤੇ ਕੰਧਾਂ ਵਿੱਚ ਤਰੇੜਾਂ ਆ ਗਈਆਂ।ਅੱਜ ਤੀਜੇ ਦਿਨ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਦੇ ਨਾਲ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਪ੍ਰਭਾਵਿਤ ਇਲਾਕੇ ਦਾ ਜਾਇਜ਼ਾ ਲਿਆ ਤੇ ਪਾਣੀ ਤੋਂ ਪ੍ਰਭਾਵਿਤ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਕਿਹਾ ਕਿ ਪ੍ਰਸ਼ਾਸਨ ਲੋਕਾਂ ਨੂੰ ਹਰ ਤਰ੍ਹਾਂ ਦੀ ਮਦਦ ਪ੍ਰਦਾਨ ਕਰੇਗਾ।ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜੇਕਰ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ, ਤਾਂ ਇਹ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨਗਰ ਨਿਗਮ ਮੋਗਾ ਵੱਲੋਂ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਕੇ ਲੋਕਾਂ ਦੇ ਘਰਾਂ ਦਾ ਪਾਣੀ ਕੱਢਿਆ ਜਾ ਰਿਹਾ ਹੈ।

ਉਨ੍ਹਾਂ ਵਾਰਡ ਨੰਬਰ 29 ਤੇ 31 ਵਿੱਚ ਮੀਂਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਤੇ ਕਿਹਾ ਕਿ ਦੋ-ਤਿੰਨ ਦਿਨਾਂ ਵਿੱਚ ਇਸ ਨੁਕਸਾਨ ਦਾ ਸਰਵੇ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਬਣਦੀ ਰਾਹਤ ਦਿਵਾਈ ਜਾਵੇਗੀ।ਇਸ ਮੌਕੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਪ੍ਰਸ਼ਾਸਨਕ ਅਧਿਕਾਰੀ, ਨਗਰ ਨਿਗਮ ਦੇ ਕੌਂਸਲਰ ਮੌਜੂਦ ਸਨ।

# ਪ੍ਰੈੱਸ ਕਲੱਬ ਲਈ ਜਗ੍ਹਾ ਵਸਤੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਵੱਲੋਂ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ।ਇਸ ਮੌਕੇ ਪੱਤਰਕਾਰ ਭਾਈਚਾਰੇ ਨੂੰ ਪ੍ਰੈੱਸ ਕਾਨਫਰੰਸ ਤੇ ਪੱਤਰਕਾਰੀ ਗਤੀਵਿਧੀਆਂ ਲਈ ਜਗ੍ਹਾ ਅਲਾਟ ਕਰਨ ਵਾਸਤੇ ਮੰਗ ਪੱਤਰ ਸੌਂਪਿਆ।ਚਰਚਾ ਦੌਰਾਨ ਪੱਤਰਕਾਰ ਭਾਈਚਾਰੇ ਨੇ ਦੱਸਿਆ ਕਿ ਤਕਰੀਬਨ ਹਰ ਸ਼ਹਿਰ ਵਿੱਚ ਪੱਤਰਕਾਰ ਭਵਨ ਹਨ, ਪ੍ਰੰਤੂ ਸਮਾਣਾ ਸ਼ਹਿਰ ਦੇ ਪੱਤਰਕਾਰ ਲੰਮੇ ਸਮੇਂ ਤੋਂ ਅਪਣੇ ਲਈ ਜਗ੍ਹਾ ਦੀ ਮੰਗ ਕਰ ਰਹੇ ਹਨ।ਇਸ ਮੌਕੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਭਰੋਸਾ ਦਿੱਤਾ ਕਿ ਉਹ ਕਾਰਜਸਾਧਕ ਅਫ਼ਸਰ ਤੋਂ ਇਸ ਸਬੰਧੀ ਜਲਦੀ ਹੀ ਮਤਾ ਪ੍ਰਾਪਤ ਕਰਕੇ ਪੱਤਰਕਾਰ ਭਵਨ ਦਾ ਕੰਮ ਚਾਲੂ ਕਰਵਾ ਦੇਣਗੇ।ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ, ਜਰਨਲ ਸਕੱਤਰ ਇਕਬਾਲ ਸਿੰਘ ਬੱਲ, ਸਰਪ੍ਰਸਤ ਚਮਕੌਰ ਸਿੰਘ ਮੋਤੀ ਫਾਰਮ, ਚੇਅਰਮੈਨ ਸਾਹਿਬ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁਭਾਸ਼ ਪਾਠਕ, ਜੁਆਇੰਟ ਸਕੱਤਰ ਅਮਿਤ ਸ਼ਰਮਾ ਤੇ ਸੰਜੇ ਸਿੰਗਲਾ ਹਾਜ਼ਰ ਸਨ।

...ਸ.ਫ਼ਾ 1 ਦੇ ਬਾਕੀ

## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ...

ਖਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿਉਂਕਿ ਮੁਲਾਜ਼ਮਾਂ ਅਤੇ ਪੈਨਸ਼ਨਰ ਦੀਆਂ ਮੁੱਖ ਮੰਗਾਂ ਜਿਵੇਂ ਮਹਿੰਗਾਈ ਭੱਤਾ ਜੋ 13 ਪ੍ਰਤੀਸ਼ਤ ਬਕਾਇਆ ਹੈ, ਜਾਰੀ ਨਹੀਂ ਕੀਤਾ ਜਾ ਰਿਹਾ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਤਨਖਾਹ/ਪੈਨਸ਼ਨ ਸੋਧ ਦੀਆਂ ਤਰੁਟੀਆਂ ਦੂਰ ਕਰਨ ਅਤੇ ਬਕਾਏ ਦੇਣ ਆਦਿ ਮੰਗਾਂ ਵੱਟੇ ਖਾਤੇ ਪਾਉਣ ਤੋਂ ਇਲਾਵਾ ਪੰਜਾਬ ਸਰਕਾਰ ਅਦਾਰੇ ਅੰਦਰ ਨਿੱਜੀਕਰਨ ਦੀ ਲੋਕ ਵਿਰੋਧੀ ਨੀਤੀ ਨੂੰ ਲੁਕਵੇਂ ਤਰੀਕੇ ਨਾਲ ਲਾਗੂ ਕਰ ਰਹੀ ਹੈ ਅਤੇ ਪੰਜਾਹ ਹਜ਼ਾਰ ਦੇ ਕਰੀਬ ਖਾਲੀ ਪਈਆਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਬਜਾਏ ਖਤਮ ਕੀਤਾ ਜਾ ਰਿਹਾ ਹੈ। ਪਿਛਲੇ ਪੈਡੀ ਸੀਜ਼ਨ ਦੌਰਾਨ ਡਿਊਟੀ ਕਰਦਿਆਂ ਘਾਤਕ ਹਾਦਸਿਆਂ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪਰਵਾਰਾਂ ਨੂੰ ਵਧੇ ਮੁਆਵਜ਼ੇ ਦੀ ਅਦਾਇਗੀ ਕਰਨ ਤੋਂ ਲਗਾਤਾਰ ਟਾਲ ਮਟੋਲ ਕੀਤਾ ਜਾ ਰਿਹਾ ਹੈ ਅਤੇ ਜ਼ਖਮੀ ਕਾਮਿਆਂ ਨੂੰ ਕੈਸ਼ਲੈਸ ਇਲਾਜ ਦੀ ਸਹੂਲਤ ਨਹੀਂ ਦਿੱਤੀ ਜਾ ਰਹੀ ।ਇਸੇ ਤਰ੍ਹਾਂ 17 ਜੁਲਾਈ 2020 ਤੋਂ ਬਾਅਦ ਭਰਤੀ ਕਰਮਚਾਰੀਆਂ ਉੱਪਰ ਬਿਜਲੀ ਨਿਗਮ ਦੇ ਤਨਖਾਹ ਸਕੇਲ ਲਾਗੂ ਕਰਨ ਦੀ ਜਗ੍ਹਾ ਧੱਕੇ ਨਾਲ ਕੇਂਦਰੀ ਸਕੇਲ ਲਾਗੂ ਕੀਤੇ ਜਾ ਰਹੇ ਹਨ ।ਹਰ ਰੋਜ਼ ਵਾਪਰ ਰਹੇ ਹਾਦਸਿਆਂ ਨਾਲ ਕਾਮਿਆਂ ਦੀਆਂ ਹੋ ਰਹੀਆਂ ਮੌਤਾਂ 'ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਾ ਰਿਹਾ, ਸੋਲੇਸ਼ੀਅਮ ਪਾਲਿਸੀ ਰਾਹੀਂ ਭਰਤੀ ਕਰਮਚਾਰੀਆਂ ਤੋਂ ਮੋੜਨਯੋਗ ਰਕਮ ਉਪਰ 12 ਪ੍ਰਤੀਸ਼ਤ ਵਿਆਜ ਦੀ ਜਬਰੀ ਵਸੂਲੀ ਕਰਨ ਦੇ ਪੱਤਰ ਜਾਰੀ ਕਰਕੇ ਕਾਮਿਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਮੁਲਾਜ਼ਮ ਵਿਰੋਧੀ ਪਾਲਿਸੀ ਵਿੱਚ ਬਣਦੀ ਸੋਧ ਨਹੀਂ ਕੀਤੀ ਜਾ ਰਹੀ, ਇਨ ਹਾਊਸ ਕੰਟ੍ਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਮਸਲੇ ਨੂੰ ਲਮਕਾ ਅਵਸਥਾ ਵਿੱਚ ਰੱਖ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਤਰੱਕੀ ਪਾ ਰਹੇ ਕਾਮਿਆਂ ਨੂੰ ਪੇ ਬੈਂਡ ਤੋਂ ਬਿਨਾਂ ਤਨਖਾਹ ਦਿੱਤੀ ਜਾ ਰਹੀ ਹੈ, ਗਰਿੱਡ ਸਟਾਫ, ਜੇ ਈ ਕੇਡਰ ਅਤੇ ਫੀਲਡ ਸਟਾਫ ਦੀਆਂ ਮੁਸ਼ਕਲਾਂ ਦਾ ਹੱਲ ਜਾਣਬੁੱਝ ਕੇ ਨਹੀਂ ਕੀਤਾ ਜਾ ਰਿਹਾ, ਆਨੇ ਬਹਾਨੇ ਕਰਮਚਾਰੀਆਂ ਦੀਆਂ ਸਿਆਸੀ ਅਧਾਰ 'ਤੇ ਕੀਤੀਆਂ ਨਜਾਇਜ਼ ਬਦਲੀਆਂ ਰੱਦ ਨਹੀਂ ਕੀਤੀਆ ਗਈਆਂ, ਵੱਖ ਵੱਖ ਸੀ ਆਰ ਏ ਰਾਹੀਂ ਭਰਤੀ ਲਾਈਨਮੈਨ/ਐਸ ਐਸ ਏ ਕਰਮਚਾਰੀਆਂ ਦੇ ਕੰਟਰੈਕਟ ਸਮੇਂ ਦਾ ਲਾਭ ਨਾ ਦੇ ਕੇ ਮੁਲਾਜ਼ਮ ਵਰਗ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਪਾਰਟ ਟਾਈਮ ਸਵੀਪਰਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ, ਪੈਨਸ਼ਨਰਾਂ ਦੀ ਵਿਕਾਸ ਟੈਕਸ ਦੇ ਨਾਂਅ 'ਤੇ ਹਰੇਕ ਮਹੀਨੇ ਧੱਕੇ ਨਾਲ 200 ਰੁਪਏ ਦੀ ਕੀਤੀ ਜਾ ਰਹੀ ਕਟੌਤੀ ਬੰਦ ਨਹੀਂ ਕੀਤੀ ਜਾ ਰਹੀ। ਆਗੂਆਂ ਨੇ ਸੀ ਐਚ ਬੀ ਅਤੇ ਪੈਸਕੋ ਰਾਹੀਂ ਭਰਤੀ ਕਾਮਿਆਂ ਨੂੰ ਮਹਿਕਮੇ ਵਿੱਚ ਸਮਾਉਣ 'ਤੇ ਜ਼ੋਰ ਦੇਣ ਤੋਂ ਇਲਾਵਾ ਏ ਈ ਦੀ ਡਿਗਰੀ ਹੋਲਡਰ ਕੋਟੇ ਵਿੱਚ ਵਾਧੇ ਦੀ ਮੰਗ ਲਾਗੂ ਕਰਨ, ਭੱਤਿਆਂ ਵਿੱਚ ਵਾਧਾ ਕਰਨ, ਪਾਵਰਕਾਮ ਅਤੇ ਟ੍ਰਾਂਸਕੋ ਦੀਆਂ ਮਹਿਕਮਾਨਾਂ ਇਮਾਰਤਾਂ ਦੀ ਤਰਸਯੋਗ ਹਾਲਤ ਵਿੱਚ ਸੁਧਾਰ ਕਰਨ, ਦਫਤਰੀ ਕਰਮਚਾਰੀਆਂ ਲਈ ਵਾਤਾਵਰਣ ਦੇ ਅਨੁਕੂਲ ਦਫਤਰਾਂ ਵਿੱਚ ਬੈਠਣ ਦਾ, ਪੀਣ ਵਾਲੇ ਪਾਣੀ ਦਾ ਅਤੇ ਮਹਿਲਾ ਕਰਮਚਾਰੀਆਂ ਲਈ ਵੱਖਰੇ ਵਾਸ਼ਰੂਮਾਂ ਦਾ ਢੁਕਵਾਂ ਪ੍ਰਬੰਧ ਕਰਨ ਆਦਿ ਮੰਗਾਂ ਵੱਲ ਮੈਨੇਜਮੈਂਟ ਧਿਆਨ ਨਹੀਂ ਦੇ ਰਹੀ।ਜਿਸ ਦੇ ਰੋਸ ਵਜੋਂ ਬਿਜਲੀ ਕਰਮਚਾਰੀਆਂ ਵੱਲੋਂ 25 ਜੂਨ ਤੋਂ ਲਗਾਤਾਰ ਵਰਕ ਟੂ ਰੂਲ ਅਨੁਸਾਰ ਸਿਰਫ ਆਪਣੀ ਬਣਦੀ ਡਿਊਟੀ ਕਰਨ ਤੋਂ ਇਲਾਵਾ 11 ਜੁਲਾਈ ਤੋਂ 22 ਜੁਲਾਈ ਤੱਕ ਸਮੁੱਚੇ ਸਰਕਲਾਂ ਵਿੱਚ ਰੋਸ ਧਰਨੇ ਦੇਣ ਤੋਂ ਬਾਅਦ 24 ਜੁਲਾਈ ਨੂੰ ਡਵੀਜ਼ਨ ਪੱਧਰ 'ਤੇ ਰੋਸ ਰੈਲੀਆਂ ਕਰਨ ਦੇ ਬਾਅਦ ਅੱਜ ਬਿਜਲੀ ਕਾਮੇ ਅਤੇ ਪੈਨਸ਼ਨਰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਵਾਅਦਾ ਖਿਲਾਫ਼ੀ ਵਿਰੁੱਧ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਵਿਸ਼ਾਲ ਰੋਸ ਧਰਨਾ ਲਗਾ ਕੇ ਰੋਸ ਦਾ ਪ੍ਰਗਟਾਵਾ ਕਰ ਰਹੇ ਹਨ।ਆਗੂਆਂ ਨੇ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਬਿਜਲੀ ਕਾਮੇ ਮਜਬੂਰਨ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ 11 ਅਗਸਤ ਤੋਂ 13 ਅਗਸਤ ਤੱਕ ਸਮੂਹਿਕ ਛੁੱਟੀ ਭਰ ਕੇ ਸਮੁੱਚੇ ਪੰਜਾਬ ਦੇ ਬਿਜਲੀ ਦਫਤਰਾਂ ਸਾਹਮਣੇ ਪ੍ਰਦਰਸ਼ਨ ਕਰਦੇ ਹੋਏ ਮਜਬੂਰਨ ਅਦਾਰੇ ਦਾ ਸਮੁੱਚਾ ਕੰਮਕਾਜ ਠੱਪ ਕਰਨਗੇ।ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ। ਧਰਨਾਕਾਰੀਆਂ ਦੇ ਰੋਹ ਨੂੰ ਭਾਂਪਦਿਆਂ ਪੀ ਐਸ ਪੀ ਸੀ ਐਲ ਦੇ ਡਾਇਰੈਕਟਰ ਡਿਸਟ੍ਰੀਬਿਊਸ਼ਨ ਇੰਜੀ : ਇੰਦਰਪਾਲ ਸਿੰਘ ਨੇ ਮੰਚ 'ਤੇ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕਰਕੇ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਰੋਸ ਧਰਨੇ ਨੂੰ ਮੁਲਾਜ਼ਮ ਆਗੂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ , ਸਰਿੰਦਰਪਾਲ ਲਹੌਰੀਆ, ਰਣਜੀਤ ਸਿੰਘ ਢਿੱਲੋਂ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸ਼ੌਰ, ਬਲਜੀਤ ਸਿੰਘ ਮੋਦਲਾ, ਨਰਿੰਦਰ ਬੱਲ, ਗੁਰਵਿੰਦਰ ਸਿੰਘ, ਕੇਵਲ ਸਿੰਘ ਬਨਵੈਤ, ਮਨਜੀਤ ਸਿੰਘ ਚਾਹਲ, ਜਸਬੀਰ ਸਿੰਘ ਆਂਡਲੂ, ਸਰਬਜੀਤ ਸਿੰਘ ਭਾਣਾ, ਪਵਨਪ੍ਰੀਤ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਚਾਹਲ, ਹਰਮਨਦੀਪ, ਮਹਿੰਦਰ ਸਿੰਘ ਰੂੜੇਕੇ, ਬਾਬਾ ਅਮਰਜੀਤ ਸਿੰਘ, ਕੌਰ ਸਿੰਘ ਸੋਹੀ, ਗੁਰਪਿਆਰ ਸਿੰਘ ਆਦਿ ਨੇ ਸੰਬੋਧਨ ਕੀਤਾ ।

## ਲੋਕ ਚੇਤਨਾ ਮੰਚ ਦੀ ਮੀਟਿੰਗ ਹੋਈ

**ਲਹਿਰਾਗਾਗਾ (ਪਵਨ ਸ਼ਰਮਾ)**-ਲੋਕ ਚੇਤਨਾ ਮੰਚ ਦੀ ਅਹਿਮ ਮੀਟਿੰਗ ਜਗਦੀਸ਼ ਪਾਪੜਾ ਦੀ ਪ੍ਰਧਾਨਗੀ ਹੇਠ ਹੋਈ।ਮੰਚ ਦੇ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਲੋਕ ਚੇਤਨਾ ਮੰਚ ਵੱਲੋਂ 31 ਜੁਲਾਈ ਨੂੰ ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਬਾਰੇ ਇੱਕ ਵਿਸ਼ੇਸ਼ ਚਰਚਾ ਕਰਵਾਈ ਜਾਵੇਗੀ।ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਪ੍ਰਸਿੱਧ ਕਿਸਾਨ ਆਗੂ ਅਤੇ ਬੀ ਕੇ ਯੂ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਹੋਣਗੇ।ਉਹ ਵਿਸਥਾਰ ਵਿੱਚ ਇਸ ਨੀਤੀ ਬਾਰੇ ਜਾਣਕਾਰੀ ਦੇਣਗੇ ਤੇ ਇਸ ਨੀਤੀ ਦੇ ਕਿਸਾਨਾਂ, ਮਜ਼ਦੂਰਾਂ ਤੇ ਪਿੰਡਾਂ ਉੱਤੇ ਪੈਣ ਵਾਲੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਪ੍ਰਭਾਵਾਂ ਦਾ ਖੁਲਾਸਾ ਕਰਨਗੇ।ਆਗੂਆਂ ਦੱਸਿਆ ਕਿ ਇਹ ਵਿਸ਼ੇਸ਼ ਵਿਚਾਰ ਚਰਚਾ 31 ਜੁਲਾਈ ਨੂੰ ਲਹਿਰਾਗਾਗਾ ਦੇ ਜੀ.ਪੀ ਐੱਫ ਕੰਪਲੈਕਸ ਵਿਖੇ ਸਵੇਰੇ 10.30 ਵਜੇ ਤੋਂ 2.00 ਵਜੇ ਤੱਕ ਹੋਵੇਗੀ ਤੇ ਇਹ ਵਿਸ਼ੇਸ਼ ਚਰਚਾ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਹੋਵੇਗੀ।ਮੀਟਿੰਗ 'ਚ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਇਸ ਨੀਤੀ ਬਾਰੇ ਫੈਲਾਏ ਜਾ ਰਹੇ ਭਰਮ ਭੁਲੇਖਿਆਂ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ ਗਿਆ ਕਿ ਜੇਕਰ ਇਹ ਨੀਤੀ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਤੇ ਪਿੰਡਾਂ ਦੇ ਉਜਾੜੇ ਦੀ ਨੀਤੀ ਹੈ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਮਨਜ਼ੂਰ ਨਹੀਂ ਕਰਨਗੇ।

## ਤਾਰਾ ਦੇਵੀ ਵਿੱਦਿਆ ਮੰਦਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਤਾਰਾ ਦੇਵੀ ਜਿੰਦਲ ਆਰੀਆ ਵਿੱਦਿਆ ਮੰਦਰ ਜਗਰਾਉਂ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਛੇਵੀਂ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੀਆਂ ਕੁੜੀਆਂ ਨੇ ਭਾਗ ਲਿਆ। ਇਸ ਮੌਕੇ ਐਂਟੀ-ਹਾਊਸ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਅਲੱਗ ਅਲੱਗ ਹਾਊਸ ਨੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਘੋੜੀਆਂ, ਸੁਹਾਗ, ਟੱਪੇ ਤੇ ਲੋਕ ਗੀਤ ਪੇਸ਼ ਕੀਤੇ, ਜਿਸ ਨਾਲ ਮਿਸ ਤੀਜ ਕੰਪੀਟੀਸ਼ਨ ਵੀ ਕਰਵਾਇਆ ਗਿਆ।ਇਸ ਵਿੱਚ ਦਸਵੀਂ ਜਮਾਤ ਦੀ ਵਿਦਿਆਰਥਣ ਜਸਲੀਨ ਕੌਰ ਵਿਜੇਤਾ ਰਹੀ ਤੇ ਨਨ੍ਹੇ-ਮੁੰਨੇ ਅੱਠਵੀਂ ਜਮਾਤ ਦੀ ਵਿਦਿਆਰਥਣ ਜਸਲੀਨ ਕੌਰ ਰਹੀ। ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਹਾਊਸ ਪ੍ਰਤੀਯੋਗਤਾ ਵਿੱਚ ਵੈਭਵ ਹਾਊਸ ਸੁਆਮੀ ਵਿਵੇਕਾਨੰਦ ਵਿਜੇਤਾ ਰਿਹਾ ਅਤੇ ਵਿਜੇਤਾ ਰਹਿਣ ਵਾਲੇ ਬੱਚਿਆਂ ਨੂੰ ਪ੍ਰਿੰਸੀਪਲ ਸ੍ਰੀਮਤੀ ਮਨੂ ਪ੍ਰਿਆ ਵੱਲੋਂ ਇਨਾਮ ਵੀ ਦਿੱਤੇ ਗਏ। ਇਸ ਮੌਕੇ ਅਧਿਆਪਕਾਂ ਦੁਆਰਾ ਵੀ ਹਰਿਆਲੀ ਤੀਜ ਮਨਾਈ ਗਈ। ਇਸ ਤਿਉਹਾਰ ਤੇ ਪ੍ਰਿੰਸੀਪਲ ਸ੍ਰੀਮਤੀ ਮਨੂ ਪ੍ਰਿਆ ਨੇ ਤੀਆਂ ਦੀ ਮਹੱਤਤਾ ਬਾਰੇ ਦੱਸਿਆ।

## ਐਪਲ ਆਈਫੋਨ ਦੇ ਡੀਲਰਾਂ ਨੂੰ ਇਨਾਮ ਵੰਡੇ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਮੋਬਾਇਲ ਦੀ ਦੁਨੀਆ ਵਿੱਚ ਵੱਡਾ ਨਾਮਣਾ ਖੱਟਣ ਵਾਲੀ ਕੰਪਨੀ ਐਪਲ ਆਈਫੋਨ ਦੇ ਪ੍ਰਮੁੱਖ ਡਿਸਟ੍ਰੀਬਿਊਟਰ ਸੁਪਰ ਪਾਵਰ ਗੈਜੇਟਸ ਪ੍ਰਾਈਵੇਟ ਲਿਮਿਟਿਡ ਵੱਲੋਂ ਸੰਗਰੂਰ ਵਿਖੇ ਪੰਜਾਬ ਦੇ 11 ਜ਼ਿਲ੍ਹਿਆਂ ਵਿੱਚ ਕਾਰਗੁਜ਼ਾਰੀ ਦੇ ਆਧਾਰ 'ਤੇ ਚੋਟੀ ਦੇ ਡੀਲਰਾਂ ਨੂੰ ਇਨਾਮ ਵਜੋਂ ਰੌਇਲ ਐਨਫੀਲਡ ਬੁਲੇਟ ਮੋਟਰਸਾਈਕਲਾਂ ਤੇ ਹੌਂਡਾ ਐਕਟਿਵਾ ਸਕੂਟਰਾਂ ਨਾਲ ਸਨਮਾਨਤ ਕੀਤਾ ਗਿਆ।ਦੱਸਣਯੋਗ ਹੈ ਕਿ ਇਹ ਇਨਾਮ ਕੰਪਨੀ ਦੀ ਵਿਕਰੀ ਮੁਹਿੰਮ ਐਪਲ ਵਾਲੀ ਦੀਵਾਲੀ 2.0 ਰਿਵਾਰਡਜ਼ 2025 ਤਹਿਤ ਦਿੱਤੇ ਗਏ ਹਨ, ਜਿਸ ਦਾ ਉਦੇਸ਼ ਵਿਕਰੇਤਾ ਨੈੱਟਵਰਕ ਵਿੱਚ ਉਤਸ਼ਾਹ ਤੇ ਪ੍ਰੋਤਸਾਹਨ ਪੈਦਾ ਕਰਨਾ ਹੈ।ਇਸ ਪ੍ਰੋਗਰਾਮ ਵਿੱਚ ਐਪਲ ਕੰਪਨੀ ਦੇ ਉੱਚ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਉੱਘੇ ਉਦਯੋਗਪਤੀ ਤੇ ਸਾਬਕਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ ਤੇ ਪ੍ਰੇਮ ਗੁਪਤਾ ਨੇ ਵਿਜੇਤਾ ਡੀਲਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਇਨਾਮ ਸੌਂਪੇ।ਇਸ ਮੌਕੇ ਸੁਪਰ ਪਾਵਰ ਗੈਜੇਟਸ ਪ੍ਰਾਈਵੇਟ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਅਨਿਲ ਜੁਨੇਜਾ ਨੇ ਕਿਹਾ ਕਿ ਸਾਡੀ ਕੰਪਨੀ ਦੀ ਤਾਕਤ ਸਾਡੇ ਡੀਲਰ ਸਾਥੀ ਹਨ ਤੇ ਇਨ੍ਹਾਂ ਇਨਾਮਾਂ ਰਾਹੀਂ ਡੀਲਰਾਂ ਦੀ ਮਿਹਨਤ, ਸਮਰਪਣ ਤੇ ਗਾਹਕ-ਕੇਂਦਰਿਤ ਵਿਵਹਾਰ ਨੂੰ ਮੰਨਤਾ ਦੇ ਰਹੇ ਹਾਂ।ਉਨ੍ਹਾਂ ਕਿਹਾ ਕਿ ਸੁਪਰ ਪਾਵਰ ਗੈਜੇਟਸ ਪ੍ਰਾਈਵੇਟ ਲਿਮਿਟਿਡ ਆਪਣੇ ਡੀਲਰ ਨੈੱਟਵਰਕ ਨੂੰ ਵਿਅਕਤੀਗਤ ਪੱਧਰ 'ਤੇ ਮਾਣਤਾ ਦੇਣ ਤੇ ਉਤਸ਼ਾਹਤ ਕਰਨ ਲਈ ਵਚਨਬੱਧ ਹੈ ਅਤੇ ਕੰਪਨੀ ਦਾ ਉਦੇਸ਼ ਉੱਚ-ਮਿਆਰੀ ਉਤਪਾਦਾਂ ਰਾਹੀਂ ਗ੍ਰਾਹਕ ਸੰਤੁਸ਼ਟੀ ਤੇ ਵਿਕਰੀ ਵਿੱਚ ਨਿਰੰਤਰ ਵਾਧਾ ਕਰਨਾ ਹੈ।

## ਸੁਪਰੀਮ ਕਾਨਵੈਂਟ ਸਕੂਲ 'ਚ ਮਨਾਇਆ ਤੀਜ ਮੇਲਾ



**ਹਠੂਰ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਮੋਗਾ ਵਿਖੇ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਗਿਆ।ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜੇ ਦਿਨ ਭਾਵ ਚਾਨਣੀ ਤੀਜ ਤੋਂ ਤੀਆਂ ਸ਼ੁਰੂ ਹੁੰਦੀਆਂ ਹਨ।ਇਹ ਤਿਉਹਾਰ ਖ਼ਾਸ ਤੌਰ 'ਤੇ ਇਸਤਰੀਆਂ ਦਾ ਤਿਉਹਾਰ ਹੈ।ਇਸ ਲਈ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਵੱਲੋਂ ਵਿਦਿਆਰਥਣਾਂ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਲੋਕ-ਨਾਚ ਦੁਆਰਾ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕੀਤੀ ਗਈ, ਜਿਸ ਵਿੱਚ ਤ੍ਰਿੰਝਣ, ਪੰਜਾਬੀ ਰਸੋਈ, ਪੀਂਘਾਂ, ਵਣਜਾਰਾ ਆਦਿ ਦ੍ਰਿਸ਼ ਸਭ ਲਈ ਆਕਰਸ਼ਣ ਦਾ ਕੇਂਦਰ ਸਨ।ਇਸ ਦਿਨ ਸਾਰੀਆਂ ਵਿਦਿਆਰਥਣਾਂ ਪੰਜਾਬੀ ਪਹਿਰਾਵੇ ਵਿੱਚ ਫੱਬੀਆਂ ਹੋਈਆਂ ਸਨ, ਜਿਸ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਨਜ਼ਰ ਆ ਰਹੀ ਸੀ।ਸਕੂਲ ਵੱਲੋਂ ਬੱਚਿਆਂ ਦੇ ਖਾਣ-ਪੀਣ ਲਈ ਤਰ੍ਹਾਂ-ਤਰ੍ਹਾਂ ਦੇ ਸਟਾਲ ਤੇ ਝੂਟਣ ਲਈ ਪੀਂਘਾਂ ਦਾ ਪ੍ਰਬੰਧ ਕੀਤਾ ਗਿਆ ਸੀ।ਬੱਚਿਆਂ ਨੇ ਖਾ-ਪੀ ਕੇ ਅਤੇ ਗਿੱਧੇ-ਭੰਗੜੇ ਪਾ ਕੇ ਖੂਬ ਆਨੰਦ ਮਾਣਿਆ, ਜੋ ਉਨ੍ਹਾਂ ਲਈ ਅਭੁੱਲ ਯਾਦ ਬਣ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਸਕੂਲ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਇਸ ਮੌਕੇ 'ਤੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਅਤੇ ਵਿਦਿਆਰਥਣਾਂ ਦੁਆਰਾ ਆਯੋਜਤ ਕੀਤੇ ਗਏ।

## ਜ਼ੋਨ ਪੱਧਰੀ ਖੇਡਾਂ 'ਚ ਮਾਊਂਟ ਲਿਟਰਾ ਜ਼ੀ ਸਕੂਲ ਨੇ ਜਿੱਤੇ ਮੈਡਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੰਡੀ ਕਲਾਂ ਵਿਖੇ ਹੋਈਆਂ ਜ਼ੋਨ ਪੱਧਰੀ ਪੰਜਾਬ ਸਕੂਲ ਖੇਡਾਂ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਦੇ ਵਿਦਿਆਰਥੀਆਂ ਨੇ 'ਟੱਗ ਆਫ ਵਾਰ' ਮੁਕਾਬਲੇ ਵਿੱਚ ਭਾਗ ਲੈਂਦਿਆਂ ਜਿੱਤਾਂ ਦਰਜ ਕੀਤੀਆਂ, ਜਿਸ ਵਿੱਚ ਸਕੂਲ ਦੀ 17 ਸਾਲ ਵਰਗ ਵਿੱਚ ਕੁੜੀਆਂ ਨੇ ਚਾਂਦੀ ਦਾ ਤਮਗਾ ਅਤੇ 19 ਸਾਲ ਵਰਗ ਵਿੱਚ ਕੁੜੀਆਂ ਨੇ ਕਾਂਸੀ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆ ਤੇ ਸਕੂਲ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਾਊਂਟ ਲਿਟਰਾ ਜ਼ੀ ਸਕੂਲ ਦਾ ਮੁੱਖ ਉਦੇਸ਼ ਇਲਾਕੇ ਦੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਤੇ ਚੰਗੀ ਆਊਟਪੁਟ ਦੇਣਾ ਹੈ, ਤਾਂ ਜੋ ਸਕੂਲ ਦਾ ਹਰ ਵਿਦਿਆਰਥੀ ਜੀਵਨ ਵਿੱਚ ਅੱਗੇ ਵਧ ਸਕੇ। ਉਨ੍ਹਾਂ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਸਕੂਲ ਤੋਂ ਗ੍ਰੈਜੂਏਟ ਹੋਣ ਵਾਲਾ ਹਰ ਵਿਦਿਆਰਥੀ ਇੱਕ ਸਫਲ ਵਿਅਕਤੀ ਬਣੇ ਅਤੇ ਜੀਵਨ ਦੇ ਹਰ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰੇ ਤਾਂ ਜੋ ਸਕੂਲ ਤੇ ਦੇਸ਼ ਦੇ ਨਾਲ-ਨਾਲ ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ 'ਤੇ ਮਾਣ ਮਹਿਸੂਸ ਹੋਵੇ।

## ਸ਼ਿਵਾਲਿਕ ਕਿਡਜ਼ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ਼ਿਵਾਲਿਕ ਕਿਡਜ਼ ਸਕੂਲ ਵਿੱਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਬੱਚੇ ਰੰਗ-ਬਿਰੰਗੇ ਪਹਿਰਾਵੇ ਪਹਿਨ ਕੇ ਆਏ ਤੇ ਨੱਚਦੇ-ਟੱਪਦੇ ਤੀਜ ਗੀਤ ਗਾਏ।ਨੌਜਵਾਨ ਵਿਦਿਆਰਥੀਆਂ ਨੇ ਭੰਗੜਾ ਅਤੇ ਗਿੱਧਾ ਲੋਕ ਨਾਚ 'ਤੇ ਢੋਲ ਦੀਆਂ ਤਾਲਾਂ 'ਤੇ ਨੱਚਿਆ। ਵਿਦਿਆਰਥੀਆਂ ਨੇ ਰੰਗ-ਬਿਰੰਗੀਆਂ ਚੂੜੀਆਂ ਪਾ ਕੇ, ਹੱਥਾਂ 'ਤੇ ਮਹਿੰਦੀ ਲਾ ਕੇ ਅਤੇ ਖੁਸ਼ੀ ਨਾਲ ਕਿੱਕਲੀ ਵਜਾ ਕੇ ਤੀਜ ਦਾ ਤਿਉਹਾਰ ਮਨਾਇਆ।ਸਕੂਲ ਵਿੱਚ ਇੱਕ ਨਾਚ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਨ੍ਰਿਤ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਸਕੂਲ ਵਿੱਚ ਆਯੋਜਤ ਪ੍ਰੋਗਰਾਮ ਵਿੱਚ ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਹਿੰਦੀ ਮੁਕਾਬਲਿਆਂ ਵਿੱਚ ਹਿੱਸਾ ਲਿਆ।ਮੁਕਾਬਲੇ ਵਿੱਚ ਸੱਤਵੀਂ ਜਮਾਤ ਦੀ ਲਕਸ਼ਿਤਾ ਤੇ ਅੱਠਵੀਂ ਜਮਾਤ ਦੀ ਪੂਨਮ ਯਾਦਵ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਨਰਸਰੀ ਜਮਾਤ ਦੀ ਵਿਦਿਆਰਥਣ ਤਕਦੀਰ ਕੌਰ ਤੇ ਸੱਤਵੀਂ ਜਮਾਤ ਦੀ ਵਿਦਿਆਰਥਣ ਈਸ਼ੂ ਨੂੰ ਮਿਸ ਤੀਜ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਤੀਜ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ।

## ਸ੍ਰੀ ਰਾਮ ਕਾਲਜ ਡੱਲਾ 'ਚ ਅਰਦਾਸ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ



**ਹਠੂਰ (ਨਛੱਤਰ ਸੰਧੂ)**-ਸ੍ਰੀ ਰਾਮ ਕਾਲਜ ਡੱਲਾ ਵਿਖੇ ਸੈਸ਼ਨ 2025-26 ਦਾ ਸ਼ੁਭ ਆਰੰਭ ਸ੍ਰੀ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਾ ਕੇ ਕੀਤਾ ਗਿਆ। ਕਾਲਜ ਦੀ ਪ੍ਰਬੰਧਕ ਕਮੇਟੀ ਸਟਾਫ ਅਤੇ ਵਿਦਿਆਰਥੀਆਂ ਨੇ ਵੀ ਸ਼੍ਰੀ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।ਪ੍ਰਿੰਸੀਪਲ ਪ੍ਰੋਫੈਸਰ ਪ੍ਰਭਜੀਤ ਸਿੰਘ ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਦੇਵੀ ਚੰਦ ਸ਼ਰਮਾ ਜੀ ਨੇ ਸਟਾਫ਼ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਵਾਮੀ ਬੁੱਧ ਦੇਵ ਜੀ ਦੁਆਰਾ ਸਥਾਪਤ ਇਹ ਸੰਸਥਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ।ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਹਮੇਸ਼ਾ ਦੀ ਤਰ੍ਹਾਂ ਇਸ ਸਾਲ ਵੀ ਸਟਾਫ਼ ਪੂਰੀ ਮਿਹਨਤ ਅਤੇ ਲਗਨ ਨਾਲ ਅੱਗੇ ਵਧਦਾ ਹੋਇਆ ਵਿਦਿਆਰਥੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰੇਗਾ।ਉਨ੍ਹਾਂ ਨਵੇਂ ਸੈਸ਼ਨ 'ਚ ਦਾਖਲ ਹੋਏ ਵਿਦਿਆਰਥੀਆਂ ਨੂੰ ਵਧਾਈਆਂ ਦਿੰਦੇ ਹੋਏ ਸਖ਼ਤ ਮਿਹਨਤ ਕਰਕੇ ਤਰੱਕੀ ਦੇ ਰਾਹ 'ਤੇ ਤੁਰਨ ਦਾ ਸੰਦੇਸ਼ ਦਿੱਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਸ੍ਰੀਨਗਰ 'ਚ ਸਮਾਗਮ ਦੌਰਾਨ ਮਰਯਾਦਾ ਦੀ ਹੋਈ ਉਲੰਘਣਾ ਨੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ



ਸਮਰਪਿਤ ਕਰਵਾਏ ਸਮਾਗਮ ਦੌਰਾਨ ਮਰਯਾਦਾ ਦੀ ਹੋਈ ਉਲੰਘਣਾ ਨੇ ਸਿੱਖ ਹਿਰਦਿਆਂ ਨੂੰ ਡੂੰਘੀ ਠੇਸ ਪਹੁੰਚਾਈ ਹੈ।ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਧਾਰਮਿਕ ਖੇਤਰ ਅਤੇ ਮਰਯਾਦਾ ਪ੍ਰਤੀ ਪਕੜ ਨਾ ਹੋਣ ਕਾਰਨ ਅਤੇ ਜ਼ਿੱਦ ਨਾਲ ਰੱਖੇ ਸਮਾਗਮਾਂ ਕਾਰਨ ਗੁਰੂ ਸਾਹਿਬ ਦੀ ਪਵਿੱਤਰ ਸ਼ਹਾਦਤ ਦੀ ਭਾਵਨਾ ਨੂੰ ਸੱਟ ਵੱਜੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਧਾਰਮਿਕ ਸਮਾਗਮਾਂ ਵਿੱਚ ਅਵੱਗਿਆ ਹੋ ਸਕਦੀ ਹੈ, ਇਸੇ ਲਈ ਸ਼੍ਰੋਮਣੀ ਕਮੇਟੀ ਨੇ ਸਰਕਾਰ ਵੱਲੋਂ ਐਲਾਨੇ ਪ੍ਰੋਗਰਾਮ ਪ੍ਰਤੀ ਖਦਸ਼ਾ ਪ੍ਰਗਟਾਇਆ ਸੀ।ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸਰਕਾਰ ਵੱਲੋਂ ਸ੍ਰੀਨਗਰ ਵਿਖੇ ਕਰਵਾਏ ਸਮਾਗਮ ਵਿਚ ਮਰਯਾਦਾ ਦੀ ਹੋਈ ਉਲੰਘਣਾ ਨੂੰ ਲੈ ਕੇ ਸੰਗਤਾਂ ਵੱਲੋਂ ਬਹੁਤ ਸਾਰੀਆਂ ਸ਼ਿਕਾਇਤਾਂ ਪੁੱਜ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕੀ ਪ੍ਰਬੰਧਕ ਸਪੱਸ਼ਟ ਕਰਨਗੇ ਕਿ ਗੁਰੂ ਸਾਹਿਬ ਦੇ ਉਪਦੇਸ਼ਾਂ ਵਿਰੁੱਧ ਹੋਏ ਇਸ ਸਮਾਗਮ ਦਾ ਆਉਣ ਵਾਲੀਆਂ ਪੀੜ੍ਹੀਆਂ 'ਤੇ ਕੀ ਪ੍ਰਭਾਵ ਪਵੇਗਾ? ਉਨ੍ਹਾਂ ਪੰਜਾਬ ਦੇ ਮੰਤਰੀ ਸ. ਹਰਜੋਤ ਸਿੰਘ ਬੈਂਸ ਨੂੰ ਸਿੱਧਾ ਸਵਾਲ ਕਰਦਿਆਂ ਕਿਹਾ ਕਿ ਉਸ ਦਿਨ ਸਰਕਾਰ ਤੌਰ 'ਤੇ ਸਮਾਗਮਾਂ ਦਾ ਐਲਾਨ ਵੀ ਇਨ੍ਹਾਂ ਵੱਲੋਂ ਕੀਤਾ ਗਿਆ ਸੀ, ਜਿਸ 'ਤੇ ਸ਼੍ਰੋਮਣੀ ਕਮੇਟੀ ਇਤਰਾਜ਼ ਕੀਤਾ ਸੀ।ਐਡਵੋਕੇਟ ਧਾਮੀ ਨੇ ਕਿਹਾ ਕਿ ਅਸੀਂ ਅੱਜ ਵੀ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸ਼ਹੀਦੀ ਸ਼ਤਾਬਦੀ ਮੌਕੇ ਸਮਾਗਮਾਂ ਨੂੰ ਵੱਕਾਰ ਦਾ ਸਵਾਲ ਨਾ ਬਣਾਓ।

# ਸਤਨਾਮ ਸਿੰਘ ਕਰਮੂੰਵਾਲਾ ਦਰਜਨਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ 'ਚ ਸ਼ਾਮਿਲ



**ਚੋਹਲਾ ਸਾਹਿਬ (ਰਮਨ ਚੱਢਾ)**- ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਇਥੋਂ ਨੇੜਲੇ ਪਿੰਡ ਕਰਮੂੰਵਾਲਾ ਦਾ ਵਸਨੀਕ ਤੇ ਮਾਝੇ ਦਾ ਸੀਨੀਅਰ ਨੌਜਵਾਨ ਅਕਾਲੀ ਆਗੂ ਤੇ ਉੱਘਾ ਕਾਰੋਬਾਰੀ ਸਤਨਾਮ ਸਿੰਘ ਕਰਮੂਵਾਲਾ ਆਪਣੇ ਦਰਜਨਾਂ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਫ਼ਤਿਹ ਬੁਲਾ ਕੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਤੇ ਪੰਜਾਬ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਜੈਕਾਰਿਆਂ ਤੇ ਨਾਅਰਿਆਂ ਦੀ ਗੂੰਜ 'ਚ ਮੁੜ ਕਾਂਗਰਸ ਪਾਰਟੀ 'ਚ ਪਿੰਡ ਕਰਮੂੰਵਾਲਾ ਦੇ ਗੁਰਦੁਆਰਾ ਸਾਹਿਬ 'ਚ ਭਰਵੀ ਇਕੱਤਰਤਾ 'ਚ ਸ਼ਾਮਿਲ ਹੋ ਗਿਆ। ਇਸ ਮੌਕੇ ਉਨ੍ਹਾਂ ਨਾਲ ਖੁਦ ਸਤਨਾਮ ਸਿੰਘ ਕਰਮੂੰਵਾਲਾ, ਮਲਕੀਤ ਸਿੰਘ, ਅਮਰੀਕ ਸਿੰਘ, ਸਾਹਿਬ ਸਿੰਘ, ਸੁਖਚੈਨ ਸਿੰਘ, ਜਸਵੰਤ ਸਿੰਘ ਭੱਠਲ, ਗੁਰਚਰਨ ਸਿੰਘ, ਨੰਬਰਦਾਰ ਸੁਖਦੇਵ ਸਿੰਘ, ਦਿਲਬਾਗ ਸਿੰਘ ਫੌਜੀ ਸਾਬਕਾ ਪੰਚ, ਕਾਰਜ ਸਿੰਘ ਫੌਜੀ, ਵਿਰਸਾ ਸਿੰਘ, ਬਾਬਾ ਸੁਖਚੈਨ ਸਿੰਘ, ਪ੍ਰਤਾਪ ਸਿੰਘ, ਸਰਬਜੀਤ ਸਿੰਘ, ਗੁਰਜੀਤ ਸਿੰਘ, ਜੋਬਨਪ੍ਰੀਤ ਸਿੰਘ, ਸੁਲੱਖਣ ਸਿੰਘ, ਹਰਦੇਵ ਸਿੰਘ, ਬਾਬਾ ਸੁਖਦੇਵ ਸਿੰਘ, ਬਲਵਿੰਦਰ ਸਿੰਘ ਬਿੰਦਾ, ਬਲਵੀਰ ਸਿੰਘ, ਸਲਵਿੰਦਰ ਸਿੰਘ ਸਾਬਕਾ ਸਰਪੰਚ, ਹਰਦੀਪ ਸਿੰਘ ਵਪਾਰੀ, ਗੁਰਦਿਆਲ ਸਿੰਘ, ਸਵਰਨ ਸਿੰਘ, ਗੁਰਦੇਵ ਸਿੰਘ, ਬਾਜ ਸਿੰਘ, ਪਰਮਜੀਤ ਸਿੰਘ ਫੌਜੀ, ਬਾਜ ਸਿੰਘ ਬਾਜੀ, ਪਲਵਿੰਦਰ ਸਿੰਘ ਪੱਬਾ, ਜੋਬਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਨਿਸ਼ਾਨ ਸਿੰਘ ਕਾਲਾ, ਮੁਖਤਾਰ ਸਿੰਘ ਮੁੱਖਾ ਆਦਿ ਚਾਰ ਦਰਜਨ ਦੇ ਕਰੀਬ ਵੱਖ-ਵੱਖ ਪਾਰਟੀਆਂ ਦੇ ਸਰਗਰਮ ਆਗੂ ਤੇ ਵਰਕਰ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਗਏ।

# ਸ਼ਹੀਦ ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੁੰਦਰ ਦਸਤਾਰ ਮੁਕਾਬਲੇ ਕਰਵਾਏ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਅਕਾਲ ਅਕੈਡਮੀ ਤਿੱਬੜ ਵਿਖੇ ਧੰਨ ਧੰਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੁੰਦਰ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਪ੍ਰਿੰ. ਗੁਰਵਿੰਦਰ ਕੌਰ ਨੇ ਦੱਸਿਆ ਕਿ ਇਸ ਦੌਰਾਨ ਲੜਕੀਆਂ ਦੇ ਦੁਮਾਲਾ ਸਜਾਉਣ ਵਿੱਚ ਪਹਿਲੇ ਦਰਜੇ (ਛੇਵੀਂ ਤੋਂ ਅੱਠਵੀਂ) ਦੇ ਮੁਕਾਬਲਿਆਂ ਵਿੱਚ ਉਂਕਾਰਪ੍ਰੀਤ ਕੌਰ ਨੇ ਪਹਿਲਾ, ਹਰਲੀਨ ਕੌਰ ਨੇ ਦੂਸਰਾ ਅਤੇ ਐਸ਼ਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਕ੍ਰਮਵਾਰ 800 ਰੁਪਏ, 500 ਰੁਪਏ ਅਤੇ 300 ਰੁਪਏ ਨਕਦ ਰਾਸ਼ੀ ਇਨਾਮ ਪ੍ਰਾਪਤ ਕੀਤੇ।



ਦੂਜੇ ਦਰਜੇ (ਨੌਂਵੀਂ ਤੋਂ ਬਾਰ੍ਹਵੀਂ) ਦੁਮਾਲਾ ਸਜਾਉਣ ਮੁਕਾਬਲੇ ਵਿੱਚ ਮਹਿਕਪ੍ਰੀਤ ਕੌਰ ਨੇ ਪਹਿਲਾ ਸਥਾਨ, ਪਰਮੀਤ ਕੌਰ ਨੇ ਦੂਜਾ ਸਥਾਨ ਅਤੇ ਅਰਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ 1100 ਰੁਪਏ, 800 ਰੁਪਏ, 500 ਰੁਪਏ ਨਕਦ ਰਾਸ਼ੀ ਇਨਾਮ ਪ੍ਰਾਪਤ ਕੀਤੇ। ਲੜਕਿਆਂ ਦੇ ਦੁਮਾਲਾ ਸਜਾਉਣ ਦੇ ਮੁਕਾਬਲਿਆਂ ਵਿੱਚ ਪਹਿਲੇ ਦਰਜੇ (ਛੇਵੀਂ ਤੋਂ ਅੱਠਵੀਂ) ਵਿੱਚ ਬਲਜਿੰਦਰ ਸਿੰਘ ਪਹਿਲਾ, ਅਸਮੀਤ ਸਿੰਘ ਦੂਸਰਾ ਅਤੇ ਮਨਕੀਰਤ ਸਿੰਘ ਤੇ ਬਿਕਰਮਜੀਤ ਸਿੰਘ ਤੀਸਰਾ ਸਥਾਨ ਹਾਸਿਲ ਕਰਕੇ 800, 500, 300 ਤੇ 300 ਰੁਪਏ ਨਗਦ ਰਾਸ਼ੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਦੂਸਰੇ ਦਰਜੇ (ਨੌਂਵੀਂ ਤੋਂ ਬਾਰ੍ਹਵੀਂ) ਲੜਕਿਆਂ ਵਿੱਚੋਂ ਅਭਿਜੋਤ ਸਿੰਘ ਪਹਿਲਾ ਸਥਾਨ, ਨਵਨੂਰ ਸਿੰਘ ਦੂਸਰਾ ਸਥਾਨ ਅਤੇ ਮਨਿੰਦਰਜੀਤ ਸਿੰਘ ਨੇ ਸਥਾਨ ਹਾਸਲ ਕਰਕੇ ਕਰਮਵਾਰ 1100 ਰੁਪਏ, 800 ਰੁਪਏ, 500 ਰੁਪਏ ਨਕਦ ਰਾਸ਼ੀ ਇਨਾਮ ਪ੍ਰਾਪਤ ਕੀਤੇ। ਨੌਂਵੀਂ ਤੋਂ ਬਾਰ੍ਹਵੀਂ ਜਮਾਤ (ਲੜਕਿਆਂ) ਦੇ ਦਸਤਾਰ ਸਜਾਉਣ ਮੁਕਾਬਲੇ ਵਿੱਚ ਸੁਮੀਤਪਾਲ ਸਿੰਘ ਨੇ ਪਹਿਲਾ ਸਥਾਨ, ਕਰਨਵੀਰ ਸਿੰਘ ਨੇ ਦੂਜਾ ਅਤੇ ਰੱਬਰੂਪ ਸਿੰਘ ਨੇ ਤੀਜਾ ਸਥਾਨ ਹਾਸਲ ਕਰਕੇ ਕਰਮਵਾਰ 1100,800 ਤੇ 500 ਰੁਪਏ ਨਗਦ ਰਾਸ਼ੀ ਇਨਾਮ ਹਾਸਲ ਕੀਤੇ।ਇਸ ਮੌਕੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਬੱਚਿਆਂ ਨੂੰ ਸ਼ਹੀਦਾਂ ਦੀਆਂ ਪੈੜਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਵਿਕਾਸ ਕਾਰਜਾਂ ਨੂੰ ਲੈ ਕੇ ਕਟਾਰੂਚੱਕ ਵੱਲੋਂ ਨਰੋਟ ਜੈਮਲ ਸਿੰਘ ਬਲਾਕ ਦੀਆਂ ਪੰਚਾਇਤਾਂ ਨਾਲ ਵਿਸ਼ੇਸ਼ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਦੇ ਅੰਦਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਪਿੰਡਾਂ ਦੇ ਵਿਕਾਸ ਦੇ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਨ ਸਭਾ ਹਲਕਾ ਭੋਆ ਦੇ ਨਰੋਟ ਜੈਮਲ ਸਿੰਘ ਬਲਾਕ ਦੀਆਂ



ਲਗਭਗ 25 ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ। ਇਹ ਜਾਣਕਾਰੀ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਵਿਖੇ ਬਲਾਕ ਘਰੋਟਾ ਦੀਆਂ ਵੱਖ-ਵੱਖ ਪੰਚਾਇਤਾਂ ਨਾਲ ਮੀਟਿੰਗ ਕਰਨ ਮਗਰੋਂ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਸੈੱਲ, ਖੁਸ਼ਬੀਰ ਕਾਟਲ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਪ੍ਰਸ਼ਾਸਨਿਕ ਅਧਿਕਾਰੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਕਟਾਰੂਚੱਕ ਨੇ ਕਿਹਾ ਕਿ ਰੰਗਲਾ ਪੰਜਾਬ ਅਧੀਨ 5 ਕਰੋੜ ਰੁਪਏ ਹਲਕੇ ਦੇ ਵਿਕਾਸ ਲਈ, ਇੱਕ ਕਰੋੜ ਰੁਪਏ ਉਨ੍ਹਾਂ ਦੇ ਵਿਵੇਕੀ ਗ੍ਰਾਂਟ ਅਧੀਨ, ਵਣ ਵਿਭਾਗ ਵੱਲੋਂ ਵੀ ਵੱਡੀਆਂ ਰਕਮਾਂ ਨੇਚਰ ਪਾਰਕ ਬਣਾਉਣ ਲਈ ਖਰਚ ਕੀਤੇ ਜਾ ਰਹੇ ਹਨ।ਜਲਦੀ ਹੀ ਹਲਕੇ ਦੀ ਬਦਲੀ ਨੁਹਾਰ ਨਜ਼ਰ ਆਵੇਗੀ।ਆਉਣ ਵਾਲੇ ਦਿਨਾਂ ਦੌਰਾਨ ਵਿਧਾਨ ਸਭਾ ਹਲਕਾ ਭੋਆ ਅੰਦਰ ਕਰੀਬ 23 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣ ਵਾਲੀਆਂ ਸੜਕਾਂ ਦਾ ਵੀ ਨਿਰਮਾਣ ਕਾਰਜ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਵੱਖ-ਵੱਖ ਪੰਚਾਇਤਾਂ ਵੱਲੋਂ ਕੁਝ ਵਿਕਾਸ ਕਾਰਜ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੇ ਗਏ ਹਨ।ਉਹ ਵੀ ਵਿਕਾਸ ਕਾਰਜ ਕੀਤੇ ਜਾਣਗੇ।



## ਡੀ ਆਰ ਹੈਰੀਟੇਜ ਪਬਲਿਕ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

**ਬਟਾਲਾ: (ਡਾ. ਮਲਵਿੰਦਰ ਸਿੰਘ)**- ਡੀ. ਆਰ. ਹੈਰੀਟੇਜ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰ. ਹਰਪ੍ਰੀਤ ਕੌਰ ਸਮੂਹ ਅਧਿਆਪਕ ਸਾਹਿਬਾਨ ਅਤੇ ਸਮੂਹ ਸਕੂਲ ਦੀਆਂ ਵਿਦਿਆਰਥਣਾਂ ਸ਼ਾਮਿਲ ਸਨ।ਇਸ ਮੌਕੇ ਸਕੂਲ ਤੋਂ ਪਹਿਲਾਂ ਤੀਆਂ ਦੇ ਤਿਉਹਾਰ ਦੀ ਮਹੱਤਤਾ ਅਤੇ ਤੀਆਂ ਦੇ ਤਿਉਹਾਰ ਪੰਜਾਬ ਵਿੱਚ ਕੀ ਮਹੱਤਤਾ ਰੱਖਦਾ ਹੈ, ਬਾਰੇ ਜਾਣਕਾਰੀ ਦਿੱਤੀ ਗਈ।ਵਿਦਿਆਰਥਣਾਂ ਦੁਆਰਾ ਸੱਭਿਆਚਾਰ ਨਾਲ ਸਬੰਧਤ ਲੋਕ ਨਾਚ ਪੇਸ਼ ਕੀਤੇ ਗਏ। ਮਹਿੰਦੀ, ਚੂੜੀਆਂ ਅਤੇ ਖਾਣ ਪੀਣ ਦੀਆਂ ਵਸਤਾਂ ਦੇ ਸਟਾਲ ਵੀ ਲਗਾਏ ਗਏ।ਅੰਤ ਵਿੱਚ ਮਿਸ ਤੀਜ ਦੀ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਮਿਸ ਤੀਜ ਦਾ ਖਿਤਾਬ ਪੰਜਵੀਂ ਜਮਾਤ ਦੀ ਹਰ ਸੀਰਤ ਕੌਰ ਨੇ ਜਿੱਤਿਆ ।ਪ੍ਰਿੰ. ਹਰਪ੍ਰੀਤ ਕੌਰ ਨੇ ਸਭ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ।

# ਦਿਹਾਤੀ ਮਜ਼ਦੂਰ ਸਭਾ ਤੇ ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਮੁੰਡਾ ਪਿੰਡ 'ਚ ਭਰਵੀਂ ਮੀਟਿੰਗ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦਿਹਾਤੀ ਮਜ਼ਦੂਰ ਸਭਾ ਅਤੇ ਮਨਰੇਗਾ ਵਰਕਰਜ਼ ਯੂਨੀਅਨ ਦੀ ਭਰਵੀਂ ਮੀਟਿੰਗ ਹਾਰਾ ਸਿੰਘ ਮੁੰਡਾ ਪਿੰਡ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪੇਂਡੂ ਤੇ ਦਿਹਾਤੀ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 4 ਅਗਸਤ ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਜੰਡਿਆਲਾ ਗੁਰੂ ਦੀ ਰਹਾਇਸ਼ 'ਤੇ ਦਿੱਤੇ ਜਾ ਰਹੇ ਧਰਨੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਵੈਰੋਵਾਲ, ਮਨਰੇਗਾ ਵਰਕਰ ਯੂਨੀਅਨ ਦੇ ਜਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਦਿਹਾਤੀ ਮਜ਼ਦੂਰਾਂ ਦੇ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਘੱਟੋ-ਘੱਟ 700 ਰੁਪਏ ਦਿੱਤੀ ਜਾਵੇ, ਕਸਬਿਆਂ ਤੇ ਸ਼ਹਿਰਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰਕੇ ਇਥੇ ਰਹਿੰਦੇ ਮਜ਼ਦੂਰਾਂ ਨੂੰ ਵੀ ਕੰਮ ਦੇਣ ਦਾ ਪ੍ਰਬੰਧ ਕੀਤਾ ਜਾਵੇ। ਪੰਡੋਰੀ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਦਾ ਕੰਮ ਬੰਦ ਕੀਤਾ ਹੋਇਆ ਹੈ।ਕੰਮ ਤੁਰੰਤ ਚਾਲੂ ਕਰਾਇਆ ਜਾਵੇ ਅਤੇ 100ਦਿਨ ਕੰਮ ਦੀ ਗਰੰਟੀ ਕਾਨੂੰਨ ਨੂੰ ਯਕੀਨੀ



ਬਣਾਇਆ ਜਾਵੇ ।ਉਨ੍ਹਾਂ ਕਿਹਾ ਕਿ ਮਨਰੇਗਾ ਕੰਮ ਚ ਫੈਲੇ ਭ੍ਰਿਸ਼ਟਾਚਾਰ ਦੀ ਜਾਂਚ ਕਰਾਈ ਜਾਵੇ ।ਪੰਡੋਰੀ ਨੇ ਦੱਸਿਆ ਕਿ ਮਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 12 ਅਗਸਤ ਨੂੰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ ।ਇਸ ਮੌਕੇ ਕੁਲਦੀਪ ਸਿੰਘ, ਲਖਬੀਰ ਸਿੰਘ, ਬੂਟਾ ਸਿੰਘ, ਸੁਰਜੀਤ ਸਿੰਘ ਅਤੇ ਅਮਰੀਕ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਗਲੀ 'ਚ ਇੰਟਰਲਾਕ ਟਾਈਲਾਂ ਲਾਉਣ 'ਤੇ ਮੁਹੱਲੇ ਦੇ ਲੋਕਾਂ ਵੱਲੋਂ ਪੰਚਾਇਤ ਦਾ ਧੰਨਵਾਦ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪਿੰਡ ਨਿਮਾਣੇ ਵਿੱਚ ਪਿੰਡ ਦੇ ਸਰਪੰਚ ਗਗਨਦੀਪ ਸਿੰਘ ਦੇ ਯਤਨਾਂ ਸਦਕਾ ਪਿੰਡ ਦੀ ਗਲੀ ਵਿੱਚ ਇੰਟਰਲਾਕ ਟਾਈਲਾਂ ਲਗਾ ਕੇ ਗਲੀ ਨੂੰ ਪੱਕਿਆਂ ਕਰਨ ਅਤੇ ਹੋਰ ਪਿੰਡ ਵਿੱਚ ਵਿਕਾਸ ਕੰਮ ਹੋਏ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਰਪੰਚ ਗਗਨਦੀਪ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਮੰਗ ਅਨੁਸਾਰ ਕੱਚੀ ਗਲੀ ਨੂੰ ਇੰਟਰਲਾਕ ਟਾਈਲਾਂ ਲਗਾ ਕੇ ਪੱਕੇ ਤੌਰ 'ਤੇ ਬਣਾਇਆ ਗਿਆ। ਕਬਰਸਤਾਨ ਦੀ ਚਾਰਦਿਵਾਰੀ ਕਰਵਾਈ ਗਈ।



ਛੱਪੜ ਦੀ ਸਫਾਈ ਕਰਵਾਈ ਤੇ ਨਾਲ ਹੀ ਪਿੰਡ ਦੇ ਆਲੇ ਦੁਆਲੇ ਚਾਰ ਹੈਂਡ ਪੰਪ ਲਵਾਏ ਗਏ।ਪਾਣੀ ਦੀ ਨਿਕਾਸੀ ਲਈ ਨਾਲਾ ਬਣਾਇਆ ਗਿਆ।ਉਨ੍ਹਾਂ ਦੱਸਿਆ ਕਿ ਪਿੰਡ ਨੂੰ ਇਲਾਕੇ ਵਿੱਚੋਂ ਮੋਹਰੀ ਬਣਾਇਆ ਜਾਵੇਗਾ ਅਤੇ ਪਿੰਡ ਵਿੱਚ ਕੋਈ ਵੀ ਵਿਕਾਸ ਅਧੂਰਾ ਨਹੀਂ ਰਹਿਣ ਦਿੱਤਾ ਜਾਵੇਗਾ।ਪਿੰਡ ਵਾਸੀਆਂ ਨੇ ਪਿੰਡ ਦੇ ਕੀਤੇ ਵਿਕਾਸ ਲਈ ਪੰਚਾਇਤ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਗਗਨਦੀਪ ਸਿੰਘ ਤੋਂ ਇਲਾਵਾ ਮੈਂਬਰ ਕੁਲਦੀਪ ਸਿੰਘ , ਮੈਂਬਰ ਰਣਦੀਪ ਸਿੰਘ ਗੋਲਡੀ, ਮੈਂਬਰ ਰਣਜੀਤ ਸਿੰਘ ਲਾਡੀ, ਸਾਹਿਬ ਸਿੰਘ, ਕਰਮ ਸਿੰਘ, ਸਿਕੰਦਰ, ਸੁੱਖਾ, ਡੈਨੀਅਲ ਮਸੀਹ, ਮੇਜਰ ਸਿੰਘ, ਮੇਜਰ ਮਸੀਹ, ਅਜੈਬ ਸਿੰਘ ਆਦੀ ਹਾਜ਼ਰ ਸਨ ।

## ਸੀ ਐੱਚ ਸੀ ਸਰਹਾਲੀ ਦੀਆਂ ਮੁਲਾਜ਼ਮ ਮੁਟਿਆਰਾਂ ਨੇ ਤੀਆਂ ਦਾ ਤਿਓਹਾਰ ਮਨਾਇਆ

**ਚੋਹਲਾ ਸਾਹਿਬ (ਰਮਨ ਚੱਢਾ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਦੀਆਂ ਸਟਾਫ ਮੁਟਿਆਰਾਂ ਵੱਲੋਂ ਤੀਆਂ ਦਾ ਤਿਓਹਾਰ ਬੜੀ ਧੂਮਧਾਮ ਅਤੇ ਜੋਸ਼ ਨਾਲ ਮਨਾਇਆ। ਇਸ ਸਮੇਂ ਮਨਦੀਪ ਕੌਰ ਰੇਡੀਓਗ੍ਰਾਫਰ, ਸ਼ਬਨਮ ਬੱਲ ਸਟਾਫ



ਨਰਸ, ਰੁਪਿੰਦਰ ਕੌਰ ਸਟਾਫ ਨਰਸ, ਸੰਦੀਪ ਕੌਰ ਚੰਬਾ ਸਟਾਫ ਨਰਸ, ਸੰਦੀਪ ਕੌਰ ਪੰਨੂ ਸਟਾਫ ਨਰਸ, ਸ਼ਰਨਜੀਤ ਕੌਰ ਸਟਾਫ ਨਰਸ, ਜਸਵਿੰਦਰ ਕੌਰ ਕੰਪਿਊਟਰ ਆਪ੍ਰੇਟਰ, ਗੁਰਵਿੰਦਰ ਕੌਰ ਸਟਾਫ ਨਰਸ, ਪਰਮਿੰਦਰਬੀਰ ਕੌਰ ਸਟਾਫ ਨਰਸ, ਕਵਲਜੀਤ ਕੌਰ ਸਟਾਫ ਨਰਸ, ਸੁਖਵਿੰਦਰ ਕੌਰ ਐਲ ਟੀ, ਪਰਮਜੀਤ ਕੌਰ ਐੱਲ ਟੀ, ਰਾਜਵਿੰਦਰ ਕੌਰ ਐੱਲ ਟੀ, ਕਸ਼ਮੀਰ ਕੌਰ ਐੱਲ ਟੀ, ਸਵਿੰਦਰ ਕੌਰ ਐੱਲ ਐੱਚ ਵੀ, ਨਰਿੰਦਰ ਕੌਰ ਸਟਾਫ ਨਰਸ, ਪ੍ਰਭਜੋਤ ਕੌਰ ਫਾਰਮੇਸੀ ਅਫਸਰ, ਕਵਲਜੀਤ ਕੌਰ ਸਟਾਫ ਨਰਸ ਆਰਬੀਐੱਸਕੇ, ਡਾਕਟਰ ਕੰਵਰਪ੍ਰੀਤ ਸਿੰਘ, ਜਸਕੀਰਤ ਸਿੰਘ ਫਾਰਮੇਸੀ ਅਫਸਰ ਆਦਿ ਹਾਜ਼ਰ ਸਨ।

# ਅੱਠਵੀਂ ਜਮਾਤ 'ਚੋਂ ਅੱਵਲ ਰਹਿਣ ਵਾਲੇ ਵਿਦਿਆਰਥੀ ਚੀਫ਼ ਖਾਲਸਾ ਦੀਵਾਨ ਵੱਲੋਂ ਸਨਮਾਨਿਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਅੱਠਵੀਂ ਜਮਾਤ (ਸੀਕੇਡੀ ਬੋਰਡ) ਵਿੱਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ



ਸਨਮਾਨਿਤ ਕੀਤਾ ਗਿਆ।ਸ਼ਹਿਨਾਜ਼ ਕੌਰ ਸਪੁੱਤਰੀ ਕੰਵਲਪ੍ਰੀਤ ਸਿੰਘ ਨੇ ਚੀਫ਼ ਖਾਲਸਾ ਦੀਵਾਨ ਦੀਆਂ ਸਮੂਹ ਬਰਾਂਚਾਂ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਸ. ਰਮਨੀਕ ਸਿੰਘ ਫ਼ਰੀਡਮ (ਆਨਰੇਰੀ ਸਕੱਤਰ), ਜਸਪਾਲ ਸਿੰਘ ਢਿੱਲੋਂ (ਐਡੀਸ਼ਨਲ ਆਨਰੇਰੀ ਸਕੱਤਰ ਅਤੇ ਚੇਅਰਮੈਨ, ਸੀਕੇਡੀ ਬੋਰਡ ਇਗਜ਼ਾਮ) ਸ. ਭੁਪਿੰਦਰ ਸਿੰਘ ਸੇਠੀ (ਮੈਂਬਰ ਬੋਰਡ ਕਮੇਟੀ), ਡਾ. ਅੰਮ੍ਰਿਤਪਾਲ ਸਿੰਘ ਚਾਵਲਾ (ਡਾਇਰੈਕਟਰ ਐਜੂਕੇਸ਼ਨ), ਸ. ਦਪਿੰਦਰ ਸਿੰਘ (ਡਾਇਰੈਕਟਰ ਸਪੋਰਟਸ ਵਿਭਾਗ) ਅਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ ਮੈਡਮ ਕੰਵਲਪ੍ਰੀਤ ਕੌਰ (ਜੀਟੀ ਰੋਡ), ਮੈਡਮ ਕਿਰਨਪ੍ਰੀਤ ਕੌਰ ਧਾਮੀ (ਪੰਡੋਰੀ ਖਜੂਰ), ਸਤਵੰਤ ਸਿੰਘ ਬੈਂਸ (ਤਰਨ ਤਾਰਨ) ਅਤੇ ਝਬਾਲ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਨੇ ਸ਼ਿਰਕਤ ਕੀਤੀ।ਪ੍ਰਿੰਸੀਪਲ ਅਨਰੀਤ ਬਾਵਾ ਨੇ ਆਏ ਹੋਏ ਮਹਿਮਾਨਾਂ ਅਤੇ ਬੱਚਿਆਂ ਦੇ ਮਾਪਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।



# ਫੋਕਲ ਪੁਆਇੰਟ ਐਸੋਸੀਏਸ਼ਨ ਤਰਨ ਤਾਰਨ ਦੀ ਸਰਬਸੰਮਤੀ ਨਾਲ ਚੋਣ ਹੋਈ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਫੋਕਲ ਪੁਆਇੰਟ ਐਸੋਸੀਏਸ਼ਨ ਤਰਨ ਤਾਰਨ ਦੀ ਵਿਸ਼ੇਸ਼ ਮੀਟਿੰਗ ਵਾਟਰ ਵਰਕਸ ਕੰਪਲੈਕਸ ਵਿਖੇ ਹੋਈ ਜਿਸ ਵਿੱਚ ਤਰਨ ਤਾਰਨ ਫੋਕਲ ਪੁਆਇੰਟ ਦੇ ਸਮੂਹ ਪਲਾਟ ਹੋਲਡਰਜ਼ ਵੱਲੋਂ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਗਈ।ਐਸੋਸੀਏਸ਼ਨ ਦੀ ਚੋਣ ਮੌਕੇ ਜਤਿੰਦਰਜੀਤ ਸਿੰਘ ਕੈਰੋਂ ਨੂੰ ਫੋਕਲ ਪੁਆਇੰਟ ਐਸੋਸੀਏਸ਼ਨ ਤਰਨ ਤਾਰਨ ਦਾ ਪ੍ਰਧਾਨ, ਜਗਜੀਤ ਸਿੰਘ ਢਿੱਲੋਂ ਜਨਰਲ ਸਕੱਤਰ, ਵਾਹਿਗੁਰੂ ਸਿੰਘ ਵਿੱਤ ਸਕੱਤਰ, ਪ੍ਰਿਤਪਾਲ ਸਿੰਘ ਲਾਟੀ ਮੀਤ ਪ੍ਰਧਾਨ, ਕਰਮਜੀਤ ਸਿੰਘ ਮੀਤ ਪ੍ਰਧਾਨ, ਵਿਕਾਸ ਚੋਪੜਾ ਜਾਇੰਟ ਵਿੱਤ ਸਕੱਤਰ, ਨਵਨੀਤ ਸਿੰਘ ਪ੍ਰੈੱਸ ਸਕੱਤਰ, ਜਤਿੰਦਰ ਸਿੰਘ ਪਨੇਸਰ, ਓਂਕਾਰ ਸਿੰਘ, ਦਲਜੀਤ ਸਿੰਘ ਬੇਦੀ, ਗੁਰਪ੍ਰੀਤ ਸਿੰਘ ਬਰਮਾ, ਰਜਿੰਦਰ ਸਿੰਘ ਬਾਊ, ਰਜਿੰਦਰ ਕੁੰਦਰਾ (ਸਾਰੇ ਮੁੱਖ ਸਲਾਹਕਾਰ) ਚੁਣੇ ਗਏ ਜਿਨ੍ਹਾਂ ਦਾ ਸਮੂਹ ਪਲਾਟ ਹੋਲਡਰਜ਼ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਤੇ ਇਸ ਚੋਣ ਪ੍ਰਤੀ ਨਿੱਘੀ ਮੁਬਾਰਕਬਾਦ ਦਿੱਤੀ ਗਈ।ਇਸ ਮੌਕੇ ਗੁਰਿੰਦਰ ਸਿੰਘ ਲੋਹੇ ਵਾਲਾ, ਸਾਹਿਬ ਸਿੰਘ, ਕੁਲਬੀਰ ਸਿੰਘ ਤੁੜ, ਇੰਦਰਪਾਲ ਸਿੰਘ ਵਾਲੀਆ, ਜਗਜੀਤ ਸਿੰਘ ਸਿਟੀ ਵਾਲੇ, ਰਾਜੂ ਗਰਿਲਾਂ ਵਾਲੇ, ਬਾਊ ਕਿੱਕੀ ਕੁਮਾਰ ਵਾਲੇ, ਜਗਰੂਪ ਸਿੰਘ ਗੋਲਡੀ, ਬਾਊ ਰਜੇਸ਼ ਕੁਮਾਰ, ਜਗਦੀਸ਼ ਜੋਸ਼ੀ, ਜਗਦੀਸ਼ ਸਿੰਘ, ਅਮਰ ਸਿੰਘ, ਗੁਰਦਿਆਲ ਸਿੰਘ, ਦਰਸ਼ਨ ਸਿੰਘ ਭੂਈ, ਗਗਨਦੀਪ ਸਿੰਘ,ਗੁਰਦੇਵ ਸਿੰਘ ਨਾਗੀ, ਸੁਖਵੰਤ ਸਿੰਘ, ਬਲਦੇਵ ਸਿੰਘ ਪੰਨੂ ਤੇ ਹੋਰ ਵੱਡੀ ਗਿਣਤੀ ਵਿੱਚ ਪਲਾਟ ਹੋਲਡਰਜ਼ ਹਾਜ਼ਰ ਸਨ।

# ਧਾਮੀ ਦੀ ਅਗਵਾਈ 'ਚ ਸਿੱਖ ਸਲਾਹਕਾਰ ਬੋਰਡ ਦੀ ਇਕੱਤਰਤਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੀ ਇਕੱਤਰਤਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਦੀ ਅਗਵਾਈ 'ਚ ਹੋਈ।ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਡਿਜੀਟਲ ਮਾਧਿਅਮ ਰਾਹੀਂ ਹੋਈ ਇਸ ਮੀਟਿੰਗ ਵਿਚ ਗੁਰਮੀਤ ਸਿੰਘ ਰੰਧਾਵਾ ਯੂਕੇ, ਡਾ. ਕਵਲਜੀਤ ਕੌਰ ਯੂਕੇ, ਰਾਜਬੀਰ ਸਿੰਘ ਕੈਨੇਡਾ, ਮਾਸਟਰ ਮਹਿੰਦਰ ਸਿੰਘ, ਗੁਰਚਰਨ ਸਿੰਘ ਲਾਂਬਾ ਅਮਰੀਕਾ, ਬਲਵੰਤ ਸਿੰਘ ਧਾਮੀ, ਭਾਈ ਗੁਰਬਖ਼ਸ਼ ਸਿੰਘ ਗੁਲਸ਼ਨ ਯੂਕੇ ਨੇ ਸ਼ਮੂਲੀਅਤ ਕੀਤੀ।ਇਕੱਤਰਤਾ ਦੌਰਾਨ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਅੰਤਰਰਾਸ਼ਟਰੀ ਪ੍ਰਸੰਗ ਵਿਚ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ, ਉਥੇ ਹੀ ਸ਼੍ਰੋਮਣੀ ਕਮੇਟੀ ਵੱਲੋਂ ਆਰੰਭੇ ਯਤਨਾਂ ਨੂੰ ਸਮਰਥਨ ਦੇਣ ਦੀ ਵਚਨਬੱਧਤਾ ਵੀ ਪ੍ਰਗਟਾਈ।ਇਕੱਤਰਤਾ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰਾਂ ਨੇ ਬਹੁਤ ਕੀਮਤੀ ਸੁਝਾਅ ਦਿੱਤੇ ਹਨ, ਜੋ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਲਈ ਲਾਹੇਵੰਦ ਸਾਬਤ ਹੋਣਗੇ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਓਐੱਸਡੀ ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਤੇ ਸਲਾਹਕਾਰ ਬੋਰਡ ਦੇ ਕੋਆਰਡੀਨੇਟਰ ਜਸਵਿੰਦਰ ਸਿੰਘ ਜੱਸੀ, ਹਰਭਜਨ ਸਿੰਘ ਵਕਤਾ, ਕਰਮਜੀਤ ਸਿੰਘ ਇੰਚਾਰਜ ਇੰਟਰਨੈੱਟ ਤੇ ਹੋਰ ਮੌਜੂਦ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਵਿਖੇ ਬੈਡਮਿੰਟਨ ਕੋਰਟ ਦਾ ਉਦਘਾਟਨ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 25 ਜੁਲਾਈ ਨੂੰ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਦੇ ਵਿਸ਼ੇਸ਼ ਯਤਨਾਂ ਸਦਕਾ



ਬੈਡਮਿੰਟਨ ਕੋਰਟ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਰਮਨੀਕ ਸਿੰਘ ਫ਼ਰੀਡਮ (ਆਨਰੇਰੀ ਸਕੱਤਰ), ਜਸਪਾਲ ਸਿੰਘ ਢਿੱਲੋਂ (ਐਡੀਸ਼ਨਲ ਆਨਰੇਰੀ ਸਕੱਤਰ ਅਤੇ ਚੇਅਰਮੈਨ), ਸ. ਭੁਪਿੰਦਰ ਸਿੰਘ ਸੇਠੀ (ਮੈਂਬਰ ਬੋਰਡ ਕਮੇਟੀ), ਡਾ. ਅੰਮ੍ਰਿਤਪਾਲ ਸਿੰਘ ਚਾਵਲਾ (ਡਾਇਰੈਕਟਰ ਐਜੂਕੇਸ਼ਨ), ਦਪਿੰਦਰ ਸਿੰਘ( ਡਾਇਰੈਕਟਰ ਸਪੋਰਟਸ ਵਿਭਾਗ) ਅਤੇ ਝਬਾਲ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਵੱਲੋਂ ਸ਼ਿਰਕਤ ਕਰਕੇ ਆਪਣੇ ਕਰ ਕਮਲਾਂ ਨਾਲ ਬੈਡਮਿੰਟਨ ਕੋਰਟ ਦਾ ਉਦਘਾਟਨ ਕੀਤਾ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡ ਵਾਲੇ ਪਾਸੇ ਲਾਉਣਾ ਵੀ ਅਤਿ ਜ਼ਰੂਰੀ ਹੈ ਤਾਂ ਜੋ ਬੱਚਿਆਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਿਆ ਜਾ ਸਕੇ।ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਸਿੱਖਿਆ ਵਿਭਾਗ ਵੱਖ-ਵੱਖ ਪ੍ਰੋਜੈਕਟ ਚਲਾ ਕੇ ਸਿੱਖਿਆ ਨੂੰ ਲਿਜਾ ਰਿਹਾ ਨਿਘਾਰ ਵੱਲ : ਜੀਟੀਯੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਕੁਲਦੀਪ ਪੁਰੋਵਾਲ ਅਤੇ ਪ੍ਰੈੱਸ ਸਕੱਤਰ ਦਿਲਦਾਰ ਭੰਡਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਸ਼ਨ ਸਮਰਥ ਇੱਕ ਵਧੀਆ ਪ੍ਰੋਗਰਾਮ ਸਾਬਿਤ ਹੋ ਸਕਦਾ ਸੀ ਜੇਕਰ ਇੱਕ ਨਿਰਧਾਰਿਤ ਪੱਧਰ ਤੋਂ ਨੀਚੇ ਵਿਦਿਆਰਥੀਆਂ ਲਈ ਵਿਸ਼ੇਸ਼ ਉਪਰਾਲੇ ਕਰਕੇ ਉਨ੍ਹਾਂ ਦੇ ਪੱਧਰ ਨੂੰ ਸੁਧਾਰਨ ਲਈ ਕੰਮ ਕੀਤਾ ਜਾਂਦਾ ਪ੍ਰੰਤੂ ਪੰਜਾਬੀ ਭਾਸ਼ਾ ਦੇ ਆਧਾਰ ਤੇ ਵਿਦਿਆਰਥੀਆਂ ਦਾ ਪੱਧਰ ਨਿਰਧਾਰਿਤ ਕਰਨ ਉਪਰੰਤ ਹਰ ਪੱਧਰ ਦੇ ਵਿਦਿਆਰਥੀ ਨੂੰ ਇੱਕੋ ਜਮਾਤ ਵਿੱਚ ਬਿਠਾ ਕੇ ਪੜ੍ਹਾਉਣਾ ਅਤੇ ਵਿਦਿਆਰਥੀ ਨੂੰ ਅਲੱਗ ਅਲੱਗ ਪੱਧਰਾਂ ਵਿੱਚ ਵੰਡਣਾ ਉਨ੍ਹਾਂ 'ਤੇ ਮਾਨਸਿਕ ਪ੍ਰਭਾਵ ਪਾਉਂਦਾ ਹੈ। ਮਿਸ਼ਨ ਸਮਰੱਥ ਜੋ ਕਿ ਜੂਨ ਮਹੀਨੇ ਤੱਕ ਇਹ ਚੱਲਣਾ ਸੀ ਨੂੰ ਅਗਸਤ ਮਹੀਨੇ ਤੱਕ ਲੈ ਕੇ ਜਾਣ ਦੀ ਤਿਆਰੀ ਕੀਤੀ ਹੋਈ ਹੁਣ ਪੰਜਾਬ ਸਰਕਾਰ ਵੱਲੋਂ ਮਿਸ਼ਨ ਸਮਰੱਥ ਵਾਂਗ ਇੱਕ ਨਵਾਂ ਪ੍ਰੋਜੈਕਟ ਚਲਾਉਣ ਦੀ ਯੋਜਨਾ ਬੰਦੀ ਕੀਤੀ ਜਾ ਰਹੀ ਹੈ ਜੋ ਕਿ ਆਉਣ ਵਾਲੇ ਤਿੰਨ



ਚਾਰ ਮਹੀਨੇ ਤੱਕ ਚੱਲਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਦੇ ਇਨ੍ਹਾਂ ਪ੍ਰੋਜੈਕਟਾਂ ਦੀ ਲੜੀ ਦੇ ਕਾਰਨ ਬੱਚਿਆਂ ਦੀ ਪੜ੍ਹਾਈ ਤਾਂ ਕਾਫੀ ਨੁਕਸਾਨ ਹੋ ਰਿਹਾ ਅਤੇ ਅਧਿਆਪਕਾਂ ਵਿੱਚ ਵੀ ਕਾਫੀ ਮਾਨਸਿਕ ਤਣਾਅ ਦਾ ਵਾਧਾ ਹੋ ਰਿਹਾ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਅਮੀਵਾਲ, ਸੂਬਾ ਮੀਤ ਪ੍ਰਧਾਨ ਮਨੋਹਰ ਲਾਲ ਸ਼ਰਮਾ ਗੁਰਦੀਪ ਬਾਜਵਾ ਨੇ ਕਿਹਾ ਕਿ ਪ੍ਰੋਜੈਕਟ ਚਲਾਉਣ ਤੋਂ ਪਹਿਲਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਵਾਸਤਵਿਕ ਲੋੜਾਂ ਨੂੰ ਸਮਝਿਆ ਹੀ ਨਹੀਂ ਜਾਣਦਾ ਅਤੇ ਦਫਤਰਾਂ ਵਿੱਚ ਬੈਠੇ ਅਧਿਕਾਰੀਆਂ ਵੱਲੋਂ ਆਪਣੀ ਕੁਰਸੀਆਂ ਨੂੰ ਬਚਾਉਣ ਦੇ ਲਈ ਵੱਖ ਵੱਖ ਪ੍ਰੋਜੈਕਟ ਚਲਾਏ ਜਾ ਰਹੇ ਜਿਨਾਂ ਕਾਰਨ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਖਰਾਬ ਹੋ ਰਿਹਾ ਅਤੇ ਅਧਿਆਪਕਾਂ ਨੂੰ ਸਲੇਬਸ ਅਨੁਸਾਰ ਬੱਚਿਆਂ ਨੂੰ ਪੜ੍ਹਾਉਣ ਵਿੱਚ ਵੀ ਦਿੱਕਤ ਆ ਰਹੀ! ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਕਿ ਵੱਖ-ਵੱਖ ਤਰ੍ਹਾਂ ਦੇ ਪ੍ਰੋਜੈਕਟ ਤੁਰੰਤ ਬੰਦ ਕਰਕੇ ਬੱਚਿਆਂ ਨੂੰ ਸਿਲੇਬਸ ਦੇ ਅਨੁਸਾਰ ਪੜ੍ਹਾਈ ਕਰਾਉਣ ਦਾ ਮੌਕਾ ਦਿੱਤਾ ਜਾਵੇ। ਇਸ ਮੌਕੇ ਕੁਲਦੀਪ ਸਿੰਘ ਪੁਰੋਵਾਲ, ਅਨਲ ਕੁਮਾਰ, ਗੁਰਪ੍ਰੀਤ ਰੰਗੀਲਪੁਰ, ਸੁਖਵਿੰਦਰ ਰੰਧਾਵਾ, ਦੇਵੀ ਦਿਆਲ, ਹਰਿੰਦਰ ਮੱਲੀਆਂ, ਜੱਜਪਾਲ ਸਿੰਘ ਬਾਜੇਕੇ, ਦਿਲਦਾਰ ਸਿੰਘ ਭੰਡਾਲ, ਗਣੇਸ਼ ਭਗਤ, ਧਰਮਿੰਦਰ ਸਿੰਘ ਭੰਗੂ, ਬਲਵਿੰਦਰ ਸਿੰਘ ਭੁੱਟੋ, ਪਰਮਜੀਤ ਸਿੰਘ ਸ਼ੇਰੇਵਾਲ, ਜਸਵਿੰਦਰ ਸਿੰਘ ਸਮਾਣਾ, ਸੁਭਾਸ਼ ਚੰਦਰ ਪਠਾਨਕੋਟ, ਗੁਰਮੇਲ ਸਿੰਘ ਕੁਲਰੀਆਂ, ਸੁੱਚਾ ਸਿੰਘ ਟਰਪਈ, ਨਰਿੰਦਰ ਸਿੰਘ ਮਾਖਾ, ਰਾਜੀਵ ਕੁਮਾਰ ਹਾਂਡਾ, ਰਵਿੰਦਰ ਸਿੰਘ ਪੱਪੀ ਸਿੱਧੂ, ਸੁਖਚੈਨ ਸਿੰਘ ਬੱਧਣ, ਸਰਬਜੀਤ ਸਿੰਘ, ਬਿਕਰਮਜੀਤ ਸਿੰਘ, ਜਗਜੀਤ ਸਿੰਘ ਮਾਨ, ਸਰਬਜੀਤ ਸਿੰਘ ਬਰਾੜ, ਬਲਦੇਵ ਸਿੰਘ ਬਠਿੰਡਾ, ਬੋਧਰਾਜ, ਨੂਰ ਮੁਹੰਮਦ ਮਲੇਰਕੋਟਲਾ, ਮਨਪ੍ਰੀਤ ਸਿੰਘ ਮੋਹਾਲੀ ਆਦਿ ਅਧਿਆਪਕ ਆਗੂ ਹਾਜ਼ਰ ਸਨ।

# 'ਸਟੋਰੀਟੈਲਿੰਗ ਐਜ਼ ਪੈਡਾਗੋਜੀ' ਵਿਸ਼ੇ 'ਤੇ ਸਮਰੱਥਾ ਨਿਰਮਾਣ ਵਰਕਸ਼ਾਪ ਦਾ ਆਯੋਜਨ



**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੇ 'ਸਟੋਰੀਟੈਲਿੰਗ ਐਜ਼ ਪੈਡਾਗੋਜੀ' ਵਿਸ਼ੇ ਤੇ ਸੀਬੀਐਸਈ ਦੀ ਸਮਰੱਥਾ ਨਿਰਮਾਣ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਇੱਕ ਦਿਨਾ ਵਰਕਸ਼ਾਪ ਵਿੱਚ ਪਠਾਨਕੋਟ ਦੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਅਧਿਆਪਕਾਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ 'ਚ ਮੁੱਖ ਤੌਰ 'ਤੇ ਦੱਸਿਆ ਗਿਆ ਕਿ ਕਹਾਣੀ-ਅਧਾਰਿਤ ਸਿੱਖਿਆ ਬੱਚਿਆਂ ਦੀ ਕਲਪਨਾ ਸ਼ਕਤੀ ਅਤੇ ਆਲੋਚਨਾਤਮਕ ਸੋਚ ਨੂੰ ਵਿਕਸਿਤ ਕਰਨ ਵਿੱਚ ਕਿੰਨੀ ਸਹਾਇਕ ਹੈ।ਪ੍ਰਤਾਪ ਵਰਲਡ ਸਕੂਲ ਦੇ ਨਿਰਦੇਸ਼ਕ ਸੰਨੀ ਮਹਾਜਨ ਨੇ ਕਿਹਾ ਕਿ ਅਧਿਆਪਕਾਂ ਨੂੰ ਸਟੋਰੀਟੈਲਿੰਗ ਵਰਗੇ ਨਵੀਨਤਾਕਾਰੀ ਸਿੱਖਣ ਦੇ ਤਰੀਕਿਆਂ ਨਾਲ ਸਸ਼ਕਤ ਬਣਾਉਣਾ, ਕਲਾਸਰੂਮਾਂ ਨੂੰ ਹੋਰ ਅਰਥਪੂਰਨ ਅਤੇ ਦਿਲਚਸਪ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਅਸੀਂ ਅਜਿਹੇ ਪਰਿਵਰਤਨਕਾਰੀ ਸਿੱਖਿਆਤਮਕ ਯਤਨ ਵਿੱਚ ਯੋਗਦਾਨ ਪਾਉਣ 'ਤੇ ਮਾਣ ਮਹਿਸੂਸ ਕਰਦੇ ਹਾਂ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਅਧਿਆਪਕਾਂ ਦੀ ਉਤਸ਼ਾਹਪੂਰਨ ਹਿੱਸੇਦਾਰੀ ਨੂੰ ਵੇਖ ਕੇ ਬਹੁਤ ਖੁਸ਼ੀ ਹੋਈ। ਇਹ ਸੰਵੇਦਨਸ਼ੀਲ, ਕਲਪਨਾਸ਼ੀਲ ਅਤੇ ਵਿਚਾਰਸ਼ੀਲ ਕਲਾਸਰੂਮਾਂ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਸਾਰਥਕ ਪਹਿਲਕਦਮੀ ਹੈ।

# ਰੋਟਰੀ ਕਲੱਬ ਨਾਰਥ ਵੱਲੋਂ ਫੈਟੀ ਲੀਵਰ ਦੇ ਇਲਾਜ ਬਾਰੇ ਜਾਣਕਾਰੀ ਦੇਣ ਲਈ ਸੈਮੀਨਾਰ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਨਾਰਥ ਵੱਲੋਂ ਇੱਕ ਬੇਹੱਦ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਦਿਨ ਪ੍ਰਤੀ ਦਿਨ ਵੱਧ ਰਹੇ ਫੈਟੀ ਲੀਵਰ ਦੇ ਰੋਗੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨਾਂ ਨੂੰ ਇਸ ਸਮੱਸਿਆਂ ਤੋਂ ਛੁਟਕਾਰਾ ਦਿਵਾਉਣ ਅਤੇ ਫੈਟੀ ਲੀਵਰ ਦੇ ਕਾਰਨਾਂ ਦੀ ਜਾਣਕਾਰੀ ਦੇਣ ਲਈ ਕਲੱਬ ਦੇ ਪ੍ਰਧਾਨ ਵਰੁਣ ਕੱਕੜ, ਯੁਵਾ ਸਕੱਤਰ ਪਰਮੀਤ ਸਿੰਘ, ਪ੍ਰਾਜੈਕਟ ਚੇਅਰਮੈਨ ਰੋਟਰੀ ਆਡੀਟਰ ਰਸਜੀਤ ਸਿੰਘ ਖੇੜਾ, ਕਲੱਬ ਦੇ ਪੈਟਰਨ ਡਾ. ਕੁਲਦੀਪ ਸਿੰਘ ਅਰੋੜਾ, ਮੇਜਰ ਡੋਨਰ ਡਾ. ਜੀ. ਐੱਸ. ਮਦਾਨ, ਰੋਟਰੀ ਦੇ ਐਮ. ਓ. ਸੀ. ਆਰ. ਐਸ. ਚੱਠਾ ਦੀ ਦੇਖ ਰੇਖ ਹੇਠ ਸੈਮੀਨਾਰ ਦਾ ਆਯੋਜਨ



ਰਾਮ ਬਾਗ ਸਥਿਤ ਸਰਵਿਸ ਕਲੱਬ ਵਿੱਖੇ ਕਰਵਾਇਆ ਗਿਆ।ਸੈਮੀਨਾਰ ਵਿੱਚ ਪੇਟ ਦੇ ਅੰਦਰੂਨੀ ਰੋਗਾਂ ਦੇ ਮਾਹਿਰ ਲੀਵਰ ਦੇ ਹਰ ਰੋਗ ਅਤੇ ਕੈਂਸਰ ਵਰਗੀ ਜਾਨਲੇਵਾ ਬਿਮਾਰੀ ਦੇ ਮਾਹਿਰ ਗੋਲਡ ਮੈਡਲਿਸਟ ਡਾ. ਮੋਹਿਤ ਸ਼ਰਮਾ ਮੁੱਖ ਸਪੀਕਰ ਵਜੋਂ ਸ਼ਾਮਿਲ ਹੋਏ।ਉਨ੍ਹਾਂ ਨੇ ਰੋਟਰੀ ਮੈਂਬਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਫੈਟੀ ਲੀਵਰ ਦਾ ਮੁੱਖ ਕਾਰਨ ਫਾਸਟ ਫੂਡ ਹੈ। ਸ਼ਰਾਬ ਜ਼ਿਆਦਾ ਪੀਣਾ, ਵਜ਼ਨ ਦਾ ਵੱਧਣਾ, ਜ਼ਿਆਦਾ ਮਿਠਾਈ ਅਤੇ ਜ਼ਿਆਦਾ ਬੇਕਰੀ ਦੀਆਂ ਵਸਤੂਆਂ ਦਾ ਸੇਵਨ ਕਰਨਾ ਵੀ ਫੈਟੀ ਲੀਵਰ ਦੇ ਮੁੱਖ ਕਾਰਨ ਹਨ।ਡਾ. ਮੋਹਿਤ ਨੇ ਦੱਸਿਆ ਕਿ ਜੇਕਰ ਅਸੀਂ ਫੈਟੀ ਲੀਵਰ ਦੇ ਰੋਗ ਦਾ ਸਮਾਧਾਨ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਖਾਣ ਪੀਣ ਵੱਲ ਧਿਆਨ ਦੇਣਾ ਚਾਹੀਦਾ ਹੈ।

# ਭਾਰਤੀ ਗਿਆਨ ਪਰੰਪਰਾ 'ਤੇ ਇਕ ਰੋਜ਼ਾ ਵਿਸ਼ੇਸ਼ ਸੈਮੀਨਾਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**: ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਸਾਡੇ ਕੋਲ ਭਾਰਤੀ ਗਿਆਨ ਪਰੰਪਰਾ ਵਰਗਾ ਅਮੀਰ ਖਜ਼ਾਨਾ ਹੈ ਪਰ ਅਸੀਂ ਇਸ ਵੱਲ ਨਜ਼ਰ ਨਹੀਂ ਮਾਰਦੇ।ਉਨ੍ਹਾਂ ਕਿਹਾ ਕਿ ਪੱਛਮੀ ਸੰਸਾਰ ਭਾਰਤੀ ਗਿਆਨ ਪਰੰਪਰਾ ਦੇ ਉਪਰ ਵੱਖ ਵੱਖ ਦਿਸ਼ਾਵਾਂ ਤੋਂ ਖੋਜ ਕਾਰਜ ਕਰ ਰਿਹਾ ਹੈ ਪਰ ਅਸੀਂ ਇਸ ਦੇ ਵਾਰਸ ਇਸ ਨੂੰ ਭੁੱਲੇ ਬੈਠੇ ਹਾਂ।ਉਹ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿੱਠੜਾ ਵਿਖੇ ਕਰਵਾਏ ਗਏ ਇਕ ਰੋਜ਼ਾ ਰਾਸ਼ਟਰੀ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ।ਇਸ ਸੈਮੀਨਾਰ ਦੌਰਾਨ ਪ੍ਰੋ. ਕੁਲਦੀਪ ਚੰਦ ਅਗਨੀਹੋਤਰੀ, ਸਾਬਕਾ ਉਪ ਕੁਲਪਤੀ, ਕੇਂਦਰੀ ਯੂਨੀਵਰਸਿਟੀ, ਹਿਮਾਂਚਲ ਪ੍ਰਦੇਸ਼ ਅਤੇ ਸਲਾਹਕਾਰ ਸੱਭਿਆਚਾਰਕ ਮੰਤਰਾਲਾ, ਭਾਰਤ ਸਰਕਾਰ, ਪਦਮਸ਼੍ਰੀ ਪ੍ਰੋ. ਹਰਮੋਹਿੰਦਰ ਸਿੰਘ ਬੇਦੀ, ਚਾਂਸਰਲ, ਕੇਂਦਰੀ ਯੂਨੀਵਰਸਿਟੀ, ਹਿਮਾਂਚਲ ਪ੍ਰਦੇਸ਼ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਸੈਮੀਨਾਰ ਦੀ ਪ੍ਰਧਾਨਗੀ ਕੀਤੀ।ਡੀਨ ਕਾਲਜ ਵਿਕਾਸ ਕੌਂਸਲ, ਪ੍ਰੋ. ਸਰੋਜ ਅਰੋੜਾ ਇਸ ਮੌਕੇ ਵਿਸ਼ੇਸ਼ ਮਹਿਮਾਨ ਸਨ।ਕਾਲਜ ਕੈਂਪਸ ਵਿਚ ਪੁੱਜਣ ਤੇ ਪ੍ਰਿੰਸੀਪਲ ਡਾ. ਜਗਸੀਰ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ।ਆਪਣੇ ਸੰਬੋਧਨ ਵਿਚ ਪ੍ਰੋ. ਕਰਮਜੀਤ ਸਿੰਘ ਨੇ ਵਿਦੇਸ਼ਾਂ ਵੱਲ ਹੋ ਰਹੇ ਪਰਵਾਸ ਦੀ ਗੱਲ ਕੀਤੀ। ਪ੍ਰੋ. ਕੁਲਦੀਪ ਚੰਦ ਅਤੇ ਪ੍ਰੋ. ਹਰਮਹਿੰਦਰ ਸਿੰਘ ਬੇਦੀ ਅਤੇ ਪ੍ਰੋ. ਸਰੋਜ ਅਰੋੜਾ ਨੇ ਵੀ ਇਸ ਮੌਕੇ ਪੰਜਾਬ ਦੇ ਸੰਦਰਭ ਵਿਚ ਭਾਰਤੀ ਗਿਆਨ ਪਰੰਪਰਾ ਦੀਆਂ ਵੱਖ-ਵੱਖ ਦਿਸ਼ਾਵਾਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ।ਉਨ੍ਹਾਂ ਦਾ ਮਤ ਸੀ ਕਿ ਸਾਨੂੰ ਸਾਡੇ ਗਿਆਨ ਵਿਧਾਨ ਨੂੰ ਤਲਾਸ਼ਣ ਦੀ ਲੋੜ ਹੈ ਜੋ ਕਿ ਸਾਡੀਆਂ ਧਰਮ ਪਰੰਪਰਾਵਾਂ ਦੇ ਗਿਆਨ ਪ੍ਰਬੰਧ ਅਤੇ ਰਹੁ-ਰੀਤਾਂ ਵਿਚ ਪਿਆ ਹੋਇਆ ਹੈ।

# ਬਾਗਾਂ ਦੇ ਕਾਸ਼ਤਕਾਰ ਦਰਪੇਸ਼ ਮੁਸ਼ਕਲਾਂ ਨੂੰ ਲੈ ਕੇ ਕੈਬਨਿਟ ਮੰਤਰੀ ਭਗਤ ਨੂੰ ਮਿਲੇ

**ਪੱਟੀ (ਬਲਦੇਵ ਸਿੰਘ ਸੰਧੂ)**- ਬਾਗਬਾਨੀ ਵਿਭਾਗ ਵੱਲੋਂ ਅੰਮ੍ਰਿਤਸਰ ਵਿਖੇ ਲਗਾਈ ਗਈ ਨਾਸ਼ਪਤੀ ਦੀ ਪ੍ਰਦਰਸ਼ਨੀ ਅਤੇ ਗੋਸ਼ਟੀ ਸਬੰਧੀ ਸੈਮੀਨਾਰ ਮੌਕੇ ਬਾਗਾਂ ਦੇ ਕਾਸ਼ਤਕਾਰਾਂ ਨੂੰ ਆ ਰਹੀਆਂ ਮੁਸ਼ਕਿਲਾਂ



ਸਬੰਧੀ ਬਾਗਬਾਨੀ ਵਿਭਾਗ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੂੰ ਜਾਣੂ ਕਰਵਾਉਂਦਿਆਂ ਪੱਟੀ ਇਲਾਕੇ ਦੇ ਨਾਸ਼ਪਾਤੀ ਕਾਸ਼ਤਕਾਰ ਜਸਬੀਰ ਸਿੰਘ ਸੰਧੂ, ਅਵਤਾਰ ਸਿੰਘ ਖਹਿਰਾ, ਸੁਖਬੀਰ ਸਿੰਘ ਸੋਢੀ, ਸਤਿੰਦਰ ਸਿੰਘ ਭੁੱਲਰ, ਪ੍ਰਮਿੰਦਰ ਸਿੰਘ ਕਿਰਤੋਵਾਲ, ਜਸਬੀਰ ਸਿੰਘ ਸੋਢੀ ਆਦਿ ਨੇ ਕਿਹਾ ਕਿ ਸਰਕਾਰ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿੱਚੋਂ ਕੱਢ ਕੇ ਵਿਭਿੰਨ ਫਸਲਾਂ ਦੀ ਕਾਸ਼ਤ ਵੱਲ ਲਾਮਬੰਦ ਕੀਤਾ ਜਾਵੇ ਜਿਸ ਤਹਿਤ ਪੱਟੀ ਤਹਿਸੀਲ ਦੇ ਕਿਸਾਨਾਂ ਨੇ ਸਰਕਾਰ ਦੇ ਇਸ ਨਾਅਰੇ ਨੂੰ ਅਪਣਾਉਂਦਿਆਂ 700 ਹੈਕਟੇਅਰ ਦੇ ਕਰੀਬ ਰਕਬੇ ਵਿੱਚ ਨਾਸ਼ਪਾਤੀ ਦੇ ਬਾਗ ਦੀ ਕਾਸ਼ਤ ਤਾਂ ਕਰ ਦਿੱਤੀ, ਪਰ ਅਫਸੋਸ ਕੇਂਦਰ ਅਤੇ ਪੰਜਾਬ ਸਰਕਾਰ ਨੇ ਅਜੇ ਤੱਕ ਕਣਕ ਅਤੇ ਝੋਨੇ ਦੀ ਕੁਦਰਤੀ ਆਫਤ ਨਾਲ ਹੋਣ ਵਾਲੇ ਨੁਕਸਾਨ ਦੀ ਭਰਵਾਈ ਲਈ ਮੁਆਵਜ਼ੇ ਦੀ ਤਰਜ਼ ਤੇ ਬਾਗਾਂ ਦੇ ਹੋਣ ਵਾਲੇ ਨੁਕਸਾਨ ਦੇ ਮੁਆਵਜ਼ੇ ਲਈ ਕੋਈ ਕਾਨੂੰਨ ਨਹੀਂ ਬਣਾਇਆ।ਉਨ੍ਹਾਂ ਕਿਹਾ ਕਿ ਇਸ ਵਾਰ ਕੁਦਰਤੀ ਆਫਤ ਨਾਲ 40 ਪ੍ਰਤੀਸ਼ਤ ਫਲ ਦਾ ਨੁਕਸਾਨ ਅਤੇ ਵੱਡੀ ਪੱਧਰ ਤੇ ਬੂਟਿਆਂ ਦਾ ਨੁਕਸਾਨ ਹੋ ਗਿਆ ਹੈ.।ਕਾਸ਼ਤਕਾਰਾਂ ਨੇ ਮੰਤਰੀ ਤੋਂ ਮੰਗ ਕੀਤੀ ਕਿ ਅਰਬ ਦੇਸ਼ਾਂ ਵਿੱਚ ਨਾਸ਼ਪਾਤੀ ਭੇਜਣ ਦਾ ਪ੍ਰਬੰਧ ਕੀਤਾ ਜਾਵੇ ਤਾ ਕਿ ਬਾਗ਼ਬਾਨੀ ਦਾ ਰਕਬਾ ਵਧੇਗਾ ਅਤੇ ਝੋਨੇ ਹੇਠੋਂ ਰਕਬਾ ਘਟੇਗਾ। ਇਸ ਤੋਂ ਇਲਾਵਾ ਕਾਸਤਕਾਰਾ ਨੇ ਮੰਗ ਕੀਤੀ ਕਿ ਸਰਕਾਰੀ ਨਰਸਰੀਆਂ ਵਿੱਚ ਨਾਸ਼ਪਾਤੀ ਦੇ ਬੂਟੇ ਵੱਧ ਤੋਂ ਵੱਧ ਤਿਆਰ ਕੀਤੇ ਜਾਣ ਤਾਂ ਜੋ ਯੂ.ਪੀ. ਤੋਂ ਬੂਟੇ ਨਾ ਮੰਗਵਾਉਣੇ ਪੈਣ, ਬਾਗਬਾਨਾਂ ਨੂੰ ਨਹਿਰੀ ਪਾਣੀ ਅਪ੍ਰੈਲ-ਮਈ ਮਹੀਨੇ ਵਿੱਚ ਮੁਹਈਆ ਕਰਵਾਇਆ ਜਾਵੇ, ਕੁਦਰਤੀ ਆਫ਼ਤਾਂ ਨਾਲ ਬਾਗਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ, ਫੂਡ ਪ੍ਰੋਸੈਸਿੰਗ ਪਲਾਂਟ ਲਗਾਇਆ ਜਾਵੇ ਤਾਂ ਜੋ ਬਾਗਬਾਨਾਂ ਨੂੰ ਰਾਹਤ ਤੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।

# ਬਲਬੀਰ ਸਿੰਘ ਪਨੂੰ ਨੇ ਪਿੰਡ ਪੱਤੀ ਚੰਡੀਗੜ੍ਹ 'ਚ ਵਾਟਰ ਸਪਲਾਈ ਪ੍ਰੋਜੈਕਟ ਦਾ ਕੀਤਾ ਉਦਘਾਟਨ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਫਤਿਹਗੜ੍ਹ ਚੂੜੀਆਂ ਤੋਂ ਹਲਕਾ ਇੰਚਾਰਜ ਬਲਬੀਰ ਸਿੰਘ ਵੱਲੋਂ ਪਿੰਡ ਪੱਤੀ ਚੰਡੀਗੜ੍ਹ ਵਿੱਚ 45 ਲੱਖ ਦੀ ਲਾਗਤ ਨਾਲ ਵਾਟਰ ਸਪਲਾਈ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਮਹਿਜ਼ ਤਿੰਨ ਸਾਲਾਂ ਦੇ ਕਾਰਜਕਾਲ ਵਿੱਚ ਮਾਨ ਸਰਕਾਰ ਨੇ ਲੋਕਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਹਨ।ਇਸ ਮੌਕੇ ਸਰਪੰਚ ਮੰਗਾ ਮਸੀਹ, ਸਰਪੰਚ ਅਵਤਾਰ ਸਿੰਘ, ਮੈਂਬਰ ਸ਼ਫੀਰ ਮਸੀਹ, ਮੈਂਬਰ ਆਰਫ ਮਸੀਹ, ਮੈਂਬਰ ਵਿਮਲਾ, ਸਰਪੰਚ ਪ੍ਰਗਟ ਸਿੰਘ ਆਜਮਪੁਰ, ਸਰਪੰਚ ਬਲਜਿੰਦਰ ਸਿੰਘ ਕਿਲਾ ਦੇਸਾ ਸਿੰਘ, ਸਰਪੰਚ ਗੁਰਪ੍ਰੀਤ ਸਿੰਘ ਜੰਗਲਾ, ਤਰਲੋਕ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੋਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 28 ਜੁਲਾਈ 2025

# ਕੁਰਬਾਨੀਆਂ ਦਾ ਅਸਰ

*ਗਾਜ਼ਾ ਵਿੱਚ ਇਜ਼ਰਾਈਲੀ ਜ਼ੁਲਮਾਂ ਦੇ ਨਜ਼ਾਰੇ ਦੁਨੀਆ ਦੇ ਕਰੋੜਾਂ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਦੇਖੇ ਹਨ ਤੇ ਉਨ੍ਹਾਂ ਨੇ ਇਜ਼ਰਾਈਲ ਦੇ ਸਰਪ੍ਰਸਤਾਂ ਅਮਰੀਕਾ, ਬਰਤਾਨੀਆ ਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਸੜਕਾਂ, ਯੂਨੀਵਰਸਿਟੀਆਂ, ਸੋਸ਼ਲ ਮੀਡੀਆ ਤੇ ਬੌਧਿਕ ਜਗਤ ਵਿੱਚ ਜਿੰਨੀ ਸ਼ਿੱਦਤ ਨਾਲ ਆਪਣਾ ਰੋਹ ਪ੍ਰਗਟਾਇਆ ਹੈ, ਉਸ ਨੇ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਲਈ ਫਲਸਤੀਨੀਆਂ ਦੀ ਆਜ਼ਾਦੀ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਨਹੀਂ ਛੱਡਿਆ। ਆਜ਼ਾਦ ਫਲਸਤੀਨ ਦਾ ਸਵਾਲ ਫਿਰ ਜ਼ਿੰਦਾ ਹੋ ਗਿਆ ਹੈ। ਇਨ੍ਹਾਂ ਤਮਾਮ ਦੇਸ਼ਾਂ ਨੇ ਦੋ ਪੜਾਵਾਂ (1993 ਤੇ 1995) ਵਿੱਚ ਓਸਲੋ 'ਚ ਹੋਏ ਸਮਝੌਤੇ ਪ੍ਰਤੀ ਖੁਦ ਨੂੰ ਵਚਨਬੱਧ ਕੀਤਾ ਸੀ, ਜਿਸ ਸਮਝੌਤੇ ਵਿੱਚ ਇਜ਼ਰਾਈਲ ਦੇ ਨਾਲ-ਨਾਲ ਆਜ਼ਾਦ ਫਲਸਤੀਨ ਦੀ ਸਥਾਪਨਾ ਦੀ ਗੱਲ ਮੰਨੀ ਗਈ ਸੀ। ਉਹ ਇਲਾਕਾ ਵੀ ਤੈਅ ਹੋ ਗਿਆ ਸੀ, ਜਿਹੜਾ ਫਲਸਤੀਨ ਕਹਾਉਣਾ ਸੀ, ਪਰ ਇਜ਼ਰਾਈਲ ਨੇ ਵਾਅਦਾਖਿਲਾਫੀ ਕੀਤੀ ਅਤੇ ਪੱਛਮੀ ਦੇਸ਼ਾਂ ਦੇ ਹਾਕਮਾਂ ਨੇ ਵੀ ਉਸ ਦੀ ਪਿੱਠ ਠੋਕਣੀ ਜਾਰੀ ਰੱਖੀ। ਇਜ਼ਰਾਈਲ ਦੇ ਅਣਮਨੁੱਖੀ ਕਾਰਿਆਂ ਦੀ ਪੱਛਮੀ ਦੇਸ਼ਾਂ ਦੇ ਹਾਕਮਾਂ ਵੱਲੋਂ ਹਮਾਇਤ ਖਿਲਾਫ ਹੁਣ ਉੱਥੋਂ ਦੇ ਲੋਕ ਹੀ ਉੱਠ ਖਲੋਤੇ ਹਨ ਤੇ ਉਨ੍ਹਾਂ ਆਪਣੇ ਹਾਕਮਾਂ ਨੂੰ ਸੋਚ ਬਦਲਣ ਲਈ ਮਜਬੂਰ ਕਰ ਦਿੱਤਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਕਿਹਾ ਹੈ ਕਿ ਉਹ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਸੰਮੇਲਨ 'ਚ ਫਲਸਤੀਨ ਨੂੰ ਆਜ਼ਾਦ ਰਾਜ ਵਜੋਂ ਮਾਨਤਾ ਦੇਵੇਗਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਗਾਜ਼ਾ ਵਿੱਚ ਤੁਰੰਤ ਜੰਗਬੰਦੀ ਦੀ ਮੰਗ ਕਰਦਿਆਂ ਕਿਹਾ ਕਿ ਇਸ ਨਾਲ ਫਲਸਤੀਨ ਰਾਜ ਨੂੰ ਬ੍ਰਿਟਿਸ਼ ਮਾਨਤਾ ਦਾ ਰਾਹ ਸਾਫ ਹੋਵੇਗਾ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਨਥਨੀ ਅਲਬਾਨੀਜ਼ ਦਾ ਕਹਿਣਾ ਹੈ ਕਿ ਦੇਸ਼ ਦੀਆਂ ਸਾਰੀਆਂ ਪਾਰਟੀਆਂ ਆਜ਼ਾਦ ਫਲਸਤੀਨ ਰਾਜ ਦੀ ਸਥਾਪਨਾ ਦੇ ਸਵਾਲ 'ਤੇ ਸਹਿਮਤ ਹਨ। ਸਪੇਨ, ਨਾਰਵੇ ਤੇ ਆਇਰਲੈਂਡ ਨੇ ਪਿਛਲੇ ਸਾਲ ਹੀ ਫਲਸਤੀਨ ਨੂੰ ਆਜ਼ਾਦ ਰਾਜ ਵਜੋਂ ਮਾਨਤਾ ਦੇ ਦਿੱਤੀ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਜੇ ਵੀ ਇਜ਼ਰਾਈਲ ਨੂੰ ਕਹਿ ਰਿਹਾ ਹੈ ਕਿ ਉਹ ਹਮਾਸ ਦਾ ਖਾਤਮਾ ਕਰੇ, ਪਰ ਅਮਰੀਕੀ ਲੋਕਾਂ ਦਾ ਵੱਡਾ ਹਿੱਸਾ ਇਜ਼ਰਾਈਲ ਦੇ ਜ਼ੁਲਮਾਂ ਦੇ ਵਿਰੁੱਧ ਉੱਠ ਖਲੋਤਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵਿੱਚ ਸਮੇਂ-ਸਮੇਂ ਪਾਸ ਹੋਏ ਮਤਿਆਂ 'ਤੇ ਗੌਰ ਕਰੀਏ ਤਾਂ ਪਤਾ ਲੱਗਦਾ ਹੈ ਕਿ 140 ਤੋਂ ਵੱਧ ਦੇਸ਼ ਆਜ਼ਾਦ ਫਲਸਤੀਨ ਦੀ ਸਥਾਪਨਾ ਦੇ ਹਮਾਇਤੀ ਹਨ। ਇਨ੍ਹਾਂ ਦੇਸ਼ਾਂ ਵਿੱਚ ਦੁਨੀਆ ਦੀ ਤਿੰਨ-ਚੌਥਾਈ ਆਬਾਦੀ ਰਹਿੰਦੀ ਹੈ। ਅੱਠ ਦਹਾਕਿਆਂ ਤੋਂ ਜਾਰੀ ਫਲਸਤੀਨੀਆਂ ਦਾ ਸੰਘਰਸ਼ ਆਖਰਕਾਰ ਆਪਣਾ ਅਸਰ ਦਿਖਾ ਰਿਹਾ ਹੈ। ਇਸ ਨਾਲ ਇਹ ਉਮੀਦ ਜਗੀ ਹੈ ਕਿ ਭਵਿੱਖ ਵਿੱਚ ਜਾਂ ਤਾਂ ਇਜ਼ਰਾਈਲ ਆਪਣੀ ਹੱਦ ਪਛਾਣ ਕੇ ਸੱਭਿਆ ਦੇਸ਼ ਦੀ ਤਰ੍ਹਾਂ ਰਹਿਣਾ ਸਿੱਖੇਗਾ ਜਾਂ ਫਿਰ ਉਹ 'ਫਰੌਮ ਰਿਵਰ ਟੂ ਸੀ, ਪੈਲੇਸਟਾਈਨ ਵਿਲ ਬੀ ਫ੍ਰੀ' ਨਾਅਰੇ ਦੇ ਯਥਾਰਥ ਵਿੱਚ ਬਦਲਣ ਦਾ ਰਾਹ ਪੱਧਰਾ ਕਰੇਗਾ। ਯਾਨੀ ਉਹ ਆਪਣੀ ਹੋਂਦ ਨੂੰ ਦਾਅ 'ਤੇ ਲਾਵੇਗਾ। ਪੱਛਮੀ ਏਸ਼ੀਆ ਵਿੱਚ ਉਸ ਦੇ ਬੇਖੌਫ ਦਹਿਸ਼ਤ ਫੈਲਾਈ ਰੱਖਣ ਦੇ ਦਿਨ ਲੱਦ ਰਹੇ ਹਨ।*

# ਸ਼ਰਾਬ ਮਾਨਸਿਕ ਗੁਲਾਮੀ ਦਾ ਕਾਰਨ ਬਣਦੀ

**ਪਵਨ ਕੁਮਾਰ ਕੌਸ਼ਲ**

ਪੂੰਜੀਵਾਦੀ ਸਰਕਾਰਾਂ ਦਾ ਮੁੱਖ ਮੰਤਵ ਵੱਧ ਤੋਂ ਵੱਧ ਰੈਵੀਨਿਊ ਇਕੱਤਰ ਕਰਨਾ ਹੁੰਦਾ ਹੈ, ਜਿਹੜਾ ਸ਼ਰਾਬ ਦੀ ਵਿਕਰੀ ਤੋਂ ਪੈਦਾ ਕੀਤਾ ਜਾਂਦਾ ਹੈ। ਸਰਕਾਰਾਂ ਨੂੰ ਮਨੁੱਖ ਦੀ ਸਿਹਤ ਦੀ ਕੋਈ ਪ੍ਰਵਾਹ ਕਰੇ ਬਿਨਾਂ ਸ਼ਰਾਬ ਦੇ ਕਾਰੋਬਾਰ ਨੂੰ ਬੜਾਵਾ ਦਿੰਦੀਆਂ ਹਨ। ਸ਼ਰਾਬ ਉਦਯੋਗ ਟੈਕਸਾਂ ਰਾਹੀਂ ਸਰਕਾਰਾਂ ਲਈ ਮਾਲੀਏ ਦਾ ਇੱਕ ਵੱਡਾ ਸਰੋਤ ਹੈ ਅਤੇ ਰੁਜ਼ਗਾਰ ਦਾ ਵੀ ਇੱਕ ਸਾਧਨ ਬਣਦਾ ਹੈ। ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲਾ ਮਾਲੀਆ ਰਾਜਾਂ ਦੀ ਕੁੱਲ ਆਮਦਨ ਦਾ ਲਗਭਗ ਇੱਕ ਚੌਥਾਈ ਹਿੱਸਾ ਬਣਦਾ ਹੈ। ਵੱਡੇ ਕਾਰੋਬਾਰੀਆਂ ਦੀ ਮੁੱਖ ਲੋੜ ਅਤੇ ਪ੍ਰਵਿਰਤੀ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਹੁੰਦੀ ਹੈ। ਸ਼ਰਾਬ ਦਾ ਸੇਵਨ ਵਿਅਕਤੀਆਂ ਅਤੇ ਭਾਈਚਾਰਿਆਂ ਲਈ ਆਰਥਿਕ ਅਤੇ ਸਮਾਜਿਕ ਮੁਸ਼ਕਲਾਂ ਦੋਵਾਂ ਨੂੰ ਪੈਦਾ ਕਰਦਾ ਹੈ।

ਸ਼ਰਾਬ ਦੀ ਦੁਰਵਰਤੋਂ ਆਪਸੀ ਰਿਸ਼ਤਿਆਂ ਵਿੱਚ ਤ੍ਰੇੜਾਂ ਪੈਦਾ ਕਰਕੇ ਰਿਸ਼ਤਿਆਂ ਨੂੰ ਤਣਾਅਪੂਰਨ ਬਣਾ ਦਿੰਦੀ ਹੈ, ਜਿਸ ਨਾਲ ਪਰਿਵਾਰਕ ਟਕਰਾਅ, ਘਰੇਲੂ ਹਿੰਸਾ ਅਤੇ ਸਮਾਜਿਕ ਵਖਰੇਵੇਂ ਪੈਦਾ ਕਰਦੀ ਹੈ। ਸ਼ਰਾਬ ਦੀ ਦੁਰਵਰਤੋਂ ਅਪਰਾਧ ਕਰਨ ਲਈ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਕਾਰਕ ਹੈ ਅਤੇ ਅਪਰਾਧ ਸ਼ਰਾਬ ਦੀ ਦੁਰਵਰਤੋਂ ਦਾ ਇੱਕ ਯੋਗਦਾਨ ਪਾਉਣ ਵਾਲਾ ਕਾਰਕ ਹੈ। ਸ਼ਰਾਬ ਦੀ ਲਤ 'ਚ ਡੁਬੇ ਵਿਅਕਤੀਆਂ ਅੰਦਰ ਨਿਰਣੇ ਲੈਣ ਵਿੱਚ ਕਮਜ਼ੋਰੀ, ਸੰਬੰਧਾਂ ਦੇ ਟੁੱਟਣ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਿੱਚ ਅਸਮਰਥਾ ਕਾਰਨ ਸਮਾਜਿਕ ਅਲੱਗ-ਥਲੱਗਤਾ ਦਾ ਅਨੁਭਵ ਕਰ ਸਕਦੇ ਹਨ। ਸ਼ਰਾਬ ਦੀ ਖਪਤ ਅਕਸਰ ਘਰੇਲੂ ਹਿੰਸਾ, ਜਨਤਕ ਵਿਕਾਰ ਅਤੇ ਹਿੰਸਕ ਅਪਰਾਧਾਂ ਸਮੇਤ ਵਧੇ ਹੋਏ ਅਪਰਾਧਕ ਦਰਾਂ ਨਾਲ ਜੁੜੀ ਹੁੰਦੀ ਹੈ। ਸ਼ਰਾਬ ਕੇਂਦਰੀ ਦਿਮਾਗੀ ਪ੍ਰਣਾਲੀ ਨੂੰ ਨਿਰਉਤਸ਼ਾਹ (ਉਦਾਸੀ) ਕਰਦੀ ਹੈ,ਜਿਸ ਨਾਲ ਮੂਡ, ਸਰੀਰਕ ਅਤੇ ਮਾਨਸਿਕ ਯੋਗਤਾਵਾਂ ਵਿੱਚ ਕਾਫ਼ੀ ਬਦਲਾਅ ਆਉਂਦਾ ਹੈ।

ਸ਼ਰਾਬ ਦਾ ਨਸ਼ਾ ਸਾਡੇ ਸਮਾਜ ਵਿੱਚ ਸਮਾਜ-ਵਿਰੋਧੀ ਵਿਹਾਰ ਪੈਦਾ ਕਰਨ ਦਾ ਇੱਕ ਵੱਡਾ ਸਰੋਤ ਹੈ, ਜੋ ਕਿ ਵੱਖ-ਵੱਖ ਰੂਪਾਂ ਵਿੱਚ ਆਪਸੀ ਹਮਲਾਵਰਤਾ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਇਸ ਤੋਂ ਇਲਾਵਾ ਇਹ ਵਿਹਾਰ ਨੂੰ ਬਦਲਦਾ ਹੈ ਤਾਂ ਜੋ ਵਿਅਕਤੀ ਵਧੇਰੇ ਆਵੇਗਸ਼ੀਲ, ਹਿੰਸਕ, ਹਮਲਾਵਰ ਅਤੇ ਘੱਟ ਜਿਨਸੀ ਤੌਰ 'ਤੇ ਨਿਯੰਤਰਿਤ ਹੋ ਜਾਵੇ, ਜੋ ਕਈ ਵਾਰ ਅਪਰਾਧਿਕ ਉਲੰਘਣਾਵਾਂ ਦਾ ਕਾਰਨ ਵੀ ਬਣ ਜਾਂਦਾ ਹੈ। ਬਹੁਤ ਜ਼ਿਆਦਾ ਅਤੇ ਬਹੁਤ ਜਲਦੀ ਸ਼ਰਾਬ ਪੀਣ ਨਾਲ ਤਾਲਮੇਲ, ਫੈਸਲਾ ਲੈਣ ਦੀ ਪ੍ਰਕਿਰਿਆ, ਆਵੇਗ ਨਿਯੰਤਰਣ ਅਤੇ ਹੋਰ ਕਾਰਜਾਂ ਵਿੱਚ ਮਹੱਤਵਪੂਰਨ ਵਿਗਾੜ ਪੈਦਾ ਕਰਦੀ ਹੈ, ਜਿਸ ਨਾਲ ਨੁਕਸਾਨ ਦਾ ਜੋਖਮ ਵਧਦਾ ਹੈ। ਮਹੱਤਵਪੂਰਨ ਕਮਜ਼ੋਰੀਆਂ ਦੇ ਸਪੱਸ਼ਟ ਸੰਕੇਤਾਂ ਦੇ ਬਾਵਜੂਦ ਸ਼ਰਾਬ ਪੀਣਾ ਜਾਰੀ ਰੱਖਦੇ ਹਨ। ਸ਼ਰਾਬ ਦੀ ਖਪਤ ਦਾ ਕੋਈ ਵੀ ਪੱਧਰ ਸਾਡੀ ਸਿਹਤ ਲਈ ਸੁਰੱਖਿਅਤ ਨਹੀਂ। ਮਾਨਸਿਕ ਉਲਝਣ, ਮੂਰਖਤਾ, ਸੁਚੇਤ ਰਹਿਣ ਵਿੱਚ ਮੁਸ਼ਕਲ ਜਾਂ ਜਾਗਣ ਵਿੱਚ ਅਸਮਰੱਥਾ, ਉਲਟੀਆਂ, ਦੌਰੇ ਆਦਿ ਦਾ ਕਾਰਨ ਬਣਦੀ ਹੈ।

ਵਿਸ਼ਵ ਸਿਹਤ ਸੰਗਠਨ ਦਾ ਅਨੁਮਾਨ ਹੈ ਕਿ ਸ਼ਰਾਬ ਨਾਲ ਜੁੜੇ ਜੋਖਮ ਹਰ ਸਾਲ ਦੁਨੀਆ ਭਰ ਵਿੱਚ ਦਿਲ ਅਤੇ ਜਿਗਰ ਦੀ ਬਿਮਾਰੀ, ਸੜਕ ਹਾਦਸਿਆਂ, ਖੁਦਕੁਸ਼ੀਆਂ ਅਤੇ ਕੈਂਸਰ ਤੋਂ ਪ੍ਰਭਾਵਤ 2.5 ਮਿਲੀਅਨ ਮੌਤਾਂ ਦਾ ਕਾਰਨ ਬਣਦੇ ਹਨ। ਸ਼ਰਾਬ ਹੋਰ ਸਾਰੇ ਨਸ਼ਿਆਂ ਨਾਲੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣਦੀ ਹੈ। ਸ਼ਰਾਬ ਸੱਚਮੁੱਚ ਬੋਤਲਬੰਦ ਕਾਤਲ ਹੈ। ਵਿਸ਼ਵ ਸਿਹਤ ਸੰਗਠਨ ਦਾ ਅੰਦਾਜ਼ਾ ਹੈ ਕਿ ਸ਼ਰਾਬ ਹਰ ਸਾਲ ਦੁਨੀਆ ਭਰ ਵਿੱਚ ਤੀਹ ਲੱਖ ਤੋਂ ਉੱਪਰ ਲੋਕਾਂ ਨੂੰ ਮਾਰਦੀ ਹੈ। ਦੂਜੇ ਸ਼ਬਦਾਂ ਵਿੱਚ, ਸ਼ਰਾਬ ਸਾਲਾਨਾ ਸਾਰੀਆਂ ਮਨੁੱਖੀ ਮੌਤਾਂ ਦਾ 5.3 ਫੀਸਦੀ ਕਾਰਨ ਹੈ। ਸ਼ਰਾਬ ਅਮਰੀਕਾ ਵਿੱਚ ਮੌਤਾਂ ਦਾ ਤੀਜਾ ਸਭ ਤੋਂ ਵੱਡਾ ਕਾਰਨ ਹੈ। 'ਨੈਸ਼ਨਲ ਇੰਸਟੀਚਿਊਟ ਆਨ ਅਲਕੋਹਲ ਐਬਿਊਜ਼ ਐਂਡ ਅਲਕੋਹਲਿਜ਼ਮ' ਦੀ ਇੱਕ ਰਿਪੋਰਟ ਦੇ ਮੁਤਾਬਕ ਸ਼ਰਾਬ ਹਰ ਸਾਲ 88,000 ਮੌਤਾਂ ਦਾ ਕਾਰਨ ਬਣਦੀ ਹੈ। ਸ਼ਰਾਬ ਨੇ ਉਨ੍ਹਾਂ 88,000 ਮਨੁੱਖਾਂ ਦੀ ਉਮਰ 30 ਸਾਲ ਘਟਾ ਦਿੱਤੀ ਹੈ, ਜਦੋਂ ਕਿ ਬਾਕੀ ਸਾਰੇ ਨਸ਼ੇ ਮਿਲ ਕੇ ਇੱਕ ਸਾਲ ਵਿੱਚ ਸਿਰਫ਼ 30,000 ਮੌਤਾਂ ਦਾ ਕਾਰਨ ਬਣਦੇ ਹਨ।

ਸ਼ਰਾਬ ਦਿਮਾਗ ਦੇ ਸੈੱਲਾਂ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਕਰਦੀ ਹੈ। 'ਨੈਸ਼ਨਲ ਇੰਸਟੀਚਿਊਟ ਆਨ ਅਲਕੋਹਲ ਐਬਿਊਜ਼ ਐਂਡ ਅਲਕੋਹਲਿਜ਼ਮ' ਦੇ ਅਨੁਸਾਰ ਸ਼ਰਾਬ ਦਿਮਾਗ ਨੂੰ ਥੋੜ੍ਹੇ ਸਮੇਂ ਅਤੇ ਲੰਮੇ ਸਮੇਂ ਲਈ ਘਾਤਕ ਨੁਕਸਾਨ ਪਹੁੰਚਾ ਸਕਦੀ ਹੈ, ਵੱਖ-ਵੱਖ ਕਾਰਜਾਂ ਨੂੰ ਪ੍ਰਭਾਵਤ ਕਰਦੀ ਹੈ ਅਤੇ ਸੰਭਾਵੀ ਤੌਰ 'ਤੇ ਨਿਊਰੋਡੀਜਨਰੇਸ਼ਨ ( ਦਿਮਾਗੀ ਤੰਤੂਆਂ ਦੀ ਟੁੱਟ-ਭੱਜ) ਵੱਲ ਲੈ ਜਾਂਦੀ ਹੈ। ਇਸ ਦਾ ਪ੍ਰਭਾਵ ਮੂੰਹ ਦਾ ਕੈਂਸਰ, ਗਲੇ ਦਾ ਕੈਂਸਰ ਅਤੇ ਛਾਤੀ ਦਾ ਕੈਂਸਰ ਅਤੇ ਦਿਲ ਦੀ ਬਿਮਾਰੀ ਦਾ ਕਾਰਨ ਬਣਦਾ ਹੈ। ਸ਼ਰਾਬ ਪੀਣ ਦੇ ਆਮ ਤੌਰ 'ਤੇ ਜਾਣੇ ਜਾਂਦੇ ਪ੍ਰਭਾਵਾਂ ਤੋਂ ਇਲਾਵਾ ਜਿਗਰ ਨੂੰ ਨੁਕਸਾਨ ਪਹੁੰਚਾਉਣ ਸਮੇਤ, ਸ਼ਰਾਬ ਪੀਣ ਨਾਲ ਸਾਡੇ ਦਿਮਾਗ ਅਤੇ ਸਾਡੀ ਮਾਨਸਿਕ ਸਿਹਤ 'ਤੇ ਵੀ ਨੁਕਸਾਨਦੇਹ ਪ੍ਰਭਾਵ ਪੈਂਦਾ ਹੈ। ਚੀਨ ਜਿਸ ਨੂੰ ਅਫੀਮਚੀਆਂ ਦਾ ਦੇਸ਼ ਕਿਹਾ ਜਾਂਦਾ ਸੀ, ਨੂੰ ਅਫੀਮ ਦੇ ਨਸ਼ੇ ਤੋਂ ਖਹਿੜਾ ਛੁਡਾਉਣ ਲਈ ਬਹੁਤ ਕੁਝ ਝੇਲਣਾ ਪਿਆ, ਜਿਸ ਅੰਦਰ ਚੀਨ ਨੂੰ ਬਰਤਾਨਵੀ ਅਤੇ ਫਰਾਂਸੀਸੀ ਸਾਮਰਾਜੀਆਂ ਵਿਰੁੱਧ ਦੋ ਅਫੀਮ ਯੁੱਧ ਕਰਨੇ ਪਏ। ਪਹਿਲੀ ਅਫੀਮ ਜੰਗ (1839-1842) ਕਿੰਗ ਸਰਕਾਰ ਦੁਆਰਾ ਅਫੀਮ ਵਪਾਰ ਨੂੰ ਦਬਾਉਣ ਦੀਆਂ ਕੋਸ਼ਿਸ਼ ਦੁਆਰਾ ਸ਼ੁਰੂ ਹੋਈ ਸੀ, ਜਿਸ ਤੋਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੂੰ ਭਾਰੀ ਲਾਭ ਹੋਇਆ ਸੀ। ਦੂਜੀ ਅਫੀਮ ਜੰਗ (1856-1860) ਬ੍ਰਿਟੇਨ ਅਤੇ ਫਰਾਂਸ ਨੇ ਚੀਨ ਤੋਂ ਹੋਰ ਰਿਆਇਤਾਂ ਦੀ ਮੰਗ ਕੀਤੀ, ਜਿਸ ਵਿੱਚ ਅਫੀਮ ਨੂੰ ਕਾਨੂੰਨੀ ਮਾਨਤਾ ਦੇਣਾ ਅਤੇ ਵਪਾਰਕ ਪਹੁੰਚ ਵਿੱਚ ਵਾਧਾ ਸ਼ਾਮਲ ਸੀ। ਇਨ੍ਹਾਂ ਦੋ ਜੰਗਾ ਦੇ ਚੀਨ ਵੱਲੋਂ ਹਾਰ ਜਾਣ ਕਾਰਨ ਬਹੁਤ ਭਾਰੀ ਨਮੋਸ਼ੀ ਝੱਲਣੀ ਪਈ, ਜਿਸ ਵਿੱਚ ਹੋਏ ਸਮਝੌਤੇ ਕਾਰਨ ਚੀਨ ਨੂੰ ਹਾਂਗਕਾਂਗ ਮੁਆਵਜ਼ੇ ਵਜੋਂ ਬਰਤਾਨਵੀ ਸਾਮਰਾਜਵਾਦ ਨੂੰ ਦੇਣਾ ਪਿਆ।

ਵਿਸ਼ਵ ਭਰ ਵਿੱਚ ਸਭ ਤੋਂ ਵੱਧ ਖਪਤ ਸ਼ਰਾਬ ਦੀ ਹੋ ਰਹੀ ਹੈ, ਜੋ ਬਹੁ-ਗਿਣਤੀ ਲੋਕਾਂ ਨੂੰ ਮਾਨਸਿਕ ਗੁਲਾਮੀ ਵੱਲ ਧਕੇਲ ਰਹੀ ਹੈ। ਸ਼ਰਾਬ ਇੱਕ ਜਨਤਕ ਨਸ਼ਾ ਬਣ ਚੁੱਕੀ ਹੈ ਅਤੇ ਫਿਰ ਪਤਾ ਨਹੀ ਸਰਕਾਰ ਵਲੋਂ ਸ਼ਰਾਬ ਨੂੰ ਨਸ਼ੀਲੇ ਪਦਾਰਥਾਂ ਦੀ ਲੜੀ ਵਿੱਚ ਕਿਉਂ ਨਹੀ ਰੱਖਿਆ ਜਾਂਦਾ, ਇਹ ਸਮਝ ਤੋਂ ਬਾਹਰ ਹੈ। ਸ਼ਰਾਬ ਦੀ ਵਿਸ਼ਵਵਿਆਪੀ ਪ੍ਰਤੀ ਵਿਅਕਤੀ ਖਪਤ 5.5 ਲੀਟਰ ਹੈ, ਯੂਰਪੀਅਨ ਖੇਤਰ 9.2 ਲੀਟਰ ਨਾਲ ਸਭ ਤੋਂ ਅੱਗੇ ਹੈ, ਉਸ ਤੋਂ ਬਾਅਦ ਅਮਰੀਕਾ 7.5 ਲੀਟਰ ਹੈ।

ਅਪਰਾਧੀ ਲੋਕ ਕਿਸੇ ਅਪਰਾਧ ਕਤਲ, ਲੁੱਟ-ਖੋਹ ਅਤੇ ਮਾਰਧਾੜ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਸ਼ਰਾਬ ਦੀ ਵਰਤੋਂ ਕਰਦੇ ਹਨ। ਇੱਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਹਰ ਸਾਲ ਸ਼ਰਾਬ ਪੀਣ ਕਾਰਨ ਹਰ ਰੋਜ਼ ਲਗਭਗ 336 ਵਿਅਕਤੀ ਮਰਦੇ ਹਨ ਅਤੇ 40 ਫੀਸਦੀ ਸੜਕੀ ਹਾਦਸੇ ਸ਼ਰਾਬ ਪੀਣ ਨਾਲ ਸੰਬੰਧਤ ਹਨ। ਸ਼ਰਾਬ ਦੀ ਵਰਤੋਂ ਤੋਂ ਹਰ ਹੀਲੇ ਬਚਣਾ ਚਾਹੀਦਾ ਹੈ। ਸਰਕਾਰ ਆਪਣਾ ਰੈਵੀਨਿਊ/ਮਾਲੀਆ ਵਧਾਉਣ ਦੇ ਚੱਕਰ ਵਿੱਚ ਸ਼ਰਾਬ ਦੀ ਵੱਧ ਤੋਂ ਵੱਧ ਵਿਕਰੀ ਉਪਰ ਵਿਸ਼ਵਾਸ ਕਰਦੀ ਹੋਈ ਹਰ ਸਾਲ ਵਾਧੂ ਠੇਕੇ ਖੋਲ੍ਹਣ ਨੂੰ ਤਰਜੀਹ ਦਿੰਦੀ ਹੈ। ਸ਼ਰਾਬ ਅੰਤ ਵਿੱਚ ਬੇਰੁਜ਼ਗਾਰੀ, ਕਮਜ਼ੋਰ ਮਨੁੱਖੀ ਸਰੋਤ, ਕਮਜ਼ੋਰ ਦਿਮਾਗੀ ਸ਼ਕਤੀ, ਗੈਰ-ਸਿਹਤਮੰਦ ਸਮਾਜ ਅਤੇ ਵੱਡੇ ਪੱਧਰ 'ਤੇ ਵਧਦੇ ਅਪਰਾਧ ਵੱਲ ਲੈ ਜਾਂਦੀ ਹੈ। ਸ਼ਰਾਬ ਦੀ ਦੁਰਵਰਤੋਂ ਕਾਰਨ ਸਬੰਧਾਂ ਵਿੱਚ ਤਣਾਅ ਪੈਦਾ ਕਰਦੀ ਹੈ, ਜਿਸ ਨਾਲ ਪਰਿਵਾਰਕ ਟਕਰਾਅ, ਘਰੇਲੂ ਹਿੰਸਾ ਅਤੇ ਤਲਾਕ, ਜਨਤਕ ਵਿਕਾਰ ਅਤੇ ਹਿੰਸਕ ਅਪਰਾਧਾਂ ਸਮੇਤ ਵਧੇ ਹੋਏ ਅਪਰਾਧ ਦਰਾਂ ਨਾਲ ਜੁੜੀ ਹੁੰਦੀ ਹੈ। ਅੱਜ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਪੀਣ ਵਾਲੇ ਪਦਾਰਥ ਬਾਜ਼ਾਰਾਂ ਵਿੱਚੋਂ ਇੱਕ ਸ਼ਰਾਬ ਦਾ ਖੇਤਰ ਹੈ, ਜਿਸ ਕਾਰਨ ਵਧਦੀ ਸ਼ਹਿਰੀ ਆਬਾਦੀ ਸ਼ਰਾਬ ਦੀ ਗੁਲਾਮ ਬਣ ਸਕੇ। ਸ਼ਰਾਬ ਦੀ ਦੁਰਵਰਤੋਂ ਨੂੰ ਮਾਨਸਿਕ ਸਿਹਤ ਇਸ ਦੇ ਪ੍ਰਭਾਵ ਅਤੇ ਨਸ਼ਾਖੋਰੀ ਦੀ ਸੰਭਾਵਨਾ ਦੇ ਕਾਰਨ ਮਾਨਸਿਕ ਗੁਲਾਮੀ ਵਜੋਂ ਵੀ ਦਰਸਾਇਆ ਜਾਂਦਾ ਹੈ। ਸ਼ਰਾਬ ਡਿਪਰੈਸ਼ਨ ਅਤੇ ਚਿੰਤਾ ਵਰਗੀਆਂ ਮੌਜੂਦਾ ਮਾਨਸਿਕ ਸਿਹਤ ਸਥਿਤੀਆਂ ਨੂੰ ਵਿਗਾੜ ਸਕਦੀ ਹੈ ਅਤੇ ਨਵੇਂ ਮਨੋਵਿਗਿਆਨਕ ਮੁੱਦਿਆਂ ਨੂੰ ਵੀ ਸ਼ੁਰੂ ਕਰਦੀ ਹੈ। ਇਸ ਤੋਂ ਇਲਾਵਾ ਨਸ਼ਾਖੋਰੀ ਦਾ ਚੱਕਰ ਨਿਯੰਤਰਣ ਅਤੇ ਸਵੈ-ਨਿਰਣੇ ਦੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ, ਜਿਸ ਨੂੰ ਮਾਨਸਿਕ ਗੁਲਾਮੀ ਦੇ ਰੂਪ ਵਜੋਂ ਦੇਖਿਆ ਜਾ ਸਕਦਾ ਹੈ। ਇਸੇ ਕਰਕੇ ਗੁਲਾਮਾਂ ਦੇ ਮਾਲਕ ਗੁਲਾਮਾਂ ਦੀ ਸ਼ਰਾਬ ਤੱਕ ਪਹੁੰਚ ਨੂੰ ਧਿਆਨ ਨਾਲ ਨਿਯੰਤਰਿਤ ਕਰਦੇ ਹਨ। ਗੁਲਾਮਾਂ ਨੂੰ ਆਮ ਹਾਲਤਾਂ ਵਿੱਚ ਪੀਣ ਤੋਂ ਮਨ੍ਹਾ ਕੀਤਾ ਜਾਂਦਾ ਸੀ, ਪਰ ਸ਼ਨੀਵਾਰ ਰਾਤਾਂ ਅਤੇ ਛੁੱਟੀਆਂ ਵਿੱਚ ਬਹੁਤ ਜ਼ਿਆਦਾ ਪੀਣ ਲਈ ਉਤਸ਼ਾਹਤ ਕੀਤਾ ਜਾਂਦਾ ਸੀ। ਗੁਲਾਮਾਂ ਨੂੰ ਨਸ਼ੀਲੇ ਪਦਾਰਥ ਅਤੇ ਸ਼ਰਾਬ ਆਦਿ ਦਿੱਤੇ ਜਾਂਦੇ ਸਨ, ਤਾਂ ਜੋ ਉਨ੍ਹਾਂ ਕੋਲ ਭੱਜਣ ਬਾਰੇ ਸੋਚਣ ਦਾ ਸਮਾਂ ਨਾ ਹੋਵੇ। ਇਹ ਸਮਾਜਿਕ ਨਿਯੰਤਰਣ ਦਾ ਇੱਕ ਰੂਪ ਸੀ। ਉਹ ਮਾਨਸਿਕ ਤੌਰ 'ਤੇ ਨਸ਼ੇ ਦੇ ਮਾਨਸਿਕ ਗੁਲਾਮ ਬਣ ਜਾਂਦੇ ਸਨ। ਸ਼ਰਾਬ ਉਪਰ ਨਿਰਭਰਤਾ ਪੈਦਾ ਕਰਨ ਵਾਲੀਆਂ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਪੂੰਜੀਵਾਦੀ ਦਬਦਬੇ ਕਾਰਨ ਇਸ ਦੀ ਵਿਆਪਕਤਾ ਅਤੇ ਬਹੁਤ ਜ਼ਿਆਦਾ ਵਰਤੋਂ ਨੂੰ ਖਤਮ ਕਰਨ ਅਤੇ ਇਸ ਤੋਂ ਮੁਕਤੀ ਪਾਉਣ ਲਈ ਇਸ ਦੇ (ਪੂੰਜੀਵਾਦ) ਵਾਸਤਵਿਕ ਬਦਲ ਲਈ ਸਮੂਹਕ ਰਾਜਨੀਤੀ ਦੀ ਲੋੜ ਹੈ। ਇਥੇ ਇਹ ਗੱਲ ਯਾਦ ਰੱਖਣ ਯੋਗ ਹੈ, 'ਜਿੱਥੇ ਪੂੰਜੀਵਾਦ ਹੋਵੇਗਾ, ਉੱਥੇ ਨਸ਼ਾ ਵੀ ਹੋਵੇਗਾ।'

***# ਸੰਪਰਕ : 98550-04500***

# .ਗਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ

**ਪਿਰਥੀਪਾਲ ਸਿੰਘ ਮਾੜੀਮੇਘਾ**

ਇਸ ਵਾਰ 'ਮੇਲਾ ਗ਼ਦਰੀ ਬਾਬਿਆਂ ਦਾ' ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋ ਰਿਹਾ ਹੈ। ਗਦਰੀ ਗੁਲਾਬ ਕੌਰ ਵਿਆਹ ਤੋਂ ਬਾਅਦ ਆਪਣੇ ਪਤੀ ਨਾਲ ਮਨੀਲਾ ਚਲੀ ਗਈ। ਬੀਬੀ ਗੁਲਾਬ ਕੌਰ ਤੇ ਉਸ ਦੇ ਪਤੀ ਨੂੰ 8 ਮਹੀਨਿਆਂ ਬਾਅਦ ਮਨੀਲਾ ਦੀ ਨਾਗਰਿਕਤਾ ਮਿਲ ਗਈ ।

ਗਦਰੀ ਵੀਰਾਂਗਣਾ ਦਾ ਜਨਮ 1890 ਵਿੱਚ ਸੁਨਾਮ ਦੇ ਨਜ਼ਦੀਕ ਪਿੰਡ ਬਖ਼ਸ਼ੀਵਾਲਾ ਵਿੱਚ ਹੋਇਆ। ਗੁਲਾਬ ਕੌਰ ਦੇ ਮਾਤਾ-ਪਿਤਾ ਕਿਸਾਨ ਪਰਵਾਰ 'ਚੋਂ ਸਨ। ਜਦੋਂ ਗੁਲਾਬ ਕੌਰ ਜਵਾਨ ਹੋਈ, ਉਸ ਵਕਤ ਹਿੰਦੁਸਤਾਨ ਵਿੱਚ ਦੇਸ਼ ਦੀ ਆਜ਼ਾਦੀ ਦੀ ਚਿਣਗ ਛਿੜ ਚੁੱਕੀ ਸੀ। ਬੀਬੀ ਗੁਲਾਬ ਕੌਰ ਸਕੂਲ ਤੋਂ ਗਿਆਨ ਤਾਂ ਪ੍ਰਾਪਤ ਨਾ ਕਰ ਸਕੀ, ਪਰ ਆਪ ਦਿਮਾਗੀ ਤੌਰ 'ਤੇ ਬੜੇ ਹੁਸ਼ਿਆਰ ਸਨ । ਉਨ੍ਹਾ ਤੋਂ ਆਪਣੇ ਮੁਲਕ ਦੀ ਗੁਲਾਮੀ ਸਹੀ ਨਹੀਂ ਸੀ ਜਾ ਰਹੀ, ਪਰ ਮਰਦ ਪ੍ਰਧਾਨ ਸਮਾਜ ਵਿੱਚ ਪਰਵਾਰ ਦੀ ਹਵੇਲੀ 'ਚੋਂ ਬਾਹਰ ਨਹੀਂ ਸੀ ਨਿਕਲ ਸਕਦੀ।

ਉਨ੍ਹਾ ਦੀ ਸ਼ਾਦੀ ਮਾਂ-ਬਾਪ ਨੇ ਨੇੜਲੇ ਪਿੰਡ ਜਖੇਪਲ ਦੇ ਇੱਕ ਨੌਜਵਾਨ ਮਾਨ ਸਿੰਘ ਨਾਲ ਕਰ ਦਿੱਤੀ। ਮਾਨ ਸਿੰਘ ਮਨੀਲਾ ਤੋਂ ਆਇਆ ਹੋਇਆ ਸੀ। ਸ਼ਾਦੀ ਤੋਂ ਕੁਝ ਦਿਨ ਬਾਅਦ ਉਹ ਗੁਲਾਬ ਕੌਰ ਨੂੰ ਮਨੀਲਾ ਲੈ ਗਿਆ। ਜਿਹੜਾ ਮਨੀਲਾ ਦਾ ਸ਼ਹਿਰੀ ਬਣ ਜਾਂਦਾ ਸੀ, ਉਹ ਪਰਵਾਰ ਸਮੇਤ ਅਮਰੀਕਾ ਜਾ ਸਕਦਾ ਸੀ। ਇਸ ਆਸ ਨਾਲ ਮਾਨ ਸਿੰਘ ਉਸ ਨੂੰ ਮਨੀਲਾ ਲੈ ਕੇ ਗਿਆ ਸੀ। ਜਲਦੀ ਹੀ ਅਮਰੀਕਾ ਜਾਣ ਵਾਲਾ ਇਹ ਕਾਨੂੰਨ ਬਦਲ ਗਿਆ। ਇਸ ਕਰਕੇ ਬੀਬੀ ਗੁਲਾਬ ਕੌਰ ਤੇ ਉਸ ਦਾ ਪਤੀ ਅਮਰੀਕਾ ਜਾ ਨਾ ਸਕੇ।

ਗੁਲਾਬ ਕੌਰ ਤੇ ਉਸ ਦਾ ਪਤੀ ਗਦਰ ਪਾਰਟੀ ਨਾਲ ਜੁੜੇ ਹੋਏ ਸਨ। ਗਦਰ ਪਾਰਟੀ ਨੇ ਦੇਸ਼ ਨੂੰ ਫਰੰਗੀਆਂ ਤੋਂ ਆਜ਼ਾਦ ਕਰਾਉਣ ਲਈ ਗ਼ਦਰੀਆਂ ਨੂੰ ਹਿੰਦੁਸਤਾਨ ਪਹੁੰਚਣ ਦਾ ਸੱਦਾ ਦੇ ਦਿੱਤਾ। ਗਦਰੀ ਵਹੀਰਾਂ ਘੱਤ ਕੇ ਹਿੰਦ ਨੂੰ ਚੱਲ ਪਏ। ਅਮਰੀਕਾ-ਕੈਨੇਡਾ ਆਦਿ ਦੇਸ਼ਾਂ ਤੋਂ ਹਿੰਦੀਆਂ ਨਾਲ ਭਰੇ ਜਹਾਜ਼ ਕੁਝ ਦਿਨ ਮਨੀਲਾ ਰੁਕਦੇ ਸਨ। ਮਨੀਲਾ ਵਿਖੇ ਸਿੱਖਾਂ ਨੇ ਗੁਰਦੁਆਰਾ ਬਣਾਇਆ ਹੋਇਆ ਸੀ, ਜਿੱਥੇ ਲੰਗਰ-ਪਾਣੀ ਵੀ ਮਿਲਦਾ ਸੀ, ਆਰਾਮ ਕਰਨ ਲਈ ਥਾਂ ਵੀ ਸੀ। ਗੁਰਦੁਆਰੇ ਵਿੱਚ ਬੀਬੀ ਗੁਲਾਬ ਕੌਰ ਧੜੱਲੇਦਾਰ ਤਕਰੀਰਾਂ ਕਰਦੀ ਸੀ।

ਗਦਰੀ ਗੁਲਾਬ ਕੌਰ ਨੇ ਆਪਣੇ ਘਰ ਵਾਲੇ ਨੂੰ ਦੇਸ਼ ਦੀ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਕਿਹਾ, ਪਰ ਉਹ ਨਾ ਮੰਨਿਆ। ਬੀਬੀ ਗੁਲਾਬ ਕੌਰ ਤਾਂ ਮਨੀਲਾ ਤੋਂ 35 ਹੋਰ ਗ਼ਦਰੀਆਂ ਦੇ ਜਥੇ ਨਾਲ ਹਾਂਗਕਾਂਗ ਪਹੁੰਚ ਗਈ। ਮਨੀਲਾ ਤੋਂ ਤੁਰਨ ਤੋਂ ਪਹਿਲਾਂ ਬੀਬੀ ਗੁਲਾਬ ਕੌਰ ਨੇ ਆਪਣੇ ਪਤੀ ਨੂੰ ਕਿਹਾ, 'ਹੁਣ ਦੱਸ ਤੂੰ ਮੇਰੇ ਨਾਲ ਚੱਲੇਂਗਾ ਕੇ ਨਹੀਂ ?' ਉਸ ਦਾ ਪਤੀ ਬੋਲਿਆ, 'ਗੁਲਾਬ ਕੌਰੇ ਤੈਨੂੰ ਤੇ ਪਤਾ ਈ ਏ ਮੇਰੇ ਮਾਂ-ਬਾਪ ਬਜ਼ੁਰਗ ਹੋ ਚੁੱਕੇ ਹਨ, ਮੈਂ ਅਮਰੀਕਾ ਜਾ ਕੇ ਕਮਾਈ ਕਰਨਾ ਚਾਹੁੰਦਾ, ਆਪਣਾ ਟੱਬਰ ਪਾਲਣਾ ਚਾਹੁੰਦਾਂ।' ਗੁਲਾਬ ਕੌਰ ਕਹਿੰਦੀ-ਮੈਂ ਤੇ ਸਮਝਦੀ ਸੀ ਕਿ ਤੇਰੇ ਦਿਲ ਵਿੱਚ ਵੀ ਮੁਲਕ ਵਾਸਤੇ ਪਿਆਰ ਹੋਏਗਾ, ਤੇਰੇ ਵੀ ਇਸ ਦਿਲ ਵਿੱਚ ਆਜ਼ਾਦੀ ਦੀ ਲੋਅ ਜਗਦੀ ਹੋਵੇਗੀ, ਪਰ ਤੂੰ ਤੇ ਡਰਪੋਕ ਨਿਕਲਿਆ ਅਤੇ ਸਰਕਾਰ ਦੀ ਸਖ਼ਤੀ ਤੋਂ ਡਰ ਗਿਆਂ।

ਗੁਲਾਬ ਕੌਰ ਹਿੰਦੁਸਤਾਨ ਪਹੁੰਚ ਗਈ ਅਤੇ ਯੋਜਨਾਬੱਧ ਢੰਗ ਨਾਲ ਦੇਸ਼ ਦੀ ਆਜ਼ਾਦੀ ਦਾ ਕੰਮ ਕਰਨ ਲੱਗ ਪਈ। ਗਦਰ ਦੀ ਅਗਵਾਈ ਕਰਨ ਲਈ ਰਾਸ ਬਿਹਾਰੀ ਬੋਸ ਲਾਹੌਰ ਪਹੁੰਚ ਚੁੱਕਾ ਸੀ। ਬੋਸ ਨੇ ਖ਼ਤਰਾ ਮਹਿਸੂਸ ਕੀਤਾ ਤੇ ਗ਼ਦਰੀ ਸਰਨਦਾਸ ਨੂੰ ਕਿਹਾ ਕਿ ਉਹ ਆਪਣੀ ਪਤਨੀ ਸੱਤਿਆ ਦੇਵੀ ਅਤੇ ਗੁਲਾਬ ਕੌਰ ਨੂੰ ਲੈ ਕੇ ਕਪੂਰਥਲਾ ਚਲੇ ਜਾਵੇ, ਪਰ ਸੱਜਣ ਸਿੰਘ ਨਾਰੰਗਵਾਲ ਬੀਬੀ ਗੁਲਾਬ ਕੌਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਛੱਡ ਆਏ।

ਬੀਬੀ ਗੁਲਾਬ ਕੌਰ ਗ਼ਦਰੀਆਂ ਦੀ ਡਾਕ ਦਾ ਕੰਮ ਕਰਦੀ ਸੀ। ਉਸ ਨੇ ਲਾਹੌਰ, ਅੰਮ੍ਰਿਤਸਰ ਆਦਿ ਗ਼ਦਰੀਆਂ ਦੇ ਅੱਡਿਆਂ 'ਤੇ ਚਰਖ਼ਾ ਕੱਤਣ ਦਾ ਢਕਵੰਜ ਰਚਿਆ ਹੋਇਆ ਸੀ। ਛਿੱਕੂ ਦੇ ਵਿੱਚ ਰੂੰ ਦੀਆਂ ਪੂਣੀਆਂ ਦੇ ਥੱਲੇ ਗ਼ਦਰੀਆਂ ਨੂੰ ਸੁਨੇਹਾ ਪਹੁੰਚਾਉਣ ਦੀਆਂ ਚਿੱਠੀਆਂ, ਸਾਹਿਤ ਅਤੇ ਬੰਬ ਰੱਖੇ ਹੁੰਦੇ ਸਨ।

ਬੀਬੀ ਗੁਲਾਬ ਕੌਰ ਨੂੰ ਕੋਟਲਾ ਨੌਧ ਸਿੰਘ ਤੋਂ ਪਹਿਲੀ ਮਾਰਚ 1915 ਨੂੰ ਗ੍ਰਿਫਤਾਰ ਕਰ ਲਿਆ ਅਤੇ ਹੁਸ਼ਿਆਰਪੁਰ ਜੇਲ੍ਹ ਵਿੱਚ ਕੈਦ ਕਰ ਦਿੱਤਾ । ਗਦਰੀ ਅਮਰ ਸਿੰਘ ਨੂੰ ਵੀ ਪੁਲਸ ਨੇ ਬੀਬੀ ਗੁਲਾਬ ਕੌਰ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ। ਜੇਲ੍ਹ ਵਿੱਚ ਗੁਲਾਬ ਕੌਰ 'ਤੇ ਪੁਲਸ ਨੇ ਅਥਾਹ ਤਸ਼ੱਦਦ ਕੀਤਾ, ਪਰ ਗ਼ੁਲਾਬ ਕੌਰ ਨੇ ਪੁਲਸ ਨੂੰ ਕੋਈ ਜਾਣਕਾਰੀ ਨਾ ਦਿੱਤੀ। ਉਸ ਨੇ ਤਸ਼ੱਦਦ ਬੜੇ ਸਬਰ ਤੇ ਹੌਸਲੇ ਨਾਲ ਝੱਲਿਆ। ਗਦਰੀ ਗੁਲਾਬ ਕੌਰ ਨੂੰ 1921 ਵਿੱਚ ਰਿਹਾਅ ਕੀਤਾ ਗਿਆ।

ਗਦਰ ਅੰਦੋਲਨ ਅਸਫਲ ਹੋਣ ਤੋਂ ਬਾਅਦ ਗਦਰੀ ਗੁਲਾਬ ਕੌਰ ਪਿੰਡ ਕੋਟਲਾ ਨੌਧ ਸਿੰਘ ਵਿਖੇ ਰਹਿਣ ਲੱਗ ਪਈ। ਇਹ ਇਲਾਕਾ ਬੱਬਰਾਂ ਦਾ ਇੱਕ ਮਹੱਤਵਪੂਰਨ ਗੜ੍ਹ ਸੀ। ਬੀਬੀ ਗੁਲਾਬ ਕੌਰ ਅਮਰ ਸਿੰਘ ਦੇ ਚੁਬਾਰੇ ਵਿੱਚ ਰਹਿੰਦੀ ਸੀ। ਇੱਕ ਵਾਰ ਬੱਬਰ ਧਰਮ ਸਿੰਘ ਅਤੇ ਕਰਮ ਸਿੰਘ ਨੂੰ ਬੀਬੀ ਗੁਲਾਬ ਕੌਰ ਨੂੰ ਮਿਲਣ ਦਾ ਮੌਕਾ ਮਿਲਿਆ। ਇਹ ਦੋਵੇਂ ਬੱਬਰ ਦੇਸੀ ਦਵਾ-ਦਾਰੂ ਦੇ ਬਹਾਨੇ ਬੰਬ ਬਣਾਉਂਦੇ ਸਨ। ਬੀਬੀ ਗੁਲਾਬ ਕੌਰ ਬੱਬਰ ਦਲੀਪ ਸਿੰਘ ਧਾਮੀਆਂ ਨੂੰ ਆਪਣਾ ਧਰਮ ਪੁੱਤਰ ਸਮਝਦੀ ਸੀ। ਉਸ ਨੇ ਦਲੀਪ ਸਿੰਘ ਨੂੰ ਕਿਹਾ-ਧਰਮ ਸਿੰਘ ਤੇ ਕਰਮ ਸਿੰਘ ਕੋਲੋਂ ਬੰਬ ਬਣਾਉਣੇ ਸਿੱਖ ਲਵੇ। ਬੀਬੀ ਗੁਲਾਬ ਕੌਰ ਬੱਬਰਾਂ ਦੇ ਸੰਘਰਸ਼ ਵਿੱਚ ਵੀ ਉਨ੍ਹਾਂ ਦੀ ਮਦਦ ਕਰਦੀ ਸੀ। ਬੱਬਰ ਬੰਤਾ ਸਿੰਘ ਸੰਘਵਾਲ ਅਮਰ ਸਿੰਘ ਨੂੰ ਮਿਲਣ ਆਇਆ, ਪਰ ਉਹ ਘਰ ਨਾ ਮਿਲੇ। ਬੀਬੀ ਗੁਲਾਬ ਕੌਰ ਨੇ ਬੰਤਾ ਸਿੰਘ ਕੋਲੋਂ ਸਾਰੀ ਗੱਲ ਸਮਝ ਲਈ ਅਤੇ ਬਿਮਾਰੀ ਦੀ ਹਾਲਤ ਵਿੱਚ ਬੱਬਰ ਧਰਮ ਸਿੰਘ ਨੂੰ ਹੁਸ਼ਿਆਰਪੁਰ ਜਾ ਕੇ ਗੱਲ ਦੱਸੀ।

ਪੁਲਸ ਦੇ ਤਸ਼ੱਦਦ ਨਾਲ ਗ਼ਦਰੀ ਗੁਲਾਬ ਕੌਰ ਦਾ ਸਰੀਰ ਅੰਦਰੋਂ ਖਤਮ ਹੋ ਚੁੱਕਾ ਸੀ, ਪਰ ਉਸ ਦਾ ਹੌਂਸਲਾ ਬਹੁਤ ਬਲਵਾਨ ਸੀ। ਬੀਬੀ ਗੁਲਾਬ ਕੌਰ ਦਾ



ਸਰੀਰ ਦਿਨੋਂ-ਦਿਨ ਕਮਜ਼ੋਰ ਹੁੰਦਾ ਗਿਆ। ਗ਼ਦਰੀਆਂ ਦੇ ਵਿਛੋੜੇ ਕਾਰਨ ਬੀਬੀ ਗੁਲਾਬ ਕੌਰ ਦੀ ਮਾਨਸਿਕਤਾ ਸਾਥ ਛੱਡ ਗਈ। ਸਰੀਰ ਦੇ ਜ਼ਖਮਾਂ ਤੋਂ ਉਸ ਨੂੰ ਕੈਂਸਰ ਹੋ ਗਿਆ। ਕੈਂਸਰ ਦਾ ਉਸ ਵਕਤ ਕੋਈ ਇਲਾਜ ਨਹੀਂ ਸੀ। ਦੇਸੀ ਓਹੜ-ਪੋਹੜ ਕੀਤਾ ਗਿਆ, ਪਰ ਕੈਂਸਰ ਸਰੀਰ ਵਿੱਚ ਫੈਲਦਾ ਗਿਆ ।

ਬੀਬੀ ਗੁਲਾਬ ਕੌਰ ਸਰੀਰ ਦੀ ਇਸ ਨਾਜ਼ੁਕ ਹਾਲਤ ਵਿੱਚ ਪਿੰਡ ਕੋਟਲਾ ਨੌਧ ਸਿੰਘ ਦੀਆਂ ਬੀਬੀਆਂ ਨੂੰ ਘਰ ਬੁਲਾਉਂਦੀ ਅਤੇ ਕਹਿੰਦੀ, 'ਆਪਾਂ ਸਾਰਿਆਂ ਨੇ ਮਿਲ ਕੇ ਆਪਣੇ ਮੁਲਕ ਨੂੰ ਆਜ਼ਾਦ ਕਰਾਉਣਾ, ਗੋਰਿਆਂ ਨੂੰ ਇੱਥੋਂ ਭਜਾਉਣਾ, ਤੁਸੀਂ ਵੀ ਆਪਣੇ ਭਾਈਆਂ ਨਾਲ ਮਿਲ ਕੇ ਹਿੱਸਾ ਪਾਓ, ਮੁਲਕ ਨੂੰ ਆਜ਼ਾਦ ਕਰਾਓ, ਭੈਣੋਂ ਮੇਰੇ ਤਾਂ ਸੁਆਸਾਂ ਦੀ ਪੂੰਜੀ ਮੁੱਕ ਗਈ ਲਗਦੀ ਏ, ਤੁਸੀਂ ਹੀ ਹੁਣ ਸੰਭਾਲਣਾ ਇਸ ਮੁਲਕ ਨੂੰ।'

ਗਦਰ ਲਹਿਰ ਦੀ ਮਾਈ ਭਾਗੋ ਬੀਬੀ ਗੁਲਾਬ ਕੌਰ ਦੀ 28 ਜੁਲਾਈ 1925 ਨੂੰ ਮੌਤ ਹੋ ਗਈ।

**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।**
**# ਸੰਪਰਕ : 98760-78731**

# ਬੁਢਾਪਾ ਮਨੁੱਖਤਾ ਲਈ ਨਿਆਮਤ ਹੈ

**ਸੁਖਪਾਲ ਸਿੰਘ ਗਿੱਲ**

ਨਿਆਮਤ ਨੂੰ ਦਾਤ, ਬਖਸ਼ਿਸ਼ ਅਤੇ ਬਹੁਮੁੱਲੀ ਵਸਤੂ ਵੀ ਕਿਹਾ ਜਾਂਦਾ ਹੈ।ਅੱਜ ਦੇ ਚਲਦੇ ਦੌਰ ਵਿੱਚ ਬੁਢਾਪਾ ਇੱਕ ਨਿਆਮਤ ਹੀ ਹੈ।ਭਾਗਾਂ ਵਾਲੇ ਬੰਦੇ ਨੂੰ ਹੀ ਬੁਢਾਪਾ ਹੰਢਾਉਣਾ ਮਿਲਦਾ ਹੈ। ਬਹੁਤੀ ਵਾਰੀ ਤਾਂ ਬੁਢਾਪੇ ਤੋਂ ਪਹਿਲਾਂ ਹੀ ਬੰਦਾ ਇਸ ਧਰਤੀ ਤੋਂ ਰੁਖ਼ਸਤ ਹੋ ਜਾਂਦਾ ਹੈ। ਬਚਪਨ ਤੋਂ ਬਾਅਦ ਜਵਾਨੀ, ਜਵਾਨੀ ਤੋਂ ਬਾਅਦ ਬੁਢਾਪਾ ਆਉਂਦਾ ਹੈ। ਪਵਿੱਤਰ ਗੁਰਬਾਣੀ ਵਿੱਚ ਅੰਕਿਤ ਹੈ, 'ਬਾਲ ਜਵਾਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ।" ਪਰ ਅਫਸੋਸ ਬੁਢਾਪੇ ਤੋਂ ਬਾਅਦ ਜਿਉਂਦੀ ਜਿੰਦਗਾਨੀ ਜ਼ਿੰਦਗੀ ਦਾ ਹੋਰ ਕੋਈ ਪੜਾਅ ਨਹੀਂ ਆਉਂਦਾ। ਬੁਢਾਪੇ ਦੇ ਨਾਲ ਹੀ ਜ਼ਿੰਦਗੀ ਤੋਂ ਰੁਖਸਤ ਹੋ ਜਾਣ ਦਾ ਵੇਲਾ ਆ ਜਾਂਦਾ ਹੈ। ਜਲ੍ਹਣ ਨੇ ਬੁਢਾਪੇ ਬਾਰੇ ਇਉਂ ਲਿਖਿਆ ਹੈ, 'ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ, ਬੁੱਢੇ ਹੋ ਕੇ ਮਾਲਾ ਫੇਰੀ ਰੱਬ ਦਾ ਉਲ੍ਹਾਂਭਾ ਲਾਹਿਆ।' ਬੁਢਾਪਾ ਜੀਵਨ ਦੀ ਆਖਰੀ ਸਟੇਜ ਵੀ ਹੁੰਦੀ ਹੈ। ਬਾਬਾ ਫਰੀਦ ਜੀ ਗੁਰਬਾਣੀ ਵਿੱਚ ਇਉਂ ਫਰਮਾਉਂਦੇ ਹਨ, 'ਬੁਢਾ ਹੋਆ ਸ਼ੇਖ ਫਰੀਦੁ ਕੰਬਣਿ ਲੱਗੀ ਦੇਹ, ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹੁ ॥'

ਬੁਢਾਪਾ ਜੀਵਨ ਦੀ ਅਜਿਹੀ ਸਟੇਜ ਹੈ, ਜੋ ਰੁੜ੍ਹਦਿਆਂ-ਰੁੜ੍ਹਦਿਆਂ ਗੋਲ ਹੋ ਜਾਂਦੀ ਹੈ। ਤਜਰਬੇ ਏਨੇ ਹੋ ਜਾਂਦੇ ਹਨ ਕਿ ਗੁਣਾਂ ਦੀ ਗੁਥਲੀ ਬਣ ਜਾਂਦੀ ਹੈ। ਅੱਜ ਦੀ ਜਵਾਨੀ ਅਜਿਹੀ ਗੁਣਾਂ ਦੀ ਗੁਥਲੀ ਦੇ ਫਾਇਦੇ ਲੈਣ ਦੀ ਬਜਾਏ ਆਪਣੀ ਅਕਲ ਹੀ ਵੱਡੀ ਦੱਸ ਰਹੀ ਹੈ। ਘਰ-ਪਰਿਵਾਰ ਵਿੱਚ ਜਦੋਂ ਚਲਦੀਆਂ ਹੁੰਦੀਆਂ ਹਨ ਤਾਂ ਬੰਦਾ ਆਲੇ-ਦੁਆਲੇ ਦੇਖੇ ਬਿਨਾਂ ਜੀਵਨ ਦਾ ਆਨੰਦ ਮਾਣਦਾ ਹੈ, ਤਜਰਬੇ ਆਪ ਹੀ ਜ਼ਿੰਦਗੀ ਵਿੱਚ ਜਮ੍ਹਾਂ ਮਨਫੀ ਹੋਈ ਜਾਂਦੇ ਹਨ ।ਹੋਈ ਜਾਂਦੇ ਹਨ। ਅੱਜ ਨਾਲੋਂ ਪੁਰਾਤਨ ਸਮੇਂ ਵਿੱਚ ਬੁਢਾਪੇ ਦਾ ਸਤਿਕਾਰ ਹੁੰਦਾ ਸੀ, ਜੋ ਇੱਕ ਪਰੰਪਰਾ ਅਤੇ ਰੀਤ ਹੁੰਦੀ ਸੀ।ਘਰ ਦੀ ਵਾਗ-ਡੋਰ ਬੁਢਾਪੇ ਦੇ ਹੱਥ ਹੁੰਦੀ ਸੀ। ਅੱਜ ਬੁਢਾਪਾ ਰੁਲਦਾ ਹੈ, ਸੰਸਕ੍ਰਿਤੀ ਖੇਰੂੰ-ਖੇਰੂੰ ਹੋ ਜਾਂਦੀ ਹੈ।ਬਿਰਧ ਆਸ਼ਰਮ ਬੁਢਾਪੇ ਦੇ ਨਾਂਅ 'ਤੇ ਕਲੰਕ ਹਨ । ਇਸ ਨਾਲ ਸਾਡੀ ਸੱਭਿਅਤਾ ਅਤੇ ਸੰਸਕਾਰ ਵੀ ਖੇਰੂੰ-ਖੇਰੂੰ ਹੋ ਰਹੇ ਹਨ। ਦਾਰਸ਼ਨਿਕ ਦੱਸਦੇ ਹਨ ਇੱਕ ਬੁੱਢੇ ਚਿਹਰੇ ਦੀ ਸੁੰਦਰਤਾ ਕਿਸੇ ਪਵਿੱਤਰ ਸਥਾਨ ਅੰਦਰ ਜਗਦੀ ਹੋਈ ਚਿੱਟੀ ਮੋਮਬੱਤੀ ਹੁੰਦੀ ਹੈ।

ਸੰਯੁਕਤ ਰਾਸ਼ਟਰ ਨੇ ਇਕ ਅਕਤੂਬਰ 1991 ਨੂੰ ਬੁਢਾਪਾ ਦਿਵਸ ਮਨਾਉਣ ਦਾ ਮਤਾ ਪਾਸ ਕੀਤਾ ਸੀ। ਦੂਜੇ ਪਾਸੇ ਹਾਰਵਰਡ ਦੇ ਵਿਗਿਆਨੀ ਬੁਢਾਪੇ ਨੂੰ ਇੱਕ ਬਿਮਾਰੀ ਦੱਸ ਰਹੇ ਹਨ। ਸਾਡੀ ਬਲਵਾਨ ਸੰਸਕ੍ਰਿਤੀ ਵਿੱਚ ਬੁਢਾਪੇ ਦਾ ਸਤਿਕਾਰ ਕੀਤਾ ਜਾਂਦਾ ਹੈ। ਬੁਢਾਪੇ ਨੂੰ ਜੀਅ ਦੇ ਨਾਲ-ਨਾਲ ਇੱਕ ਅੰਗ ਮੰਨਿਆ ਜਾਂਦਾ ਹੈ।ਬੁਢਾਪੇ ਨਾਲ ਛੇੜ-ਛਾੜ ਕਰਨ ਵਾਲੇ ਇੱਥੇ ਬੁਰੀ ਨਜ਼ਰ ਨਾਲ ਦੇਖੇ ਜਾਂਦੇ ਹਨ। ਬੁਢਾਪੇ ਤੋਂ ਅਸ਼ੀਰਵਾਦ ਲੈ ਕੇ ਚੱਲਣਾ ਸਾਡੀ ਸੰਸਕ੍ਰਿਤੀ ਸਿਖਾਉਂਦੀ ਹੈ।ਇਹ ਨਿਆਮਤ ਉਹੀ ਕੁਝ ਦਿੰਦੀ ਹੈ, ਜੋ ਇਸ ਕੋਲ ਹੁੰਦਾ ਹੈ।ਨਵੀਂ ਵਿਆਹੀ ਬਹੂ ਨੂੰ ਅਸੀਸ ਵੀ ਇਸ ਤਰ੍ਹਾਂ ਸਿਆਣੀ ਬਜ਼ੁਰਗ ਔਰਤ ਵੱਲੋਂ ਦਿੱਤੀ ਜਾਂਦੀ ਹੈ, ਬੁੱਢ ਸੁਹਾਗਣ ਹੋਵੇ, ਦੁੱਧੀਂ, ਪੁੱਤੀਂ ਫਲੇਂ । ਅੱਜ ਬੁਢਾਪੇ ਦੀਆਂ ਤਰਾਸਦੀਆਂ ਵੀ ਸਿਖਰ 'ਤੇ ਹਨ। ਅਜੋਕੇ ਦੌਰ ਵਿੱਚ ਬੁਢਾਪੇ ਅਤੇ ਸਮਾਜਿਕ ਕਦਰਾਂ-ਕੀਮਤਾਂ ਵਿੱਚ ਆਈ ਤਬਦੀਲੀ ਨੇ ਬੁਢੇਪੇ ਦੀ ਪਰਿਭਾਸ਼ਾ ਬਦਲ ਦਿੱਤੀ ਹੈ।ਸਮਾਜ ਵਿੱਚ ਸਾਕੇਦਾਰੀ ਪ੍ਰਣਾਲੀ ਅਤੇ ਪਰਵਾਰ ਵਿੱਚ ਸਮਾਜੀਕਰਨ ਦੇ ਵਿਸ਼ੇ ਨੂੰ ਬੁਢਾਪੇ ਦੀ ਨਜ਼ਰ ਤੋਂ ਸਮਾਜ ਵਿਗਿਆਨ ਗੂੜ੍ਹੀ ਖੋਜ ਮੰਗਦਾ ਹੈ। ਇਸ ਨਾਲ ਹੀ ਬੁਢਾਪੇ ਦੀਆਂ ਤਰਾਸਦੀਆਂ ਦਾ ਅੰਤ ਹੋ ਸਕਦਾ ਹੈ ਅਤੇ ਬੁਢਾਪਾ ਇੱਕ ਸੁਚੱਜੀ ਨਿਆਮਤ ਵਜੋਂ ਨਿਖਰ ਕੇ ਸਾਹਮਣੇ ਆਵੇਗਾ।

ਪਹਿਲੇ ਜ਼ਮਾਨਿਆਂ ਵਿੱਚ ਸੰਤੁਲਿਤ ਖੁਰਾਕ, ਘਰ ਦੀ ਖੁਰਾਕ ਖਾਣ ਨਾਲ ਅਤੇ ਕੰਮ ਕਰਨ ਨਾਲ ਬੁਢਾਪਾ 70 ਸਾਲਾਂ ਤੋਂ ਬਾਅਦ ਸ਼ੁਰੂ ਹੁੰਦਾ ਸੀ। ਅੱਜ ਖਾਧ ਖੁਰਾਕਾਂ ਅਤੇ ਰਹਿਣ-ਸਹਿਣ ਨੇ ਜਵਾਨੀ ਨੂੰ ਬੁਢਾਪੇ ਵੱਲ ਜਾਣ ਤੋਂ ਰੋਕਿਆ ਹੈ। ਅਸਲ ਸ਼ਬਦਾਂ 'ਚ ਬੁਢਾਪੇ ਦੀ ਉਮਰ ਸੱਤਰ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਏ. ਜੀ. ਗਾਰਡੀਨਰ ਨੇ ਕਿਹਾ ਸੀ ਚੜ੍ਹਦੇ ਸੂਰਜ ਦੀ ਆਪਣੀ ਸੁੰਦਰਤਾ ਹੁੰਦੀ ਹੈ ਅਤੇ ਛਿਪਦੇ ਸੂਰਜ ਦੀ ਵੀ ਆਪਣੀ ਸੁੰਦਰਤਾ ਹੁੰਦੀ ਹੈ, ਇਹਨਾਂ ਵਿੱਚੋਂ ਛਿਪਦੇ ਸੂਰਜ ਦੀ ਸੁੰਦਰਤਾ ਵਧੇਰੇ ਡੂੰਘੀ ਅਤੇ ਰੂਹਾਨੀ ਹੁੰਦੀ ਹੈ। ਕਈ ਵਾਰ ਕਿਹਾ ਜਾਂਦਾ ਹੈ ਬਚਪਨ ਵਿੱਚ ਅਤੇ ਜਵਾਨੀ ਵਿੱਚ ਜ਼ੋਰ ਪੱਲੇ ਹੋਣ ਕਰਕੇ ਪਿੱਛੇ ਮੁੜ ਕੇ ਨਹੀਂ ਦੇਖਿਆ ਜਾਂਦਾ, ਚੱਲ ਸੋ ਚੱਲ ਰਹਿੰਦੀ ਹੈ। ਜਿਉਂ-ਜਿਉਂ ਬੁਢਾਪਾ ਆਉਂਦਾ ਜਾਂਦਾ ਹੈ, ਤਿਉਂ-ਤਿਉਂ ਜ਼ਿੰਮੇਵਾਰੀ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ।ਉਮਰ ਅਤੇ ਕਾਲੇ ਤੋਂ ਧੌਲੇ ਹੋਏ ਵਾਲ ਵੀ ਬੁਢਾਪੇ ਦੇ ਮਾਪਦੰਡ ਹਨ।ਬੁਢਾਪੇ ਤੋਂ ਬਿਨਾਂ ਘਰ ਅਤੇ ਸਮਾਜ ਗਿਆਨ ਵਿਹੂਣਾ ਹੈ। ਬੁਢਾਪੇ ਅਤੇ ਨਿਆਣੇ ਦੀ ਪਕੇਰੀ ਸਾਂਝ ਹੁੰਦੀ ਹੈ।

ਆਲਮੀ ਪੱਧਰ 'ਤੇ ਆਦਮੀ ਦੀ ਉਮਰ ਵੱਖ-ਵੱਖ ਪ੍ਰਮਾਣਿਤ ਹੈ। ਸਰਕਾਰੀ ਨੌਕਰੀ ਦੀ ਮਿਆਦ ਵੀ 58 ਤੋਂ 60 ਸਾਲ ਰੱਖੀ ਗਈ ਹੈ। ਭਾਰਤ ਵਿੱਚ 70 ਸਾਲ ਦੀ ਉਮਰ ਬੁਢਾਪੇ ਲਈ ਮਿਥੀ ਜਾਂਦੀ ਹੈ। ਜਪਾਨ 'ਚ ਬੁਢਾਪੇ ਦੀ ਐਵਰੇਜ 85 ਸਾਲ ਹੈ। ਆਸਟਰੇਲੀਆ ਵਿੱਚ ਅਤੇ ਸਿੰਘਾਪੁਰ ਵਿੱਚ ਬੁਢਾਪੇ ਦੀ ਐਵਰੇਜ 84 ਸਾਲ ਹੈ। ਭਾਰਤ ਵਿੱਚ 65 ਸਾਲ ਤੋਂ ਉੱਪਰ 6.83 ਫੀਸਦੀ ਦੇ 4,42,75000 ਮਰਦ ਹਨ ਅਤੇ 4,87,51000 ਔਰਤਾਂ ਹਨ।ਭਾਰਤ ਵਿੱਚ ਇੱਕ ਹੋਰ ਅੰਕੜੇ ਅਨੁਸਾਰ 72 ਸਾਲ ਬੁਢਾਪੇ ਦੀ ਉਮਰ ਮਿਥੀ ਗਈ ਹੈ ।126 ਸਾਲ ਦਾ ਸਵਾਮੀ ਸ਼ਿਵਾਨੰਦ ਸਭ ਤੋਂ ਵੱਡਾ ਵਿਅਕਤੀ ਹੈ।ਹਰ ਵਿਅਕਤੀ ਦੀ ਹੋੜ ਹੁੰਦੀ ਹੈ ਕਿ ਮੈਂ 100 ਸਾਲ ਜੀਵਾਂ।ਪਿੱਛੇ ਜਿਹੇ ਸਾਬਕਾ ਮੁੱਖ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਨੇ ਇੱਕ ਇੰਟਰਵੀਊ ਵਿੱਚ ਕਿਹਾ ਸੀ, ਕਿ ਯਾਰ ਮੈਂ ਤਾਂ ਸੈਂਚਰੀ ਮਾਰ ਕੇ ਹੀ ਮਰੂੰਗਾ ਭਾਵ 100 ਸਾਲ ਉਮਰ ਪੂਰੀ ਕਰਾਂਗਾ, ਕਿਉਂਕਿ ਖੁਸ਼ਵੰਤ ਸਿੰਘ ਨੇ ਵੀ ਸੈਂਚਰੀ ਮਾਰੀ ਸੀ।ਪਰ ਕੁਝ ਸਮੇਂ ਬਾਅਦ ਹੀ ਮਨੋਹਰ ਸਿੰਘ ਗਿੱਲ ਇਸ ਧਰਤੀ ਤੋਂ ਰੁਖਸਤ ਹੋ ਗਏ।ਇਸ ਲਈ ਬੁਢਾਪਾ, ਉਮਰ ਰੱਬ ਤੇ ਕੁਦਰਤ ਦੇ ਹੱਥ ਵਿੱਚ ਹੁੰਦਾ ਹੈ ਕਿਹਾ ਜਾਂਦਾ ਹੈ ਕਿ ਆਉਣ ਤੋਂ ਪਹਿਲਾਂ ਹੀ ਸਭ ਕੁਝ ਤੈਅ ਹੋ ਜਾਂਦਾ ਹੈ।

ਬੁਢਾਪੇ ਵਿੱਚ ਬੈਠਾ ਵਿਅਕਤੀ ਘਰ ਦਾ ਚੌਂਕੀਦਾਰ, ਜਿੰਦਰਾ, ਮੁਫਤ ਦਾ ਨੌਕਰ ਅਤੇ ਸਮਾਜਿਕ ਸੁਰੱਖਿਆ ਦਾ ਖਜ਼ਾਨਾ ਹੁੰਦਾ ਹੈ। ਬਹੁਤਿਆਂ ਹਾਲਾਤ 'ਚ ਬੁਢਾਪਾ ਬੇਵੱਸ ਵੀ ਹੋ ਜਾਂਦਾ ਹੈ। ਡਾਕਟਰ ਨਰਿੰਦਰ ਸਿੰਘ ਕਪੂਰ ਨੇ ਸੋਹਣੇ ਸ਼ਬਦਾਂ ਵਿੱਚ ਬੁਢਾਪਾ ਪ੍ਰੀਭਾਸ਼ਤ ਕੀਤਾ ਹੈ-ਤੁਹਾਡਾ ਬੁਢਾਪਾ ਕਿਹੋ ਜਿਹਾ ਹੋਵੇਗਾ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਬੁਢਾਪੇ ਸਬੰਧੀ ਤੁਹਾਡਾ ਦ੍ਰਿਸ਼ਟੀਕੋਣ ਕਿਹੋ ਜਿਹਾ ਹੈ। ਇਹ ਤੁਹਾਡੀ ਸਮੁੱਚੀ ਜੀਵਨ ਵਿਉਂਤ 'ਤੇ ਨਿਰਭਰ ਕਰਦਾ ਹੈ ਕਿ ਬੁਢਾਪਾ



ਸਰਾਪ ਹੋਵੇਗਾ ਜਾਂ ਵਰਦਾਨ ਹੋਵੇਗਾ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਬਚਪਨ ਤੋਂ ਬਾਅਦ ਜਵਾਨੀ ਆਉਂਦੀ ਹੈ, ਜੋ ਕਿ ਖੂਹ ਦੀਆਂ ਟਿੰਡਾਂ ਵਾਂਗ ਹੈ। ਬੁਢਾਪਾ ਆਉਂਦਾ ਹੈ, ਪਰ ਇਹ ਜਾਂਦਾ ਨਹੀਂ ਹੈ, ਨਾਲ ਹੀ ਲਿਜਾਂਦਾ ਹੈ। ਬੁਢਾਪੇ ਵਾਰੇ ਹੋਰ ਵੀ ਹੈ ਕਿ ਹੱਕ-ਸੱਚ ਦੀ ਲੜਾਈ ਵਿੱਚ ਹਮੇਸ਼ਾ ਜਿੱਤ ਉਸ ਦੀ ਹੁੰਦੀ ਹੈ ਜੋ ਇਖਲਾਕੀ ਤੌਰ 'ਤੇ ਉੱਚਾ, ਸੁੱਚਾ ਹੋਵੇ। ਬੁਢਾਪੇ ਵਿੱਚ ਜਾਂਦਾ-ਜਾਂਦਾ ਵਿਅਕਤੀ ਤਕਰੀਬਨ ਆਪਣੇ ਇਖਲਾਕ ਨਾਲ ਖੁਦ ਹੀ ਇਨਸਾਫ ਕਰਕੇ ਉਸ ਨੂੰ ਉੱਚਾ-ਸੁੱਚਾ ਕਰ ਲੈਂਦਾ ਹੈ।ਮਿਹਣਿਆਂ ਤੋਂ ਡਰਦਾ ਬੁਢਾਪਾ ਇਹੀ ਸੋਚੀ ਜਾਂਦਾ ਹੈ ਕਿ ਲੋਕ ਕੀ ਕਹਿਣਗੇ ਕਿ ਤੇਰਾ ਧੌਲਾ ਝਾਟਾ ਹੈ।ਇਸ ਲਈ ਬੁਢਾਪਾ ਖੁਦ ਦੀ ਭਾਵਨਾਤਮਕ ਰਖਵਾਲੀ ਕਰਦਾ ਹੈ।

ਬੁਢਾਪੇ ਵਿੱਚ ਪਰਵਾਰ ਦੀ ਆਨ-ਸ਼ਾਨ ਅਤੇ ਅਤੇ ਕਾਰਜ ਨੂੰ ਬਜ਼ੁਰਗ ਹੀ ਸਿੱਧੇ ਰਾਹ ਪਾਉਂਦੇ ਹਨ।ਕਈ ਤਾਂ ਬੁਢਾਪੇ ਸਮੇਂ ਫੁੱਲਿਆ ਨਹੀਂ ਸਮਾਉਂਦੇ।ਥਾਮਸ ਕਾਰਲਾਇਲ ਕਹਿੰਦੇ ਹਨ ਕਿ ਜਵਾਨੀ ਵਿੱਚ ਲੋਕ ਤਰਕਸ਼ੀਲ ਹੁੰਦੇ ਹਨ, ਬੁਢਾਪੇ ਵਿੱਚ ਪਰੰਪਰਾਵਾਦੀ ਹੋ ਜਾਂਦੇ ਹਨ ਪਰਵਾਰ ਵਿੱਚ ਬੁਢਾਪੇ ਦੇ ਤੌਰ 'ਤੇ ਜੀਅ ਹਮੇਸ਼ਾ ਇਨਸਾਫ ਦੇ ਤਰਾਜੂ ਤੋਲਦੇ ਹਨ।ਬੁਢਾਪੇ ਅੰਦਰ ਇਹ ਕੀਟਾਣੂ ਜਾਗਦੇ ਰਹਿੰਦੇ ਹਨ, ਕੋਈ ਜਾਗੇ, ਨਾ ਜਾਗੇ ਉਸ ਦਾ ਮੁਕੱਦਰ ਹੈ, ਪਰ ਬੁਢਾਪੇ 'ਚ ਫ਼ਰਜ਼ ਹੈ ਕਿ ਆਵਾਜ਼ ਦਿੰਦੇ ਰਹਿਣਾ ਸਵਾਰਥ ਰਹਿਤ ਸੁਖਦਾਈ ਜੀਵਨ ਜੀਣ ਦਾ ਬੁਢਾਪਾ ਹਮੇਸ਼ਾ ਇੱਛੁਕ ਹੁੰਦਾ ਹੈ।

ਬੁਢਾਪੇ 'ਚ ਬਿਰਧ ਅਵਸਥਾ ਇਹੋ ਜਿਹੀ ਹੁੰਦੀ ਹੈ ਕਿ ਜਿਸ ਉਮਰ ਵਿੱਚ ਮਨੁੱਖੀ ਜੀਵਨ ਦੇ ਔਸਤ ਕਾਲ ਦੇ ਨੇੜੇ-ਤੇੜੇ ਜਾਂ ਉਸ ਤੋਂ ਘੱਟ ਹੋ ਜਾਂਦੀ ਹੈ।ਬਿਰਧ ਅਵਸਥਾ ਵੱਲ ਜਾਣ ਨਾਲ ਰੋਗਾਂ ਦਾ ਹਮਲਾ ਵੀ ਹੋ ਜਾਂਦਾ ਹੈ।ਬੁਢਾਪਾ ਇੱਕ ਹੌਲੀ-ਹੌਲੀ ਆਉਣ ਵਾਲੀ ਅਵਸਥਾ ਹੈ।ਇਹ ਕੁਦਰਤੀ ਆਉਂਦਾ ਹੈ।ਸਾਡੀ ਸੰਸਕ੍ਰਿਤੀ ਵਿੱਚ ਬੁਢਾਪਾ ਪਰਵਾਰ ਵੱਲੋਂ ਸਾਂਭਿਆ ਜਾਂਦਾ ਹੈ।ਸਾਡੀਆਂ ਆਦਤਾਂ ਕਾਰਨ ਬੁਢਾਪੇ ਤੱਕ ਘੱਟ ਲੋਕ ਹੀ ਜਾਂਦੇ ਹਨ।ਆਮ ਲੋਕ ਤਾਂ 60 ਕੁ ਸਾਲ ਦੀ ਉਮਰ ਤੋਂ ਬਾਅਦ ਕਹਿਣ ਲੱਗ ਪੈਂਦੇ ਹਨ ਕਿ ਹੁਣ ਤਾਂ ਸਾਨੂੰ ਉੱਪਰ ਦੀ ਉਮਰ ਬੋਨਸ ਮਿਲੀ ਹੋਈ ਹੈ।ਉਮਰ ਹੱਡ-ਭੰਨਵੀਂ ਮਿਹਨਤ, ਬੱਚੇ ਪਾਲੇ-ਪਲੋਸੇ ਅਤੇ ਸਭ ਕੁਝ ਕਰਕੇ ਵਿਅਕਤੀ ਆਸ ਲਾਉਂਦਾ ਹੈ ਕਿ ਬੁਢਾਪੇ ਵਿੱਚ ਹਰ ਤਰ੍ਹਾਂ ਦਾ ਸੁੱਖ ਪ੍ਰਾਪਤ ਹੋਵੇ।ਪਰਵਾਰ ਦੇ ਚਾ- ਮਲਾਰ ਨੇੜਿਓਂ ਤੱਕੇ ਜਾਣਗੇ ,ਪਰ ਇਹ ਸਭ ਕੁਝ ਤਦ ਹੈ, ਜੇ ਬੁਢਾਪੇ ਤੱਕ ਪੁੱਜੇ।ਬੁਢਾਪੇ ਦੀ ਨਿਆਮਤ ਨੂੰ ਇਸ ਗੱਲ ਤੋਂ ਤੱਕਣਾ ਪੈਂਦਾ ਹੈ ਕਿ ਚੰਗੇ ਵਿਚਾਰ, ਚੰਗੇ ਸ਼ਬਦ, ਚੰਗੇ ਸ਼ਬਦਾਂ ਤੋਂ ਚੰਗੇ ਕਾਰਜ ਅਤੇ ਚੰਗੇ ਕਾਰਜਾਂ ਤੋਂ ਚੰਗੀਆਂ ਆਦਤਾਂ ਚੰਗੀਆਂ ਆਦਤਾਂ ਤੋਂ ਚੰਗੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਅੱਜ ਦੀ ਜਵਾਨੀ ਵਿੱਚ ਬੁਢਾਪਾ ਭੋਗਣਾ ਇੱਕ ਵੱਡੀ ਨਿਆਮਤ ਹੈ। ਬੁਢਾਪੇ ਵਿੱਚ ਆਪਣਾ ਸਤਿਕਾਰ ਕਰਾਉਣਾ ਉਸ ਤੋਂ ਵੀ ਵੱਡੀ ਨਿਆਮਤ ਹੈ।ਸਮਾਜ ਦਾ ਫਰਜ਼ ਹੈ ਕਿ ਬੁਢਾਪੇ ਵਰਗੀ ਇਸ ਖ਼ੂਬਸੂਰਤ ਨਿਆਮਤ ਨੂੰ ਸਾਂਭ ਕੇ ਰੱਖਿਆ ਜਾਵੇ।

***ਸੰਪਰਕ : 98781-11445***

28-JULY-PAGE-5.qxd 7/27/2025 10:44 PM Page 1



## ਮਾਮਲਾ ਚੋਰੀ ਦਾ ਇਲਜ਼ਾਮ ਤੇ ਕੁੱਟਮਾਰ ਕਾਰਨ ਖੁਦਕੁਸ਼ੀਆਂ ਕਰਨ ਦਾ

# ਜਨਤਕ ਜਥੇਬੰਦੀਆਂ ਵੱਲੋਂ ਇਨਸਾਫ ਲਈ ਲਾਸ਼ਾਂ ਸੜਕ 'ਤੇ ਰੱਖ ਕੇ ਧਰਨਾ

### ■ ਭਲਕੇ ਡੀ ਐੱਸ ਪੀ ਦਫਤਰ ਸਾਹਮਣੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕਰਨ ਦਾ ਐਲਾਨ



ਪਾਤੜਾਂ-ਪਟਿਆਲਾ ਮੁੱਖ ਸੜਕ 'ਤੇ ਲਾਸ਼ਾਂ ਰੱਖ ਕੇ ਧਰਨਾ ਦਿੰਦੇ ਹੋਏ ਲੋਕ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਪਾਤੜਾਂ ਦੇ ਪਿੰਡ ਨਿਆਲ ਵਿਖੇ ਬੀਤੇ ਦਿਨੀਂ ਚੋਰੀ ਦੇ ਇਲਜ਼ਾਮਾਂ ਦਾ ਸਾਹਮਣਾ ਕਰਨ ਮਗਰੋਂ ਕਥਿਤ ਤੌਰ 'ਤੇ ਟਰੱਕ ਮਾਲਕ ਵੱਲੋਂ ਕੀਤੀ ਗਈ ਕੁੱਟਮਾਰ ਤੋਂ ਬਾਅਦ ਨਮੋਸ਼ੀ ਨਾ ਸਹਾਰਦਿਆਂ ਸਲਫਾਸ ਖਾ ਕੇ ਖੁਦਕੁਸ਼ੀ ਕਰਨ ਵਾਲੇ ਦੋ ਦੋਸਤਾਂ ਦੀਆਂ ਲਾਸ਼ਾਂ ਸੜਕ 'ਤੇ ਰੱਖ ਕੇ ਪਰਿਵਾਰਕ ਮੈਂਬਰਾਂ, ਪਿੰਡ ਵਾਸੀਆਂ ਤੇ ਜਨਤਕ ਜਥੇਬੰਦੀਆਂ ਨੇ ਪਾਤੜਾਂ-ਪਟਿਆਲਾ ਸੜਕ ਉੱਤੇ ਬਾਈਪਾਸ ਚੌਂਕ ਵਿੱਚ ਧਰਨਾ ਲਗਾ ਦਿੱਤਾ।ਇਸ ਮਾਮਲੇ ਵਿੱਚ ਪੁਲਸ ਵੱਲੋਂ ਪੰਜ ਵਿਅਕਤੀਆਂ ਨੂੰ ਨਾਮਜਦ ਕੀਤੇ ਜਾਣ ਦੇ ਬਾਵਜੂਦ ਹਾਲੇ ਤੱਕ ਗ੍ਰਿਫਤਾਰੀ ਨਾ ਹੋਣ ਤੋਂ ਰੋਸ ਵਿੱਚ ਆਈਆਂ ਜਥੇਬੰਦੀਆਂ ਵੱਲੋਂ ਐਕਸ਼ਨ ਕਮੇਟੀ ਦਾ ਗਠਨ ਕਰਕੇ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।ਇਸ ਦੌਰਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਤੱਕ ਮ੍ਰਿਤਕਾਂ ਦੇ ਸਸਕਾਰ ਨਾ ਕਰਨ ਦਾ ਐਲਾਨ ਕੀਤਾ ਗਿਆ।ਇਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਮ੍ਰਿਤਕਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਦੁਖੀ ਪਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਇਨਸਾਫ ਦਾ ਭਰੋਸਾ ਦਿੱਤਾ।ਐਤਵਾਰ ਨੂੰ ਪੀੜਤ ਪਰਵਾਰਾਂ ਦੇ ਹੱਕ ਵਿੱਚ ਆਈਆਂ ਜਨਤਕ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਸਾਹਿਬ ਪਿੰਡ ਨਿਆਲ ਵਿਖੇ ਹੋਈ, ਜਿਸ ਦੌਰਾਨ ਸ਼ਨੀਵਾਰ ਨੂੰ ਪ੍ਰਸ਼ਾਸਨ ਨੂੰ ਦਿੱਤੇ ਗਏ ਅਲਟੀਮੇਟਮ ਦੇ ਬਾਵਜੂਦ ਕਿਸੇ ਦੋਸ਼ੀ ਦੀ ਗ੍ਰਿਫਤਾਰੀ ਨਾ ਹੋਣ ਤੋਂ ਰੋਹ ਵਿੱਚ ਆਏ ਲੋਕਾਂ ਨੇ ਇਕੱਤਰ ਹੋ ਕੇ ਵਰਦੇ ਮੀਂਹ ਦੌਰਾਨ ਪਾਤੜਾਂ ਪਟਿਆਲਾ ਮੁੱਖ ਸੜਕ ਉੱਤੇ ਬਾਈਪਾਸ ਚੌਂਕ ਵਿੱਚ ਧਰਨਾ ਲਗਾ ਦਿੱਤਾ। ਇਸ ਰੋਸ ਧਰਨੇ ਦੇ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਕਿਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ 1936 ਤੇ ਜਮਹੂਰੀ ਕਿਸਾਨ ਸਭਾ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਤਰ ਲੋਕਾਂ ਨੇ ਪੁਲਸ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਆਗੂਆਂ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ, ਹਰਭਜਨ ਸਿੰਘ ਬੁੱਟਰ, ਅਮਰੀਕ ਸਿੰਘ ਘੱਗਾ, ਮਨਜੀਤ ਸਿੰਘ ਨਿਆਲ, ਸਰਪੰਚ ਪ੍ਰਹਿਲਾਦ ਸਿੰਘ ਨਿਆਲ, ਗੁਰਵਿੰਦਰ ਸਿੰਘ ਦੇਧਨਾ, ਹਰੀ ਸਿੰਘ ਦੌਣ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ, ਹਲਕਾ ਸ਼ੁਤਰਾਣਾ ਦੇ ਲੋਕ ਆਗੂ ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ 36 ਘੰਟੇ ਬੀਤ ਜਾਣ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਕੀਤੇ ਜਾਣਾ ਮਿਲੀਭੁਗਤ ਸਾਬਿਤ ਕਰਦਾ ਹੈ।ਉਨ੍ਹਾਂ ਕਿਹਾ ਕਿ ਟਰੱਕ ਦਾ ਮਾਲਕ ਇੱਕ ਪੁਲਸ ਮੁਲਾਜ਼ਮ ਹੈ, ਜਿਸ ਕਰਕੇ ਪ੍ਰਸ਼ਾਸਨ ਉਸ ਨੂੰ ਬਚਾਉਣ ਦੀ ਤਾਕ ਵਿੱਚ ਹੈ।

ਇਸ ਦੌਰਾਨ ਆਗੂਆਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਅਗਰ ਸੋਮਵਾਰ ਨੂੰ ਸਵੇਰੇ 11 ਵਜੇ ਤੱਕ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਕੀਤੀ ਗਈ ਤਾਂ ਪਿੰਡ ਨਿਆਲ ਤੋਂ ਵੱਡੀ ਗਿਣਤੀ ਵਿੱਚ ਜੱਥਾ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਡੀਐੱਸਪੀ ਦਫਤਰ ਸਾਹਮਣੇ ਵਿਸ਼ਾਲ ਰੋਹ ਭਰਪੂਰ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਘਟਨਾ ਨੂੰ ਲੈ ਕੇ ਅਚਾਨਕ ਉਸ ਸਮੇਂ ਸਥਿਤੀ ਬਦਲ ਗਈ, ਜਦੋਂ ਗੁੱਸੇ ਵਿੱਚ ਆਏ ਲੋਕਾਂ ਨੇ ਸ਼ਾਮ 6 ਵਜੇ ਦੇ ਕਰੀਬ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸੰਗਰੂਰ ਰੋਡ 'ਤੇ ਟਰੱਕ ਯੂਨੀਅਨ ਦੇ ਸਾਹਮਣੇ ਵੱਡੀ ਗਿਣਤੀ ਵਿੱਚ ਟਰੱਕ ਸੜਕ ਉੱਤੇ ਖੜੇ ਕਰਕੇ ਟ੍ਰੈਫਿਕ ਜਾਮ ਕਰ ਦਿੱਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਟਰੱਕ ਆਪ੍ਰੇਟਰ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਮ੍ਰਿਤਕ ਟਰੱਕ ਡਰਾਈਵਰ ਤੇ ਕੰਡਕਟਰ ਦੇ ਹੱਕ ਵਿੱਚ ਆ ਗਏ।ਮੌਕੇ ਉੱਤੇ ਹਾਜ਼ਰ ਵੱਡੀ ਗਿਣਤੀ ਟਰੱਕ ਡਰਾਈਵਰਾਂ ਤੇ ਕੰਡਕਟਰਾਂ ਨੇ ਕਿਹਾ ਕਿ ਮ੍ਰਿਤਕ ਦਵਿੰਦਰ ਸਿੰਘ ਤੇ ਹਰਪ੍ਰੀਤ ਸਿੰਘ ਇਮਾਨਦਾਰੀ ਨਾਲ ਪਿਛਲੇ ਕਈ ਸਾਲਾਂ ਤੋਂ ਟਰੱਕ ਯੂਨੀਅਨ ਪਾਤੜਾਂ ਵਿੱਚ ਗੱਡੀਆਂ ਚਲਾਉਂਦੇ ਆ ਰਹੇ ਸਨ, ਪਹਿਲਾਂ ਉਨ੍ਹਾਂ ਉੱਤੇ ਕਦੇ ਵੀ ਅਜਿਹਾ ਦੋਸ਼ ਨਹੀਂ ਲੱਗਾ।

ਉਧਰ, ਮਾਮਲੇ ਸਬੰਧੀ ਡੀਐੱਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਕਿਹਾ ਕਿ ਪੁਲਸ ਕਥਿਤ ਦੋਸ਼ੀਆਂ ਨੂੰ ਫੜਨ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ।ਪੁਲਸ ਵੱਲੋਂ ਤਿੰਨ ਟੀਮਾਂ ਦਾ ਗਠਨ ਕਰਕੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਦੋਸ਼ੀ ਘਰਾਂ ਤੋਂ ਫ਼ਰਾਰ ਹਨ ਤੇ ਲਖਵਿੰਦਰ ਸਿੰਘ, ਜੋ ਕਿ ਪੁਲਸ ਵਿੱਚ ਹੈ, ਉਹ ਡਿਊਟੀ ਤੋਂ ਗੈਰ-ਹਾਜ਼ਰ ਹੈ।ਉਨ੍ਹਾਂ ਪੀੜਤ ਪਰਵਾਰਾਂ ਨੂੰ ਭਰੋਸਾ ਦਿੰਦਿਆਂ ਦਾਅਵਾ ਕੀਤਾ ਕਿ ਜਲਦੀ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

## ਚੋਰੀ ਦੇ ਚਾਰ ਮੋਟਰਸਾਈਕਲਾਂ ਸਮੇਤ ਤਿੰਨ ਗ੍ਰਿਫਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਚੋਰੀ ਦੇ ਚਾਰ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਊਧਮ ਸਿੰਘ ਚੌਂਕ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਰਵੀ ਪੁੱਤਰ ਸੁਖਦੇਵ ਸਿੰਘ ਤੇ ਅਜੇ ਕੁਮਾਰ ਪੁੱਤਰ ਬਲਵਿੰਦਰ ਸਿੰਘ ਜੋ ਕਿ ਚੋਰੀਆਂ ਕਰਨ ਦੇ ਆਦੀ ਹਨ, ਨੇ ਕੁਝ ਦਿਨ ਪਹਿਲਾਂ ਵੀ ਸਿਵਲ ਹਸਪਤਾਲ ਫ਼ਿਰੋਜ਼ਪੁਰ ਤੋਂ ਗੱਡੀਆਂ ਚੋਰੀ ਕੀਤੀਆਂ ਸਨ, ਜੋ ਅੱਜ ਚੋਰੀ ਕੀਤੀਆਂ ਗੱਡੀਆਂ ਆਟੋ ਵਿਚ ਰੱਖ ਕੇ ਵੇਚਣ ਲਈ ਬਜਾਜ ਸ਼ੋਅਰੂਮ ਨਜ਼ਦੀਕ ਝਾੜੀਆਂ ਪਾਸ ਖੜੇ ਹਨ, ਜੇਕਰ ਹੁਣੇ ਹੀ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਚੋਰੀ ਕੀਤੀਆਂ ਗੱਡੀਆਂ ਸਮੇਤ ਕਾਬੂ ਆ ਸਕਦੇ ਹਨ। ਪੁਲਸ ਨੇ ਦੱਸਿਆ ਕਿ ਦੋਸ਼ੀਆਨ 'ਤੇ ਛਾਪੇਮਾਰੀ ਕੀਤੀ ਗਈ ਤਾਂ ਉਨ੍ਹਾਂ ਕੋਲੋਂ ਚੋਰੀ ਦੇ ਦੋ ਮੋਟਰਸਾਈਕਲ ਬਰਾਮਦ ਹੋਏ। ਇਸੇ ਤਰ੍ਹਾਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਾਜੇਸ਼ ਕੁਮਾਰ ਸਾਬਕਾ ਐੱਸ ਸੀ ਪੁੱਤਰ ਦਰਸ਼ਨ ਲਾਲ ਵਾਸੀ ਵਾਰਡ ਨੰਬਰ 6 ਬਸਤੀ ਭੱਟੀਆਂ ਵਾਲੀ ਨੇ ਦੱਸਿਆ ਕਿ ਮਿਤੀ 16 ਜੁਲਾਈ 2025 ਨੂੰ ਕਰੀਬ 11 ਵਜੇ ਸਵੇਰੇ ਆਪਣੇ ਮੋਟਰਸਾਈਕਲ ਸਿਵਲ ਹਸਪਤਾਲ ਫ਼ਿਰੋਜ਼ਪੁਰ ਗਿਆ। ਉਸ ਨੇ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਈਕਲ ਸਿਵਲ ਹਸਪਤਾਲ ਵਿਚ ਐਮਰਜੈਂਸੀ ਦੇ ਬਾਹਰ ਲਾ ਕੇ ਹਸਪਤਾਲ ਦੇ ਅੰਦਰ ਚਲਾ ਗਿਆ, ਜਦ ਉਸ ਨੇ ਬਾਹਰ ਆ ਕੇ ਵੇਖਿਆ ਤਾਂ ਉਸ ਦਾ ਮੋਟਰਸਾਈਕਲ ਉਥੇ ਨਹੀਂ ਖੜਾ ਸੀ ਤਾਂ ਉਸ ਦਾ ਮੋਟਰਸਾਈਕਲ ਦਾ ਆਸ ਪਾਸ ਪਤਾ ਤਾਂ ਪਤਾ ਲੱਗਾ ਕਿ ਉਸ ਦਾ ਮੋਟਰਸਾਈਕਲ ਸਤਨਾਮ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਬੀੜ ਹਰਬੰਸਪੁਰਾ ਨੇ ਚੋਰੀ ਕੀਤਾ ਹੈ। ਜਾਂਚਕਰਤਾ ਅਯੂਬ ਮਸੀਹ ਨੇ ਦੱਸਿਆ ਕਿ ਉਸ ਨੇ ਸਤਨਾਮ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ ਚੋਰੀ ਦੇ ਦੋ ਮੋਟਰਸਾਈਕਲ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਫ਼ਰਾਂਸ ਵਾਂਗ ਭਾਰਤ ਵੀ ਫ਼ਲਸਤੀਨ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦਾ ਐਲਾਨ ਕਰੇ : ਲਿਬਰੇਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**-ਫਰਾਂਸ ਦੀ ਸਰਕਾਰ ਵੱਲੋਂ ਸਤੰਬਰ ਮਹੀਨੇ ਵਿੱਚ ਫ਼ਲਸਤੀਨ ਨੂੰ ਇੱਕ ਆਜ਼ਾਦ ਦੇਸ਼ ਵਜੋਂ ਮਾਨਤਾ ਦੇਣ ਦੇ ਐਲਾਨ ਦਾ ਸਵਾਗਤ ਕਰਦਿਆਂ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਕਿਹਾ ਹੈ ਕਿ ਫਰਾਂਸ ਦਾ ਇਸ ਐਲਾਨ 'ਚ ਲੱਗੇ ਬੇਕਸੂਰ ਫ਼ਲਸਤੀਨੀ ਲੋਕਾਂ ਦੇ ਇਜ਼ਰਾਇਲੀ ਫ਼ੌਜੀਆਂ ਵੱਲੋਂ ਜਾਰੀ ਕਤਲੇਆਮ ਨੂੰ ਰੁਕਵਾਉਣ ਲਈ ਭਾਰਤ ਸਰਕਾਰ ਨੂੰ ਵੀ ਫ਼ਲਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ।ਇਹ ਗੱਲ ਇਥੇ ਹੋਈ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾ. ਰਾਜਵਿੰਦਰ ਸਿੰਘ ਰਾਣਾ ਨੇ ਕਹੀ।

ਉਨ੍ਹਾਂ ਕਿਹਾ ਕਿ ਜੋ ਜ਼ੁਲਮ ਪਿਛਲੇ ਇੱਕੀ ਮਹੀਨਿਆਂ ਤੋਂ ਅਮਰੀਕਾ ਦੀ ਖੁੱਲ੍ਹੀ ਮੱਦਦ ਨਾਲ ਇਜ਼ਰਾਈਲ ਗਾਜ਼ਾ ਪੱਟੀ ਦੇ ਛੋਟੇ ਜਿਹੇ ਖਿੱਤੇ ਉਤੇ ਢਾਹ ਰਿਹਾ ਹੈ, ਉਹ ਬਰਦਾਸ਼ਤ ਤੋਂ ਬਾਹਰ ਹਨ।ਉਹ ਪੂਰੀ ਤਰ੍ਹਾਂ ਘੇਰਾਬੰਦੀ ਦੀਆਂ ਹਾਲਤਾਂ ਵਿੱਚ ਲੱਖਾਂ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਬੰਬਾਂ ਗੋਲਿਆਂ ਦੇ ਨਾਲ ਨਾਲ ਰਾਸ਼ਨ ਦੀ ਸਪਲਾਈ ਰੋਕ ਕੇ ਭੁੱਖ ਨਾਲ ਮਾਰ ਰਿਹਾ ਹੈ। ਦੁਨੀਆ ਭਰ ਦੇ ਸੰਵੇਦਨਸ਼ੀਲ ਲੋਕ ਲੋੜੀਂਦੀਆਂ ਦਵਾਈਆਂ ਤੇ ਖੁਰਾਕ ਦੀ ਮਦਦ ਕਰਨ ਤਿੰਲ ਤਿੰਲ ਕਰਕੇ ਮਰ ਰਹੇ ਫ਼ਲਸਤੀਨੀ ਬੱਚਿਆਂ ਤੇ ਬਿਮਾਰਾਂ ਬਾਰੇ ਜਾਨ ਤਲੀ 'ਤੇ ਰੱਖ ਕੇ ਕੁੱਝ ਦਲੇਰ ਰਿਪੋਰਟਰਾਂ ਵੱਲੋਂ ਚੋਰੀ ਛੁਪੇ ਬਾਹਰ ਭੇਜੀਆਂ ਤਸਵੀਰਾਂ ਤੇ ਰਿਪੋਰਟਾਂ ਨੂੰ ਦੇਖ ਕੇ ਲਹੂ ਦੇ ਅਥਰੂ ਰੋ ਰਹੇ ਹਨ।ਇਹ ਫ਼ਲਸਤੀਨੀ ਲੋਕਾਂ ਦੀ ਮਿੱਥ ਕੇ ਕੀਤਾ ਜਾ ਰਿਹਾ ਨਸਲਘਾਤ ਹੈ।ਅਜਿਹੀ ਹਾਲਤ ਵਿੱਚ ਭਾਰਤ ਸਰਕਾਰ ਦਾ, ਜੋ ਦੇਸ਼ ਦਾ ਜੋ ਸੰਸਾਰ ਗੁੱਟ ਨਿਰਲੇਪ ਲਹਿਰ ਦੇ ਆਗੂ ਵਜੋਂ ਹਮੇਸ਼ਾ ਤੋਂ ਜੰਗਾਂ ਵਿੱਚ ਸ਼ਾਂਤੀ ਬਹਾਲ ਕਰਾਉਣ ਦੇ ਪੱਖ ਵਿੱਚ ਡਟ ਕੇ ਲੜਦਾ ਤੇ ਬੋਲਦਾ ਰਿਹਾ ਹੈ, ਖਾਮੋਸ਼ੀ ਧਾਰਨ ਕਰਨਾ ਬੇਹੱਦ ਸ਼ਰਮਨਾਕ ਹੈ।

ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੂੰ ਟਰੰਪ ਸਰਕਾਰ ਦੇ ਮੂੰਹ ਵੱਲ ਵੇਖਣ ਦੀ ਬਜਾਏ ਗਾਜ਼ਾ ਪੱਟੀ ਵਿੱਚ ਹੋ ਰਹੇ ਮਨੁੱਖਤਾ ਦੇ ਘਾਣ ਖਿਲਾਫ ਖੁੱਲ੍ਹ ਕੇ ਆਜ਼ਾਦ ਸਟੈਂਡ ਲੈਣਾ ਚਾਹੀਦਾ ਹੈ।ਪਾਰਟੀ ਮੰਗ ਕਰਦੀ ਹੈ ਕਿ ਮੋਦੀ ਸਰਕਾਰ ਇਜ਼ਰਾਇਲ ਦੀ ਕੱਟੜ ਯਹੂਦੀਵਾਦੀ ਸਰਕਾਰ ਨਾਲੋਂ ਸਾਰੇ ਸਬੰਧ ਤੋੜੇ ਤੇ ਫ਼ਲਸਤੀਨ ਨੂੰ ਇੱਕ ਆਜ਼ਾਦ ਦੇਸ਼ ਵਜੋਂ ਤੁਰੰਤ ਮਾਨਤਾ ਦੇਣ ਦਾ ਐਲਾਨ ਕਰੇ।

## ਕਾਤਰਾਂ

### ਮੋਟਰ 'ਚ ਕਰੰਟ ਆਉਣ ਕਾਰਨ ਕਿਸਾਨ ਦੀ ਮੌਤ



**ਲਹਿਰਾਗਾਗਾ (ਰੀਤਵਾਲ)**-ਇਥੋਂ ਨੇੜਲੇ ਪਿੰਡ ਲਹਿਲ ਕਲਾਂ ਵਿਖੇ ਇੱਕ ਕਿਸਾਨ ਦੀ ਖੇਤ ਵਿੱਚ ਕੰਮ ਕਰਨ ਸਮੇਂ ਮੋਟਰ ਵਿੱਚ ਕਰੰਟ ਆ ਜਾਣ ਕਰਕੇ ਮੌਤ ਹੋ ਗਈ, ਜਿਸ ਕਾਰਨ ਪਿੰਡ ਤੇ ਇਲਾਕੇ ਵਿੱਚ ਸੋਗ ਦੀ ਲਹਿਰ ਛਾਈ ਹੋਈ ਹੈ।ਇਸ ਸਬੰਧੀ ਪਿੰਡ ਲਹਿਲ ਕਲਾਂ ਦੇ ਪੰਚਾਇਤ ਮੈਂਬਰ ਜੱਗਾ ਸਿੰਘ ਜੈਲਦਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਗੁਰਤੇਜ ਸਿੰਘ ਪੁੱਤਰ ਲਾਭ ਸਿੰਘ ਉਮਰ ਤਕਰੀਬਨ 48 ਸਾਲ ਜੋ ਕਿਸਾਨੀ ਨਾਲ ਸਬੰਧਤ ਹੈ ਅਤੇ ਆਪਣੇ ਖੇਤ ਵਿੱਚ ਜ਼ੀਰੀ ਦੀ ਫਸਲ ਨੂੰ ਪਾਣੀ ਲਾਉਣ ਉਪਰੰਤ ਖਾਦ ਪਾ ਰਿਹਾ ਸੀ।ਅਚਾਨਕ ਹੀ ਮੋਟਰ ਤੇ ਬੰਬੀ ਵਿੱਚ ਕਰੰਟ ਆ ਗਿਆ ਅਤੇ ਉਸ ਸਮੇਂ ਗੁਰਤੇਜ ਸਿੰਘ ਕਰੰਟ ਦੀ ਚਪੇਟ ਵਿੱਚ ਆ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ।ਗੁਰਤੇਜ ਸਿੰਘ ਦਾ ਪੁੱਤਰ ਵਿਦੇਸ਼ ਰਹਿੰਦਾ ਹੈ।ਥਾਣਾ ਲਹਿਰਾਗਾਗਾ ਦੀ ਪੁਲਸ ਨੇ ਮ੍ਰਿਤਕ ਦੇ ਭਰਾ ਸ਼ਮਸ਼ੇਰ ਸਿੰਘ ਦੇ ਬਿਆਨਾਂ ਮੁਤਾਬਕ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀ ਹੈ। ਮ੍ਰਿਤਕ ਗੁਰਤੇਜ ਸਿੰਘ ਦੇ ਪੁੱਤਰ ਦੇ ਵਿਦੇਸ਼ੋਂ ਮੁੜਨ 'ਤੇ ਹੀ ਇਸ ਦਾ ਦਾਹ ਸੰਸਕਾਰ ਕੀਤਾ ਜਾਵੇਗਾ।

### ਹਿੰਮਤਪੁਰਾ 'ਚ ਖੁੱਲ੍ਹੇ ਠੇਕੇ ਤੋਂ ਲੋਕ ਅੱਕੇ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਹਿੰਮਤਪੁਰਾ ਵਿਖੇ ਮਜ਼ਦੂਰ ਬਸਤੀ ਵਿੱਚ ਸ਼ਰਾਬ ਦੇ ਠੇਕੇ ਦੀ ਖੋਲ੍ਹੀ ਗਈ ਨਜਾਇਜ਼ ਬ੍ਰਾਂਚ ਨੂੰ ਲੈ ਕੇ ਮਜ਼ਦੂਰਾਂ ਵੱਲੋਂ ਧਰਨਾ ਚੱਲ ਰਿਹਾ ਸੀ।ਬਸਤੀ ਦੇ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਬਸਤੀ 'ਚ ਸੰਘਣੀ ਆਬਾਦੀ ਅੰਦਰ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਨਜਾਇਜ਼ ਢੰਗ ਨਾਲ ਸ਼ਰਾਬ ਦੀ ਬ੍ਰਾਂਚ ਖੋਲੀ ਗਈ ਹੈ, ਜਿੱਥੇ ਸ਼ਰਾਬ ਦਾ ਅਹਾਤਾ ਵੀ ਚੱਲ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੇ ਬੱਚਿਆਂ, ਲੜਕੀਆਂ ਤੇ ਔਰਤਾਂ ਨੂੰ ਬਹੁਤ ਹੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਸ਼ਰਾਬ ਪੀ ਕੇ ਹਰ ਰੋਜ਼ ਸ਼ਰਾਬੀ ਇਸ ਬਸਤੀ ਵਿੱਚ ਖਰੂਦ ਪਾਉਂਦੇ ਹਨ।20 ਜੁਲਾਈ ਨੂੰ ਧਰਨਾਕਾਰੀਆਂ ਨੂੰ ਪੁਲਸ ਗ੍ਰਿਫ਼ਤਾਰ ਕਰ ਲਿਆ ਸੀ ਤੇ ਸਿਵਲ ਤੇ ਪੁਲਸ ਨਾਲ ਸਮਝੌਤਾ ਹੋਇਆ ਸੀ।ਬਸਤੀ 'ਚ ਮੀਟਿੰਗ ਕੀਤੀ ਗਈ।ਸਿਵਲ ਤੇ ਪੁਲਸ ਪ੍ਰਸ਼ਾਸਨ ਨਾਲ 20 ਜੁਲਾਈ ਨੂੰ ਹੋਏ ਸਮਝੌਤੇ ਮੁਤਾਬਕ 25 ਜੁਲਾਈ ਨੂੰ ਬ੍ਰਾਂਚ ਨੂੰ ਚੱਕਣਾ ਸੀ, ਧਰਨੇ 'ਚ ਪਹੁੰਚ ਕੇ ਕਾਰਜਕਾਰੀ ਮੈਜਿਸਟ੍ਰੇਟ ਤੇ ਥਾਣਾ ਮੁਖੀ ਨੇ ਵਿਸ਼ਵਾਸ ਦਿਵਾਇਆ ਸੀ, ਪਰ 27 ਜੁਲਾਈ ਤੱਕ ਵੀ ਸ਼ਰਾਬ ਦੀ ਨਜਾਇਜ਼ ਬ੍ਰਾਂਚ ਨੂੰ ਬਸਤੀ 'ਚੋ ਨਹੀਂ ਹਟਾਇਆ।ਮਜ਼ਦੂਰਾਂ ਤੇ ਕਿਸਾਨਾਂ 'ਚ ਭਾਰੀ ਰੋਸ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਮੀਟਿੰਗ ਕਰਾਈ ਗਈ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੀ ਹਾਜ਼ਰ ਸੀ।28 ਜੁਲਾਈ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦਾ ਵੱਡਾ ਵਫ਼ਦ ਨਿਹਾਲ ਸਿੰਘ ਵਾਲਾ ਨੂੰ ਮਿਲੇਗਾ।

# ਮੇਅਰ ਵੱਲੋਂ 11 ਜਾਨਾਂ ਬਚਾਉਣ ਵਾਲੇ ਕ੍ਰਿਸ਼ਨਾ ਦਾ ਸਨਮਾਨ

## 51 ਹਜ਼ਾਰ ਰੁਪਏ ਦੇਣ ਦਾ ਕੀਤਾ ਐਲਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਰਹਿੰਦ ਨਹਿਰ ਵਿੱਚ ਛਾਲ ਮਾਰ ਕੇ ਕਾਰ ਵਿੱਚ ਸਵਾਰ 11 ਲੋਕਾਂ ਦੀ ਜਾਨ ਬਚਾਉਣ ਵਾਲੇ ਕ੍ਰਿਸ਼ਨ ਪਾਸਵਾਨ ਨੂੰ ਅੱਜ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ।ਸ਼ਿਵ ਭਗਤ ਕ੍ਰਿਸ਼ਨਾ ਨੂੰ ਉਤਸ਼ਾਹਤ ਕਰਦੇ ਹੋਏ ਉਨ੍ਹਾਂ ਨੇ ਉਸ ਨੂੰ 51 ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ।ਇਸ ਮੌਕੇ ਉਨ੍ਹਾਂ ਨਾਲ ਸੋਨੀ ਪ੍ਰਧਾਨ, ਅਮਨ ਡੀਸੀ, ਪ੍ਰਵਾਸੀ ਭਾਰਤੀ ਪ੍ਰਧਾਨ ਧਰਮਿੰਦਰ ਤੇ ਸ਼ਿਵ ਕਾਂਵੜ ਯਾਤਰਾ ਸੰਘ ਦੇ ਅਹੁਦੇਦਾਰ ਮੌਜੂਦ ਸਨ। ਇਸ ਮੌਕੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਨੇ ਵੀ ਕ੍ਰਿਸ਼ਨਾ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਭਗਵਾਨ ਭੋਲੇ ਨਾਥ ਦਾ ਆਸ਼ੀਰਵਾਦ ਕ੍ਰਿਸ਼ਨਾ ਤੇ ਉਸ ਦੇ ਪਰਿਵਾਰ 'ਤੇ ਹਮੇਸ਼ਾ ਬਣਿਆ ਰਹੇ।ਉਨ੍ਹਾਂ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਨੂੰ ਤਿਆਗ ਕੇ ਕ੍ਰਿਸ਼ਨਾ ਵਾਂਗ ਸਮਾਜ ਵਿੱਚ ਆਦਰਸ਼ ਸਥਾਪਤ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਉਹ ਕ੍ਰਿਸ਼ਨਾ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨਗੇ।ਇਸ ਮੌਕੇ ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਇਹ ਬਠਿੰਡਾ ਲਈ ਖੁਸ਼ਕਿਸਮਤੀ ਦੀ ਗੱਲ ਹੈ ਕਿ ਕ੍ਰਿਸ਼ਨਾ ਵਰਗੇ ਨੌਜਵਾਨ ਬਠਿੰਡਾ ਵਿੱਚ ਹਨ, ਜੋ ਦੂਜਿਆਂ ਦੀ ਭਲਾਈ ਲਈ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਹਿੰਦ ਨਹਿਰ ਵਿੱਚ ਡਿੱਗਣ ਵਾਲੀ ਕਾਰ ਇੱਕ ਭਿਆਨਕ ਹਾਦਸਾ ਸੀ ਤੇ ਉਸ ਸਮੇਂ ਕ੍ਰਿਸ਼ਨਾ ਨੇ ਛਾਲ ਮਾਰ ਕੇ 11 ਜਾਨਾਂ ਬਚਾਈਆਂ, ਜੋ ਕਿ ਨੌਜਵਾਨਾਂ ਲਈ ਇੱਕ ਆਦਰਸ਼ ਤੋਂ ਘੱਟ ਨਹੀਂ ਹੈ।ਮੇਅਰ ਮਹਿਤਾ ਨੇ ਕ੍ਰਿਸ਼ਨਾ ਨੂੰ ਭਰੋਸਾ ਦਿੱਤਾ ਕਿ ਉਹ ਕ੍ਰਿਸ਼ਨਾ ਤੇ ਉਸ ਦੇ ਪਰਿਵਾਰ ਦੀ ਹਰ ਸੰਭਵ ਮਦਦ ਕਰਨਗੇ।ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਸਰਹਿੰਦ ਨਹਿਰ ਦੇ ਕੰਢਿਆਂ 'ਤੇ ਗਰਿੱਲ ਲਗਾਉਣ ਤੇ ਨਹਿਰ 'ਤੇ ਜਾਲ ਵਿਛਾਉਣ ਦੀ ਲੋੜ ਹੈ, ਜਿਸ ਲਈ ਉਹ ਜਲਦੀ ਹੀ ਨਹਿਰ ਵਿਭਾਗ ਤੇ ਸਰਕਾਰ ਨਾਲ ਤਾਲਮੇਲ ਕਰਨਗੇ, ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸੇ ਨਾ ਵਾਪਰਣ।ਉਨ੍ਹਾਂ ਬਠਿੰਡਾ ਦੀਆਂ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਕ੍ਰਿਸ਼ਨਾ ਤੇ ਉਸ ਦੇ ਪਰਿਵਾਰ ਦੀ ਮਦਦ ਲਈ ਅੱਗੇ ਆਉਣ, ਤਾਂ ਜੋ ਚੰਗੇ ਕੰਮ ਕਰਨ ਵਾਲਿਆਂ ਦਾ ਮਨੋਬਲ ਵਧਾਇਆ ਜਾ ਸਕੇ।

## ਲੈਂਡ ਪੂਲਿੰਗ ਨੀਤੀ ਦਾ ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਸਖਤ ਵਿਰੋਧ

*ਕਾਰਪੋਰੇਟ ਸੈਕਟਰ ਦੇ ਦਬਾਅ ਹੇਠ ਮਾਨ ਸਰਕਾਰ ਪੰਜਾਬ ਦੇ ਲੋਕਾਂ ਦਾ ਉਜਾੜਾ ਕਰਨ ਦੇ ਰਾਹ ਤੁਰੀ : ਭੁੰਗਰਨੀ, ਘੋੜੇਵਾਹ, ਚਾਵਲਾ*



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ ਏਟਕ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਨਿੱਕੇ ਵੱਡੇ ਸ਼ਹਿਰਾਂ ਨੇੜੇ ਹਜ਼ਾਰਾਂ ਹੈਕਟੇਅਰ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਕਬਜ਼ੇ ਹੇਠ ਲੈਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਜਥੇਬੰਦੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਗੁਰਜੀਤ ਸਿੰਘ ਘੋੜੇਵਾਹ, ਮੁੱਖ ਸਲਾਹਕਾਰ ਗੁਰਬਖਸ਼ ਸਿੰਘ ਢਿੱਲੋਂ, ਜਨਰਲ ਸਕੱਤਰ ਪ੍ਰੇਮ ਚਾਵਲਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਤੇ ਪ੍ਰੈੱਸ ਸਕੱਤਰ ਕੁਲਵੰਤ ਸਿੰਘ ਚਾਨੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਨੀਤੀ ਤਹਿਤ ਜ਼ਮੀਨ ਦੇ ਮੁੱਲ ਵਜੋਂ ਅੱਜ ਮਾਲਕ ਨੂੰ ਧੇਲਾ ਵੀ ਨਹੀਂ ਮਿਲਣਾ, ਜਦੋਂ ਕਦੇ ਕਲੋਨੀਆਂ ਡਿਵੈਲਪ ਹੋਣਗੀਆਂ, ਉਦੋਂ ਜ਼ਮੀਨ ਦਾ ਨਿਗੂਣਾ ਹਿੱਸਾ ਮਿਲੇਗਾ।ਇਸ ਲੈਂਡ ਪੂਲਿੰਗ ਨੀਤੀ ਵਾਲੇ ਇਲਾਕਿਆਂ ਵਿੱਚ ਜਿੱਥੇ ਲਾਲ ਲਕੀਰ ਵਾਲਾ ਇਲਾਕਾ ਆਉਂਦਾ ਹੈ ਜਾਂ ਮਜ਼ਦੂਰਾਂ ਦੇ ਨਿੱਕੇ ਨਿੱਕੇ ਘਰ ਆਉਂਦੇ ਹਨ, ਉਸ ਬਾਰੇ ਇਹ ਨੀਤੀ ਬਿੱਲਕੁੱਲ ਚੁੱਪ ਹੈ। ਆਗੂਆਂ ਨੇ ਕਿਹਾ ਕਿ ਸਭ ਤੋਂ ਮਾੜੀ ਗੱਲ ਇਹ ਹੈ ਕਿ ਦੁਨੀਆ ਦੀ ਸਭ ਤੋਂ ਬਿਹਤਰੀਨ ਪੰਜਾਬ ਦੀ ਉਪਜਾਊ ਜ਼ਮੀਨ ਹਾਊਸਿੰਗ ਕਲੋਨੀਆਂ ਹੇਠ ਕਰਕੇ ਹਕੀਕਤ ਵਿੱਚ ਇੱਥੋਂ ਦੇ ਸਮੁੱਚੇ ਬਾਸ਼ਿੰਦਿਆਂ ਨਾਲ ਧੋਖਾ ਕੀਤਾ ਜਾ ਰਿਹਾ ਹੈ।ਇਸ ਕਰਕੇ ਇਸ ਨੀਤੀ ਦਾ ਵਿਰੋਧ ਕਰਨਾ ਹਰ ਪੰਜਾਬੀ ਦਾ ਕਰਤੱਵ ਬਣਦਾ ਹੈ।ਆਗੂਆਂ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਲੋਕ ਵਿਰੋਧੀ ਇਸ ਨੀਤੀ ਨੂੰ ਵਾਪਸ ਲਿਆ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਇਹ ਚਿਤਾਵਨੀ ਵੀ ਦਿੱਤੀ ਕਿ ਇਸ ਲੋਕ ਵਿਰੋਧੀ ਨੀਤੀ ਨੂੰ ਰੱਦ ਕਰਵਾਉਣ ਲਈ ਪੰਜਾਬ ਦੇ ਕਿਸਾਨ ਤੇ ਹਰ ਵਰਗ ਦੇ ਇਨਸਾਫ ਪਸੰਦ ਲੋਕ ਤਿੱਖੇ ਤੋਂ ਤਿੱਖਾ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰਨਗੇ।

## ਸਰਕਾਰ ਨੇ ਮੀਟਿੰਗ ਬਹਾਨੇ ਕਿਲੋਮੀਟਰ ਬੱਸਾਂ ਰਾਹੀਂ ਨਿੱਜੀਕਰਨ ਦੀ ਤਲਵਾਰ ਕੀਤੀ ਤਿੱਖੀ : ਰੇਸ਼ਮ ਸਿੰਘ ਗਿੱਲ

### ■ ਸਰਕਾਰ ਦੇ ਲਾਰਿਆਂ ਤੋਂ ਅੱਕੇ ਟਰਾਂਸਪੋਰਟ ਮੁਲਾਜ਼ਮਾਂ ਵੱਲੋਂ ਸੰਘਰਸ਼ ਦੀ ਚਿਤਾਵਨੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰੋਡਵੇਜ਼, ਪਨਬੱਸ, ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਨੇ ਫਿਰੋਜ਼ਪੁਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਤੇ ਮੀਡੀਆ ਸਲਾਹਕਾਰ ਉਡੀਕ ਚੰਦ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਮੁੱਕਰ ਗਈ ਹੈ ਤੇ ਹੁਣ ਮੀਟਿੰਗਾਂ ਦੇ ਬਹਾਨੇ ਕਿਲੋਮੀਟਰ ਸਕੀਮ ਬੱਸਾਂ ਰਾਹੀਂ ਟਰਾਂਸਪੋਰਟ ਵਿਭਾਗ ਦੇ ਨਿੱਜੀਕਰਨ ਦੀ ਤਲਵਾਰ ਤੇਜ਼ ਕਰ ਰਹੀ ਹੈ। ਯੂਨੀਅਨ ਆਗੂਆਂ ਨੇ ਦੱਸਿਆ ਕਿ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਹੱਲ ਕਰਨ ਦੀ ਬਜਾਏ, ਪਨਬੱਸ ਤੇ ਪੀਆਰਟੀਸੀ ਵਿੱਚ ਆਊਟਸੋਰਸ ਭਰਤੀ ਜਾਰੀ ਰੱਖੀ ਹੈ ਅਤੇ ਠੇਕੇਦਾਰਾਂ ਦੀ ਗਿਣਤੀ ਤਿੰਨ ਕਰ ਦਿੱਤੀ ਹੈ। ਇਨ੍ਹਾਂ ਠੇਕੇਦਾਰਾਂ ਵੱਲੋਂ ਕਰੋੜਾਂ ਰੁਪਏ ਦੇ ਈਪੀਐੱਫ, ਈਐੱਸਆਈ ਤੇ ਸਕਿਓਰਿਟੀ ਫੰਡਾਂ ਦੀ ਲੁੱਟ ਕੀਤੀ ਗਈ ਹੈ ਤੇ ਰਿਸ਼ਵਤ ਲੈ ਕੇ ਭਰਤੀਆਂ ਕੀਤੀਆਂ ਗਈਆਂ ਹਨ। ਇਸ ਦੇ ਸਬੂਤ (ਆਡੀਓ-ਵੀਡੀਓ ਰਿਕਾਰਡਿੰਗ ਸਮੇਤ) ਸਰਕਾਰ ਨੂੰ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਮ੍ਰਿਤਕ ਮੁਲਾਜ਼ਮਾਂ ਦਾ ਗਰੁੱਪ ਬੀਮਾ ਤੇ ਵੈੱਲਫੇਅਰ ਫੰਡ ਵੀ ਹਜ਼ਮ ਕਰ ਲਏ ਗਏ ਹਨ, ਪਰ ਅਧਿਕਾਰੀ ਜਾਂ ਸਰਕਾਰ ਚੁੱਪ ਹਨ। ਡਿੱਪੂ ਪ੍ਰਧਾਨ ਜਤਿੰਦਰ ਸਿੰਘ ਤੇ ਰਵਿੰਦਰ ਸਿੰਘ ਰਿੰਕੂ (ਪ੍ਰਧਾਨ, ਫਾਜ਼ਿਲਕਾ) ਨੇ ਕਿਹਾ ਕਿ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਤੇ ਵੱਡੇ ਲੀਡਰਾਂ ਦੀਆਂ ਬੱਸਾਂ ਨੂੰ ਕਿਲੋਮੀਟਰ ਸਕੀਮ ਤਹਿਤ ਸਰਕਾਰੀ ਪਰਮਿਟਾਂ 'ਤੇ ਚਲਾਉਣ ਲਈ ਟੈਂਡਰ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਇਕ ਬੱਸ 6 ਸਾਲਾਂ ਵਿੱਚ 1.5 ਕਰੋੜ ਤੋਂ ਵੱਧ ਰੁਪਏ ਲੈਂਦੀ ਹੈ, ਜਦੋਂ ਕਿ ਸਰਕਾਰੀ ਬੱਸ 33-34 ਲੱਖ ਵਿਚ ਆਉਂਦੀ ਹੈ ਤੇ 15 ਸਾਲ ਚੱਲਦੀ ਹੈ।

ਇਹ ਸਪੱਸ਼ਟ ਤੌਰ 'ਤੇ ਟਰਾਂਸਪੋਰਟ ਵਿਭਾਗ ਨੂੰ ਲੁੱਟਣ ਦੀ ਤਿਆਰੀ ਹੈ। ਯੂਨੀਅਨ ਆਗੂਆਂ ਨੇ ਇਹ ਵੀ ਕਿਹਾ ਕਿ 1 ਜੁਲਾਈ 2024 ਨੂੰ ਮੁੱਖ ਮੰਤਰੀ ਨਾਲ ਹੋਈ ਮੀਟਿੰਗ ਵਿੱਚ 7 ਮੰਗਾਂ ਹੱਲ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਇੱਕ ਵੀ ਮੰਗ ਹੱਲ ਨਹੀਂ ਹੋਈ, ਸਗੋਂ ਮੰਨੀਆਂ ਹੋਈਆਂ ਮੰਗਾਂ ਵੀ ਰੋਕ ਦਿੱਤੀਆਂ ਗਈਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ 28 ਜੁਲਾਈ ਨੂੰ ਵਿੱਤ ਮੰਤਰੀ ਪੰਜਾਬ ਨਾਲ ਮੀਟਿੰਗ ਵਿੱਚ ਕੋਈ ਠੋਸ ਹੱਲ ਨਹੀਂ ਨਿਕਲਦਾ ਤੇ ਕਿਲੋਮੀਟਰ ਸਕੀਮ ਬੱਸਾਂ ਦੇ ਟੈਂਡਰ ਰੱਦ ਨਹੀਂ ਕੀਤੇ ਜਾਂਦੇ, ਤਾਂ ਪੂਰੇ ਪੰਜਾਬ ਵਿੱਚ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਜਾਵੇਗੀ।

## ਮਨੁੱਖਤਾ ਦੇ ਭਲੇ ਲਈ 11 ਯੂਨਿਟ ਖ਼ੂਨ ਦਾਨ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਗੁਰਦੁਆਰਾ ਮਗਰ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਮਹੀਨੇ ਦੇ ਆਖਰੀ ਐਤਵਾਰ ਨੂੰ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਭਾਈ ਅਮਨਦੀਪ ਸਿੰਘ ਮਸੀਂਗਣ ਨੇ ਖ਼ੁਦ ਖ਼ੂਨ ਦਾਨ ਕਰਕੇ ਕੀਤਾ।ਕੈਂਪ ਵਿੱਚ ਜਗਜੀਤ ਸਿੰਘ ਤੇ ਅਰਸ਼ਦੀਪ ਸਿੰਘ ਓਝਾਂ, ਗੁਰਜੀਤ ਸਿੰਘ ਤੇ ਹਰਵਿੰਦਰ ਸਿੰਘ ਫਰੀਦਪੁਰ, ਬੀਬੀ ਮਨਜੀਤ ਕੌਰ, ਜੁਝਾਰ ਸਿੰਘ ਨੇਸੀ, ਦਵਿੰਦਰ ਸਿੰਘ ਜੰਮੂ, ਬਚਿੱਤਰ ਸਿੰਘ ਚੂਹਟ, ਗੁਰਜਿੰਦਰ ਸਿੰਘ ਈਸਰਹੇੜੀ ਤੇ ਗੁਰਮੀਤ ਸਿੰਘ ਜਲਵੇਹੜਾ ਨੇ ਵੀ ਖ਼ੂਨ ਦਾਨ ਕੀਤਾ, ਜਿਨ੍ਹਾਂ ਨੂੰ ਪ੍ਰਧਾਨ ਸਤਨਾਮ ਸਿੰਘ, ਜਸਵੰਤ ਸਿੰਘ, ਦਵਿੰਦਰ ਸਿੰਘ ਭੋਲਾ, ਸੁਬੇਗ ਸਿੰਘ, ਪਰਵਿੰਦਰ ਸਿੰਘ ਕਾਲਾ ਮਸੀਂਗਣ ਤੇ ਬਾਬਾ ਤਰਲੋਕ ਸਿੰਘ ਨੇ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ।ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਖ਼ੂਨ ਦਾਨ ਕਰਕੇ ਕਿਸੇ ਦੀ ਜਾਨ ਬਚਾਉਣ ਵਿੱਚ ਨੌਜਵਾਨਾਂ ਦਾ ਵੱਡਮੁੱਲਾ ਯੋਗਦਾਨ ਹੈ।ਉਨ੍ਹਾਂ ਕਿਹਾ ਹਰ ਮਹੀਨੇ ਦੇ ਆਖਰੀ ਐਤਵਾਰ ਗੁਰਦੁਆਰਾ ਮਗਰ ਸਾਹਿਬ ਵਿਖੇ ਸਵੇਰੇ 10 ਤੋਂ 1 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ ਤੇ ਬੇਸ਼ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ।ਇਸ ਮੌਕੇ ਯੂਥ ਆਗੂ ਗੁਰਭੇਜ ਸਿੰਘ ਮਾੜੂ ਨੇ ਕਿਹਾ ਕਿ ਇਸ ਮਹਾਨ ਸੇਵਾ ਵਿੱਚ ਇਲਾਕੇ ਦੇ ਪੰਚਾਂ-ਸਰਪੰਚਾਂ ਵੱਲੋਂ ਵੀ ਸਹਿਯੋਗ ਦਿੱਤਾ ਜਾਵੇਗਾ।



# ਅਗਰਵਾਲ ਮਹਿਲਾ ਸੈੱਲ ਵੱਲੋਂ ਹਰਿਆਲੀ ਤੀਜ ਸਮਾਰੋਹ

### ■ ਸ਼ੈਫਾਲੀ ਨੇ ਜਿੱਤਿਆ ਸ੍ਰੀਮਤੀ ਤੀਜ ਦਾ ਖਿਤਾਬ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਦੇ ਚੈਂਬਰ ਰੋਡ 'ਤੇ ਸਥਿਤ ਕੇਦਾਰ ਨਾਥ ਧਰਮਸ਼ਾਲਾ ਵਿੱਚ ਅਗਰਵਾਲ ਮਹਿਲਾ ਸੈੱਲ ਵੱਲੋਂ ਹਰਿਆਲੀ ਤੀਜ ਸਮਾਰੋਹ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ।ਇਸ ਸਮਾਗਮ ਵਿੱਚ ਅਗਰਵਾਲ ਮਹਿਲਾ ਸੈੱਲ ਦੀ ਸੂਬਾ ਪ੍ਰਧਾਨ ਭਾਵਨਾ ਬਾਂਸਲ ਤੇ ਜ਼ਿਲ੍ਹਾ ਪ੍ਰਧਾਨ ਨੀਨੂ ਬਾਂਸਲ ਨੇ ਆਈਆਂ ਔਰਤਾਂ ਦਾ ਸਵਾਗਤ ਕੀਤਾ।ਇਸ ਮੌਕੇ ਅਗਰਵਾਲ ਮਹਿਲਾ ਸੈੱਲ ਦੀਆਂ ਅਧਿਕਾਰੀ ਸ਼ੈਫਾਲੀ ਅਗਰਵਾਲ, ਕਵਿਤਾ ਸਿੰਗਲਾ, ਸੀਮਾ ਗਰਗ, ਸ਼ਿਵਾਨੀ ਗੁਪਤਾ, ਨੀਲਮ ਜੈਨ, ਸ਼ਵੇਤਾ ਜੈਨ, ਰਾਜਪਾਲ ਕੌਰ, ਰਵੀਨਾ ਗਰਗ, ਆਰਤੀ ਗਰਗ, ਸੀਮਾ ਸ਼ਰਮਾ, ਕਾਜਲ ਕਪੂਰ, ਮਹਿਕ, ਸ਼ਿਵਾਨੀ, ਨੀਲਮ ਬਾਂਸਲ, ਸਵਿਤਾ ਬਾਂਸਲ, ਪਰਵ ਬਾਂਸਲ, ਮਿੰਨੀ ਚਾਹਲ, ਪਰਮਜੀਤ ਕੌਰ, ਮਹਿਕ, ਸ਼ਿਵਾਨੀ, ਰਮਨਦੀਪ ਕੌਰ, ਪ੍ਰਵੀਨ, ਮੋਨਿਕਾ, ਅਮਨਦੀਪ ਬਰਾੜ ਸਮੇਤ ਸ਼ਹਿਰ ਦੀਆਂ ਲਗਭਗ 150 ਔਰਤਾਂ ਨੇ ਤੀਜ ਹਰਿਆਲੀ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਅਗਰਵਾਲ ਮਹਿਲਾ ਸੈੱਲ ਦੀ ਸੂਬਾ ਪ੍ਰਧਾਨ ਭਾਵਨਾ ਬਾਂਸਲ ਨੇ ਕਿਹਾ ਕਿ ਇਹ ਸਾਵਣ ਦੇ ਮਹੀਨੇ ਵਿੱਚ ਮਨਾਇਆ ਜਾਣ ਵਾਲਾ ਇੱਕ ਮਹੱਤਵਪੂਰਨ ਪੰਜਾਬੀ ਤਿਉਹਾਰ ਹੈ, ਖਾਸ ਕਰਕੇ ਵਿਆਹੀਆਂ ਔਰਤਾਂ ਤੇ ਅਣ-ਵਿਆਹੀਆਂ ਕੁੜੀਆਂ ਰਵਾਇਤੀ ਪਹਿਰਾਵੇ ਪਹਿਨਦੀਆਂ ਹਨ, ਪੀਂਘਾਂ ਝੂਟਦੀਆਂ ਹਨ, ਲੋਕ ਗੀਤ ਗਾਉਂਦੀਆਂ ਹਨ, ਮਹਿੰਦੀ ਲਗਾਉਂਦੀਆਂ ਹਨ ਤੇ ਗਿੱਧਾ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਅਲੋਪ ਹੋ ਰਹੇ ਵਿਰਸੇ ਨੂੰ ਬਚਾਉਣਾ ਸਮੇਂ ਦੀ ਲੋੜ ਹੈ।

ਇਸ ਦੌਰਾਨ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਬੋਲੀਆਂ ਤੇ ਗਿੱਧਾ ਪੇਸ਼ ਕਰਕੇ ਮਨੋਰੰਜਨ ਕੀਤਾ।ਇਸ ਮੌਕੇ ਔਰਤਾਂ ਨੇ ਬੋਲੀ, ਪੰਜਾਬੀ ਸੱਭਿਆਚਾਰ ਸੱਭਿਆਚਾਰਕ, ਸ੍ਰੀਮਤੀ ਤੀਜ ਰਾਊਂਡ, ਪ੍ਰਤਿਭਾ ਦੌਰ, ਸਵਾਲ ਜਵਾਬ ਮੁਕਾਬਲਾ, ਪੰਜਾਬੀ ਗੀਤ, ਸੱਭਿਆਚਾਰਕ, ਇੱਕ ਮਿੰਟ ਦੀ ਖੇਡ, ਲੱਕੀ ਡਰਾਅ, ਸੈਲਫੀ ਕਾਰਨਰ, ਪ੍ਰਾਚੀਨ ਵਸਤੂਆਂ ਦੀ ਝਲਕ, ਮਹਿੰਦੀ ਲਗਾਉਣ ਦੇ ਮੁਕਾਬਲੇ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਜੱਜਾਂ ਦੀ ਭੂਮਿਕਾ ਭਾਵਨਾ ਬਾਂਸਲ, ਨੀਨਾ ਗਰਗ, ਰਮਨਦੀਪ ਨੇ ਨਿਭਾਈ।ਇਸ ਦੌਰਾਨ ਸ਼ੈਫਾਲੀ ਅਗਰਵਾਲ ਨੂੰ ਸ੍ਰੀਮਤੀ ਤੀਜ ਦਾ ਖਿਤਾਬ, ਪਰਮਜੀਤ ਕੌਰ ਨੂੰ ਪਹਿਲੀ ਰਨਰ ਅੱਪ ਦਾ ਖਿਤਾਬ, ਨਵਿਤਾ ਨੂੰ ਦੂਜੀ ਰਨਰ ਅੱਪ ਦਾ ਖਿਤਾਬ ਦਿੱਤਾ ਗਿਆ।ਸਮਾਗਮ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਨੂੰ ਫੁਲਕਾਰੀ, ਤੋਹਫ਼ੇ ਤੇ ਬਿਸਕੁਟ ਦੇ ਕੇ ਸਨਮਾਨਤ ਕੀਤਾ ਗਿਆ। ਮਿੰਨੀ ਚਾਹਲ ਨੇ ਆਪਣੀ ਸਟੇਜ ਭੂਮਿਕਾ ਬਹੁਤ ਵਧੀਆ ਢੰਗ ਨਾਲ ਨਿਭਾਈ ਤੇ ਸਾਰਿਆਂ ਦਾ ਧੰਨਵਾਦ ਕੀਤਾ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਕਾਰਗਿਲ ਵਿਜੈ ਦਿਵਸ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਨਹਿਰੂ ਯੁਵਾ ਕੇਂਦਰ ਤੇ ਐੱਨ. ਐੱਸ. ਐੱਸ. ਦੀ ਟੀਮ ਵੱਲੋਂ ਕਾਰਗਿਲ ਵਿਜੈ ਦਿਵਸ ਮਨਾਇਆ ਗਿਆ।ਸਭ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਕਾਰਗਿਲ ਵਿਜੈ ਦਿਵਸ ਨਾਲ ਸੰਬੰਧਤ ਭਾਸ਼ਣ ਮੁਕਾਬਲੇ ਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਗਏ ਤੇ ਨਹਿਰੂ ਯੁਵਾ ਕੇਂਦਰ ਵੱਲੋਂ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਇਸ ਮੌਕੇ ਸਕੂਲ ਪ੍ਰਧਾਨ ਪਰਦਮਨ ਸਿੰਘ ਵਿਰਕ, ਜਨਰਲ ਸਕੱਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ-ਪ੍ਰਧਾਨ ਗੁਲਜਾਰ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਜਸਵੰਤ ਸਿੰਘ, ਗੁਰਦੇਵ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਬਾਬਾ ਸਾਹਿਬ ਸਿੰਘ, ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਤੇ ਸਮੂਹ ਸਟਾਫ਼ ਵੱਲੋਂ ਸਾਰਿਆਂ ਨੂੰ ਕਾਰਗਿਲ ਵਿਜੈ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ।

## ਵਕੀਲ ਭਾਈਚਾਰੇ ਵੱਲੋਂ ਮਾਤਾ ਸ੍ਰੀ ਨੈਣਾ ਦੇਵੀ ਮੰਦਰ ਲਈ ਰਾਸ਼ਨ ਦਾ ਟਰੱਕ ਰਵਾਨਾ



**ਨਾਭਾ (ਵਰਿੰਦਰ ਵਰਮਾ)**-ਮਾਤਾ ਸ੍ਰੀ ਨੈਣਾ ਦੇਵੀ ਦੇ ਸਾਵਨ ਦੇ ਨਵਰਾਤਰਿਆਂ ਦੌਰਾਨ ਮਾਤਾ ਸ਼੍ਰੀ ਨੈਣਾ ਦੇਵੀ ਮੰਦਰ ਵਿਖੇ ਲੰਗਰ ਵਾਸਤੇ ਚੌਕ ਦੇਵੀ ਦਿਵਾਲਾ ਤੋਂ ਬਾਰ ਐਸੋਸੀਏਸ਼ਨ ਤੇ ਉਨ੍ਹਾਂ ਦੇ ਮੁਨਸ਼ੀ ਭਾਈਚਾਰੇ ਵੱਲੋਂ ਰਾਸ਼ਨ ਦਾ ਟਰੱਕ ਰਵਾਨਾ ਕੀਤਾ ਗਿਆ।ਇਸ ਮੌਕੇ ਮਾਤਾ ਨੈਣਾ ਦੇਵੀ ਦੇ ਭਗਤਾਂ ਦਾ ਇੱਕ ਜਥਾ ਪੈਦਲ ਯਾਤਰਾ ਲਈ ਵੀ ਰਵਾਨਾ ਹੋਇਆ।ਸਥਾਨਕ ਬਾਰ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਗਿਆਨ ਸਿੰਘ ਮੂੰਗੋ ਨੇ ਕਿਹਾ ਕਿ ਅਸੀਂ ਹਰ ਸਾਲ ਮਾਤਾ ਨੈਣਾ ਦੇਵੀ ਦੇ ਲਈ ਵਕੀਲ ਭਾਈਚਾਰੇ ਵੱਲੋਂ ਵਿਸ਼ੇਸ਼ ਤੌਰ 'ਤੇ ਲੰਗਰ ਲਈ ਰਾਸ਼ਨ ਸਮੱਗਰੀ ਭੇਜਦੇ ਹਾਂ, ਉਸੇ ਤਹਿਤ ਅੱਜ ਵਕੀਲ ਭਾਈਚਾਰੇ ਵੱਲੋਂ ਸੁੱਕੇ ਰਾਸ਼ਨ ਦੇ ਸਾਮਾਨ ਦਾ ਟਰੱਕ ਰਵਾਨਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਅਸੀਂ ਹਰ ਧਰਮ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ ਤੇ ਸਾਡੇ ਲਈ ਸਾਰੇ ਹੀ ਧਰਮ ਸਤਿਕਾਰਯੋਗ ਹਨ।ਇਸ ਮੌਕੇ ਐਡਵੋਕੇਟ ਜਸਪਾਲ ਸਿੰਘ, ਐਡਵੋਕੇਟ ਹਰਜਿੰਦਰ ਸਿੰਘ, ਐਡਵੋਕੇਟ ਗੁਰਮੀਤ ਸਿੰਘ, ਐਡਵੋਕੇਟ ਸਰਬਜੀਤ ਸਿੰਘ, ਐਡਵੋਕੇਟ ਅਸ਼ਵਨੀ ਕੁਮਾਰ, ਐਡਵੋਕੇਟ ਸੁਖਦੀਪ ਸਿੰਘ, ਐਡਵੋਕੇਟ ਸ਼ਿਵਮ ਸੁਖੇਜਾ ਤੇ ਐਡਵੋਕੇਟ ਅਮਿਤ ਮੋਦੀ ਆਦਿ ਤੋਂ ਇਲਾਵਾ ਵਕੀਲ ਭਾਈਚਾਰਾ ਮੌਜੂਦ ਸੀ।

## ਲਾਇਨਜ਼ ਕਲੱਬ ਦੇ ਮੈਂਬਰਾਂ ਨੇ ਜਨਮ ਦਿਨ 'ਤੇ ਲਾਏ ਬੂਟੇ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਲਾਇਨਜ ਕਲੱਬ ਦੇ ਵਾਈਸ ਪ੍ਰਧਾਨ ਸੰਦੀਪ ਧਵਨ ਤੇ ਸੈਕਟਰੀ ਰਾਜਨ ਮੋਗਾ ਦੇ ਜਨਮ ਦਿਨ 'ਤੇ ਲਾਈਨਜ ਕਲੱਬ ਵੱਲੋਂ ਸ਼ਹਿਰ ਦੇ ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 100 ਦੇ ਕਰੀਬ ਬੂਟੇ ਲਾਏ ਗਏ। ਲਾਇਨਜ ਕਲੱਬ ਦੇ ਪ੍ਰਧਾਨ ਗੌਰਵ ਸਚਦੇਵਾ ਸੈਕਟਰੀ ਰਾਜਨ ਮੋਗਾ, ਵਾਈਸ ਪ੍ਰਧਾਨ ਸੰਦੀਪ ਧਵਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ 600 ਦੇ ਕਰੀਬ ਪੌਦੇ ਲਗਾਏ ਗਏ ਹਨ ਅਤੇ ਲਾਇਨਜ ਕਲੱਬ ਦੇ ਮੈਂਬਰਾਂ ਦੇ ਜਨਮ ਦਿਨ 'ਤੇ 199 ਦੇ ਕਰੀਬ ਪੌਦੇ ਲਾਏ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਰੱਖਣ ਦੇ ਲਈ ਸਾਨੂੰ ਸਾਰਿਆਂ ਨੂੰ ਹੀ ਵੱਧ ਤੋਂ ਵੱਧ ਪੌਦੇ ਲਾਉਣ ਚਾਹੀਦੇ ਹਨ ਤਾਂ ਜੁ ਗੰਧਲੇ ਹੋ ਰਹੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਿਆ ਜਾ ਸਕੇ ਤੇ ਬਿਮਾਰੀਆਂ ਤੋਂ ਬਚਿਆ ਜਾ ਸਕੇ।

## ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ



**ਬਰਨਾਲਾ (ਰਾਜਿੰਦਰ ਬਰਾੜ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਬੀਤੇ ਦਿਨ ਨਰੇਗਾ ਕਾਮਿਆਂ ਦੇ ਹੱਕਾਂ 'ਤੇ ਮਾਰੇ ਡਾਕੇ ਵਿਰੋਧ 'ਚ ਡੀ ਸੀ ਦਫਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਲੋਕ ਸਭ ਦੇ ਸਪੀਕਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਮੰਗ ਪੱਤਰ ਦਿੱਤਾ।ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ, ਪ੍ਰਧਾਨ ਜਗਰਾਜ ਸਿੰਘ ਰਾਮਾ ਨੇ ਕਿਹਾ ਕਿ ਅਜੇ ਤੱਕ ਨਰੇਗਾ ਕਾਇਮ ਹੈ, ਪਰ ਇਸ ਦੇ ਵਿਰੁੱਧ ਮਾੜੇ ਪ੍ਰਭਾਵ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਧਮਕੀਆਂ ਭਰੀਆਂ ਐਡਵਾਇਜ਼ਰੀ ਵਰਕਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਨੇ। ਛੱਪੜ, ਖਾਲਿਆਂ, ਕੱਚੇ ਰਸਤੇ ਤੇ ਸਾਂਝੇ ਕੰਮ ਨਹਿਰੀ ਖਾਲੇ, ਕੱਸੀਆਂ ਆਦਿ ਸਾਰਿਆਂ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ। ਇਹ ਐਡਵਾਇਜ਼ਰੀ ਠੀਕ ਨਹੀਂ।ਅਸੀਂ ਇਸ ਪ੍ਰਚਾਰ ਦੀ ਨਿੰਦਿਆ ਕਰਦੇ ਹਾਂ, ਜੋ ਨਰੇਗਾ ਦੇ ਕਾਨੂੰਨ ਦਾ 100 ਦਿਨ ਕੰਮ ਦੀ ਗਰੰਟੀ ਤੇ 346 ਰੁਪਏ ਦਿਹਾੜੀ ਕਾਇਮ ਹੈ।ਨਰੇਗਾ ਕੰਮ ਮੰਗਣ ਦੇ 15 ਦਿਨਾਂ ਪਿੱਛੋਂ ਕੰਮ ਦੇਣ ਦੀ ਗਰੰਟੀ ਕਾਇਮ ਹੈ, ਜੇ ਕੰਮ ਨਹੀਂ ਦਿੱਤਾ ਜਾਂਦਾ ਤਾਂ ਬੇਰੁਜ਼ਗਾਰੀ ਭੱਤਾ ਪ੍ਰਾਪਤ ਕਰਨ ਦਾ ਹਰ ਕਾਮੇ ਨੂੰ ਹੱਕ ਹਾਸਲ ਹੈ।ਬਾਕੀ ਮੰਗਾਂ ਵੀ ਕਾਨੂੰਨ ਅਨੁਸਾਰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤੀਆਂ ਜਾਣ।ਅਸੀਂ ਪੂਰੇ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ ਕਿ ਨਰੇਗਾ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਹੋਣ ਪਿੱਛੋਂ ਗਰੰਟੀ ਦਾ ਕਾਨੂੰਨ ਬਣਿਆ।ਅਸੀਂ ਮੰਗ ਕਰਦੇ ਹਾਂ ਕਿ ਇਸ ਨੂੰ 200 ਦਿਨ ਤੇ ਉਜ਼ਰਤ 1000 ਰੁਪਏ ਕੀਤਾ ਜਾਵੇ।ਪਿਛਲੇ ਸਾਲ ਦੇ ਕੀਤੇ ਕੰਮ ਦੇ ਪੈਸੇ ਖਾਤਿਆਂ ਵਿੱਚ ਪਾਏ ਜਾਣ।ਜੋ ਪਿੰਡ ਦੀਆਂ ਪੰਚਾਇਤਾਂ ਦੇ ਕੰਮ ਦੇ ਸਾਂਝੀਆਂ ਥਾਵਾਂ ਦੇ ਮਤੇ ਪਾਏ ਹਨ, ਉਨ੍ਹਾਂ ਦੇ ਐਸਟੀਮੇਟ ਬਣਾ ਕੇ ਪਾਸ ਕੀਤੇ ਜਾਣ, ਜੋ ਨਰੇਗਾ ਦੀ ਦਿਹਾੜੀ ਅੱਜ 346 ਰੁਪਏ ਕੇਂਦਰ ਵੱਲੋਂ ਦਿੱਤੀ ਜਾ ਰਹੀ ਹੈ, ਉਸ ਵਿੱਚ ਪੰਜਾਬ ਸਰਕਾਰ ਨੇ 34 ਰੁਪਏ ਹਰ ਰੋਜ਼ ਪਾਉਣੇ ਹੁੰਦੇ ਹਨ, ਉਹ ਵੀ ਪਾਏ ਜਾਣ, ਜੋ ਨਰੇਗਾ ਕਾਮੇ ਪਿੰਡ ਤੋਂ 5 ਕਿਲੋਮੀਟਰ ਦੂਰੀ 'ਤੇ ਜਾਂਦੇ ਹਨ। ਉਨ੍ਹਾ ਨੂੰ 10 ਪ੍ਰਸੈਂਟ ਕਿਰਾਇਆਂ ਭੱਤਾ ਪੰਜਾਬ ਸਰਕਾਰ ਜਾਰੀ ਕਰੇ। ਨਰੇਗਾ ਵਿੱਚ ਕੰਮ ਕਰਦੇ ਮੇਟਾਂ ਨੂੰ ਸੇਮੀ ਸਕਿਲਡ ਦੀ ਤਨਖਾਹ ਦਿੱਤੀ ਜਾਵੇ।ਇਸ ਮੌਕੇ ਧਰਨੇ ਵਿੱਚ ਕੌਰ ਸਿੰਘ ਮੀਤ ਸਕੱਤਰ, ਗੁਰਪ੍ਰੀਤ ਸਿੰਘ ਰੂੜੇਕੇ, ਸੁਖਦੇਵ ਸਿੰਘ, ਰੂਪ ਸਿੰਘ ਸਹਿਣਾ, ਮਹਿੰਦਰ ਸਿੰਘ ਧਨੇਰ, ਇਕਬਾਲ ਇੰਘ ਲੋਹਗੜ੍ਹ, ਰਾਜਪਾਲ ਕੌਰ ਚੰਨਣਵਾਲ, ਸ਼ਿੰਗਾਰਾ ਸਿੰਘ ਟੱਲੇਵਾਲ ਹਾਜ਼ਰ ਸਨ।

# ਫਿੱਟ ਇੰਡੀਆ ਮੁਹਿੰਮ ਤਹਿਤ ਬੀ ਐੱਸ ਐੱਫ ਵੱਲੋਂ ਹੁਸੈਨੀਵਾਲਾ ਤੋਂ ਫ਼ਿਰੋਜ਼ਪੁਰ ਤੱਕ ਸਾਈਕਲ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤ ਸਰਕਾਰ ਦੀ 'ਫਿੱਟ ਇੰਡੀਆ' ਮੁਹਿੰਮ ਤਹਿਤ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਵੱਲੋਂ ਇਕ ਸ਼ਾਨਦਾਰ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਹ ਰੈਲੀ ਜੁਆਇੰਟ ਚੈੱਕ ਪੋਸਟ (ਜੇਸੀਪੀ) ਹੁਸੈਨੀਵਾਲਾ ਤੋਂ ਸੈਕਟਰ ਹੈੱਡਕੁਆਰਟਰ ਬੀਐੱਸਐੱਫ ਫਿਰੋਜ਼ਪੁਰ ਤੱਕ ਕੱਢੀ ਗਈ, ਜਿਸ ਦਾ ਮੁੱਖ ਉਦੇਸ਼ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਤ ਕਰਨਾ, ਸਿਹਤ ਤੇ ਤੰਦਰੁਸਤੀ ਬਾਰੇ ਜਾਗਰੂਕਤਾ ਵਧਾਉਣਾ ਅਤੇ ਸਰਹੱਦੀ ਖੇਤਰਾਂ ਦੇ ਨੌਜਵਾਨਾਂ ਨੂੰ ਨਸ਼ਾ-ਮੁਕਤ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਰੈਲੀ ਨੂੰ ਸਵੇਰੇ 7 ਵਜੇ ਜੇਸੀਪੀ ਹੁਸੈਨੀਵਾਲਾ ਤੋਂ ਬ੍ਰਿਗੇਡੀਅਰ ਵਿਜੇ ਸਿੰਘ ਰਾਣਾ, ਵੀਐੱਸਐੱਮ (ਸੇਵਾਮੁਕਤ), ਡੀਆਈਜੀ, ਸੈਕਟਰ ਹੈੱਡਕੁਆਰਟਰ ਬੀਐੱਸਐੱਫ ਫ਼ਿਰੋਜ਼ਪੁਰ ਦੁਆਰਾ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਬੀਐੱਸਐੱਫ ਦੇ ਅਧਿਕਾਰੀ, ਸਕੂਲੀ ਬੱਚੇ ਤੇ ਸਥਾਨਕ ਭਾਈਚਾਰੇ ਦੇ ਉੱਘੇ ਮੈਂਬਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਸਮੁੱਚੇ ਮਾਹੌਲ ਵਿੱਚ ਇਕ ਖਾਸ ਉਤਸ਼ਾਹ ਤੇ ਜੋਸ਼ ਵੇਖਣ ਨੂੰ ਮਿਲਿਆ, ਜਿਸ ਨੇ ਰੈਲੀ ਨੂੰ ਇੱਕ ਪ੍ਰੇਰਣਾਦਾਇਕ ਸ਼ੁਰੂਆਤ ਦਿੱਤੀ। ਇਹ 21 ਕਿਲੋਮੀਟਰ ਲੰਬੀ ਰੈਲੀ ਖਾਸ ਕਰਕੇ ਸਰਹੱਦੀ ਪਿੰਡਾਂ ਭੱਖੜਾ, ਭਾਨੇ ਵਾਲਾ, ਜਲੋਕੇ, ਫਰੂਵਾਲਾ, ਗੱਟੀ ਮਾਤੜ ਤੇ ਰਾਜਾ ਰਾਏ ਤੋਂ ਆਏ 12 ਤੋਂ 20 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਨਾਲ ਹੋਰ ਵੀ ਖਾਸ ਬਣ ਗਈ। ਉਨ੍ਹਾਂ ਦਾ ਜੋਸ਼ ਤੇ ਦ੍ਰਿੜ੍ਹ ਇਰਾਦਾ ਅਸਲ ਵਿੱਚ ਪ੍ਰੇਰਨਾਦਾਇਕ ਸੀ। ਉਨ੍ਹਾਂ ਦੀ ਜੋਸ਼ੀਲੀ ਸ਼ਮੂਲੀਅਤ ਨੂੰ ਸਰਾਹੁੰਦਿਆਂ ਹੋਇਆ, ਡੀਆਈਜੀ ਬ੍ਰਿਗੇਡੀਅਰ ਵਿਜੇ ਸਿੰਘ ਰਾਣਾ ਨੇ ਸਾਰੇ ਭਾਗੀਦਾਰਾਂ ਨੂੰ ਇਨਾਮ ਅਤੇ ਹੌਂਸਲੇ ਦੇ ਸ਼ਬਦਾਂ ਨਾਲ ਸਨਮਾਨਿਤ ਕੀਤਾ। ਵਿਦਿਆਰਥੀਆਂ ਵਿਚ ਦਲਜੀਤ ਸਿੰਘ, ਮਨਦੀਪ ਸਿੰਘ, ਪ੍ਰਿੰਸ ਰਾਏ, ਰਣਦੀਪ ਸਿੰਘ, ਸੰਦੀਪ ਸਿੰਘ, ਵਰਿੰਦਰ ਸਿੰਘ, ਜਸਮੀਤ ਸਿੰਘ ਤੇ ਪੁਸ਼ਪਾ ਰਾਣੀ ਵਰਗੇ ਨਾਮ ਸ਼ਾਮਲ ਸਨ, ਜਿਨ੍ਹਾਂ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ। ਇਸ ਰੈਲੀ ਵਿਚ ਕੁੱਲ 200 ਬੀਐੱਸਐੱਫ ਕਰਮਚਾਰੀਆਂ ਅਤੇ ਨੇੜਲੇ ਸਰਹੱਦੀ ਪਿੰਡਾਂ ਦੇ ਵੱਡੀ ਗਿਣਤੀ ਵਿਚ ਆਮ ਨਾਗਰਿਕਾਂ ਨੇ ਹਿੱਸਾ ਲਿਆ। ਬੀਐੱਸਐੱਫ ਕਰਮਚਾਰੀਆਂ ਤੇ ਸਥਾਨਕ ਨਿਵਾਸੀਆਂ ਦੇ ਸਾਂਝੇ ਉਤਸ਼ਾਹ ਨੇ ਇਸ ਸਮਾਗਮ ਨੂੰ ਇਕ ਯਾਦਗਾਰੀ ਸਫਲਤਾ ਬਣਾਇਆ। ਇਹ ਪਹਿਲ ਨਾ ਸਿਰਫ ਤੰਦਰੁਸਤੀ ਅਤੇ ਸਿਹਤ ਦੇ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਦੀ ਹੈ, ਬਲਕਿ ਬੀਐੱਸਐੱਫ ਤੇ ਸਥਾਨਕ ਭਾਈਚਾਰਿਆਂ ਵਿਚਕਾਰ ਸਬੰਧਾਂ ਨੂੰ ਵੀ ਮਜ਼ਬੂਤ ਕਰਦੀ ਹੈ। ਇਹ ਇੱਕ ਸਿਹਤਮੰਦ, ਵਧੇਰੇ ਜ਼ਿੰਮੇਵਾਰ ਅਤੇ ਨਸ਼ਾ-ਮੁਕਤ ਸਮਾਜ, ਖਾਸ ਕਰਕੇ ਸੰਵੇਦਨਸ਼ੀਲ ਸਰਹੱਦੀ ਖੇਤਰਾਂ ਵਿੱਚ, ਬਣਾਉਣ ਲਈ ਏਕਤਾ ਤੇ ਸਾਂਝੀ ਪ੍ਰਤੀਬੱਧਤਾ ਦਾ ਇੱਕ ਸ਼ਕਤੀਸ਼ਾਲੀ ਸੰਦੇਸ਼ ਸੀ। ਸਥਾਨਕ ਪੁਲਸ ਪ੍ਰਸ਼ਾਸਨ ਨੇ ਸ਼ਾਨਦਾਰ ਟ੍ਰੈਫਿਕ ਪ੍ਰਬੰਧ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਰੈਲੀ ਦਾ ਸੁਰੱਖਿਅਤ ਤੇ ਸੁਚਾਰੂ ਸੰਚਾਲਨ ਯਕੀਨੀ ਹੋਇਆ। ਉਨ੍ਹਾਂ ਦੇ ਯੋਗਦਾਨ ਦੀ ਸਾਰਿਆਂ ਵੱਲੋਂ ਬਹੁਤ ਪ੍ਰਸ਼ੰਸਾ ਕੀਤੀ ਗਈ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ 'ਚ ਤੀਆਂ ਦਾ ਤਿਉਹਾਰ ਮਨਾਇਆ



**ਕੋਟਕਪੂਰਾ (ਗੁਰਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਬੱਚਿਆਂ ਨੇ ਪੰਜਾਬੀ ਸੱਭਿਆਚਾਰਕ ਡਰੈੱਸਾਂ ਪਾ ਕੇ ਗਿੱਧਾ ਪਾਇਆ ਤੇ ਘੀਆਂ ਝੂਟੀਆਂ।ਸਕੂਲ ਵਿੱਚ ਪੁਰਾਤਨ ਪੰਜਾਬੀ ਸੱਭਿਆਚਾਰ ਦੀਆਂ ਬਾਗ ਫੁਲਕਾਰੀਆਂ ਨਾਲ ਸਜਾਵਟ ਕੀਤੀ ਗਈ, ਜੋ ਆਕਰਸ਼ਕ ਦ੍ਰਿਸ਼ ਪੇਸ਼ ਕਰ ਰਹੀਆਂ ਸਨ।ਤੀਆਂ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਸਟੇਜ ਸੰਚਾਲਨ ਦਾ ਕੰਮ ਰਮਨਪ੍ਰੀਤ ਕੌਰ ਤੇ ਕਸ਼ਿਸ਼ ਨੇ ਨਿਭਾਇਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਗਿਆਰਵੀਂ ਤੇ ਬਾਰਵੀਂ ਕਲਾਸ ਦੀਆਂ ਕੁੜੀਆਂ ਨੇ ਭੰਗੜਾ ਪਾ ਕੇ ਕੀਤੀ।ਰਮਨਪ੍ਰੀਤ ਕੌਰ ਨੇ ਤੀਆਂ ਨਾਲ ਸਬੰਧਤ ਗੀਤ ਪੇਸ਼ ਕੀਤਾ।ਇਸ ਤੋਂ ਬਾਅਦ ਸਕੂਲ ਅਧਿਆਪਕਾ ਪ੍ਰਭਜੋਤ ਕੌਰ ਨੇ ਵੀ ਬਹੁਤ ਸੋਹਣਾ ਗੀਤ ਗਾ ਕੇ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਰੰਗ ਬੰਨ੍ਹਿਆ।ਨਾਇਰਾਉਪਰੰਤ ਨੌਵੀਂ, ਗਿਆਰਵੀਂ ਤੇ ਬਾਰਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਗਿੱਧੇ ਦੀ ਆਈਟਮ ਪੇਸ਼ ਕਰਕੇ ਹੋਰ ਵੀ ਰੌਣਕ ਲਾ ਦਿੱਤੀ।ਸਕੂਲ ਵਿੱਚ ਮਹਿੰਦੀ ਮੁਕਾਬਲਾ ਵੀ ਕਰਵਾਇਆ ਗਿਆ, ਜਿਸ 'ਚ ਅਧਿਆਪਕਾਂ ਵਿੱਚੋਂ ਬਲਜਸ਼ੀਤ ਕੌਰ ਨੇ ਪਹਿਲਾ, ਕੁਲਦੀਪ ਕੌਰ ਨੇ ਦੂਜਾ ਤੇ ਵਿਦਿਆਰਥੀਆਂ 'ਚੋਂ ਰਮਨਪ੍ਰੀਤ ਕੌਰ ਨੇ ਪਹਿਲਾ ਤੇ ਗੀਤ ਨੇ ਦੂਜਾ ਸਥਾਨ ਹਾਸਲ ਕੀਤਾ।ਇਸ ਸਮੇਂ ਸਕੂਲ ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਉਣ ਦਾ ਮਹੀਨਾ ਪੰਜਾਬੀ ਸੱਭਿਆਚਾਰ 'ਚ ਇੱਕ ਖਾਸ ਮਹੱਤਵ ਰੱਖਦਾ ਹੈ।ਇਨ੍ਹੀਂ ਦਿਨੀਂ ਕੁੜੀਆਂ ਮਹਿੰਦੀ ਲਾਉਂਦੀਆਂ, ਪੀਂਘਾਂ ਝੂਟਦੀਆਂ ਤੇ ਆਪਣੇ ਮਨ ਦੇ ਵਲਵਲੇ ਪ੍ਰਗਟਾਉਂਦੀਆਂ ਹਨ।ਇਸ ਸਮਾਗਮ ਵਿੱਚ ਪ੍ਰਿੰਸੀਪਲ ਸੋਮਾ ਦੇਵੀ, ਕੋਆਰਡੀਨੇਟਰ ਨਿਧੀ ਗਰਗ ਤੇ ਸਮੂਹ ਸਟਾਫ਼ ਨੇ ਸਮਾਗਮ ਨੂੰ ਸਫਲਤਾਪੂਰਵਕ ਸੰਪੰਨ ਕੀਤਾ।

# ਕੰਬੋਜ ਮਹਾਂ ਸਭਾ ਵੱਲੋਂ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਸੰਬੰਧੀ ਤਿਆਰੀਆਂ ਮੁਕੰਮਲ

**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੰਬੋਜ ਮਹਾਂ ਸਭਾ ਬਲਾਕ ਭੁਨਰਹੇੜੀ ਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਸ਼ਮਹੀ ਸ਼ਹੀਦ ਸ. ਊਧਮ ਸਿੰਘ ਸੁਨਾਮ ਦਾ 29 ਜੁਲਾਈ ਨੂੰ ਸੰਗਮ ਪੈਲੇਸ, ਪਿਹੋਵਾ ਰੋਡ, ਗੁੱਥਮੜਾ ਵਿਖੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।ਕੰਬੋਜ ਮਹਾਂ ਸਭਾ ਦੇ ਪ੍ਰਧਾਨ ਸ਼ਵਿੰਦਰ ਸਿੰਘ ਧੰਜੂ, ਜਨਰਲ ਸਕੱਤਰ ਦਵਿੰਦਰ ਸਿੰਘ ਮਾੜੂ, ਵਿੱਤ ਸਕੱਤਰ ਜੀਤ ਸਿੰਘ ਮੀਰਾਂਪੁਰ, ਗੁਰਮੇਲ ਸਿੰਘ ਫਰੀਦਪੁਰ, ਹਰਵੀਰ ਸਿੰਘ ਥਿੰਦ, ਮਾਤਾ ਗੁਜਰੀ ਸਕੂਲ ਦੇ ਪ੍ਰਬੰਧਕੀ ਡਾਇਰੈਕਟਰ ਭੁਪਿੰਦਰ ਸਿੰਘ ਤੇ ਪ੍ਰੈੱਸ ਸਕੱਤਰ ਜਸਵਿੰਦਰ ਸਿੰਘ ਬ੍ਰਹਮਪੁਰ, ਰਾਜਿੰਦਰ ਸਿੰਘ ਥਿੰਦ ਤੇ ਮੁਖਤਿਆਰ ਸਿੰਘ ਨੌਗਾਵਾਂ ਵੱਲੋਂ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 29 ਜੁਲਾਈ ਨੂੰ ਹੋਣ ਜਾ ਰਹੇ ਸ਼ਹੀਦੀ ਸਮਾਗਮ ਮੌਕੇ ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ, ਲਾਲ ਸਿੰਘ ਸਾਬਕਾ ਖ਼ਜ਼ਾਨਾ ਮੰਤਰੀ ਪੰਜਾਬ, ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ, ਸਾਬਕਾ ਵਿਦੇਸ਼



ਮੰਤਰੀ ਮਹਾਰਾਣੀ ਪ੍ਰਨੀਤ ਕੌਰ, ਰਜਿੰਦਰ ਸਿੰਘ ਕੰਬੋਜ ਸਾਬਕਾ ਐੱਮ ਐੱਲ.ਏ. ਰਾਜਪੁਰਾ, ਮਦਨ ਲਾਲ ਜਲਾਲਪੁਰ ਸਾਬਕਾ ਐੱਮ ਐੱਲ ਏ ਘਨੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਐੱਮ.ਐੱਲ.ਏ. ਸਨੌਰ, ਜਰਨੈਲ ਸਿੰਘ ਕਰਤਾਰਪੁਰ ਮੈਂਬਰ ਐੱਸ ਜੀ ਪੀ ਸੀ ਤੋਂ ਇਲਾਵਾ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਪਟਿਆਲਾ ਸੁਰਿੰਦਰ ਕੌਰ ਧੰਜੂ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ ਅਤੇ ਉਹ ਆਪਣੀ ਸ਼ਰਧਾ ਦੇ ਫੁੱਲ ਸ਼ਹੀਦ ਊਧਮ ਸਿੰਘ ਨੂੰ ਭੇਟ ਕਰਨਗੇ।ਇਸ ਮੌਕੇ ਡਾ. ਕੁਲਦੀਪ ਸਿੰਘ ਧਾਲੀਵਾਲ ਯੂ. ਕੇ. ਵਰਲਡ ਕੈਂਸਰ ਕੇਅਰ ਦੀ ਟੀਮ ਵੱਲੋਂ ਕੈਂਸਰ ਚੈੱਕਅਪ ਕੈਂਪ ਲਗਾਇਆ ਜਾਵੇਗਾ ਅਤੇ ਇਸ ਮੌਕੇ ਮੈਡੀਕਲ ਤੇ ਅੱਖਾਂ ਦਾ ਕੈਂਪ ਵੀ ਲਗਾਇਆ ਜਾ ਰਿਹਾ ਹੈ।ਇਨ੍ਹਾਂ ਕੈਂਪਾਂ ਵਿੱਚ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।ਇਸ ਮੌਕੇ ਢਾਡੀ ਜੱਥੇ ਵੀ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤੇਗਾ।ਇਨ੍ਹਾਂ ਆਗੂਆਂ ਵੱਲੋਂ ਇਲਾਕੇ ਦੇ ਲੋਕਾਂ ਨੂੰ ਮੈਡੀਕਲ ਕੈਂਪਾਂ ਵਿੱਚ ਆਪਣੀ ਜਾਂਚ ਕਰਾਉਣ ਦੀ ਅਪੀਲ ਕੀਤੀ ਗਈ ਹੈ।

# ਪੀ ਜੀ ਆਈ ਨੇ ਕਰਾਇਓਏਬਲੇਸ਼ਨ ਤਕਨੀਕ ਰਾਹੀਂ ਦਿਲ ਦੇ ਮਰੀਜ਼ ਨੂੰ ਦਿੱਤੀ ਨਵੀਂ ਜ਼ਿੰਦਗੀ



**ਸਮਰਾਲਾ (ਸੁਰਜੀਤ ਸਿੰਘ)**-
ਪੀ ਜੀ ਆਈ ਦੇ ਡਾਕਟਰ ਮੈਡੀਕਲ ਖੇਤਰ ਵਿੱਚ ਨਿੱਤ ਨਵੇਂ ਕ੍ਰਿਸ਼ਮਿਆਂ ਨੂੰ ਅੰਜਾਮ ਦੇ ਰਹੇ ਹਨ।ਤਾਜ਼ਾ ਘਟਨਾਕ੍ਰਮ 'ਚ ਪੀਜੀਆਈ ਚੰਡੀਗੜ੍ਹ ਦੇ ਡਾ. ਸੌਰਭ ਮਹਿਰੋਤਰਾ ਨੇ, ਕਾਰਡਿਓਲੋਜੀ ਵਿਭਾਗ ਦੇ ਪ੍ਰਧਾਨ ਡਾ. ਯਸ਼ਪਾਲ ਸ਼ਰਮਾ ਦੀ ਅਗਵਾਈ ਹੇਠ, ਉੱਤਰੀ ਭਾਰਤ 'ਚ ਪਹਿਲੀ ਵਾਰ ਕਾਰਡਿਕ ਕਰਾਇਓਏਬਲੇਸ਼ਨ ਪ੍ਰਕਿਰਿਆ ਰਾਹੀਂ ਇਲਾਜ ਕਰਕੇ ਅਡਵਾਂਸ ਅਰੇਥਮੀਆ ਇਲਾਜ ਦਾ ਨਵਾਂ ਯੁੱਗ ਸ਼ੁਰੂ ਕੀਤਾ ਹੈ।ਪੀ ਜੀ ਆਈ ਸੂਤਰਾਂ ਮੁਤਾਬਿਕ ਇਹ ਮਾਮਲਾ ਇੱਕ ਅਜਿਹੇ ਮਰੀਜ਼ ਨਾਲ ਸੰਬੰਧਤ ਸੀ ਜਿਸ ਨੂੰ ਪਹਿਲਾਂ ਹੀ ਪੇਸਮੇਕਰ ਲੱਗ ਚੁੱਕਾ ਸੀ ਤੇ ਫਿਰ ਅਚਾਨਕ ਉਸ ਨੂੰ 'ਐਟਰੀਅਲ ਫਿਬ੍ਰਿਲੇਸ਼ਨ' ਹੋ ਗਿਆ, ਜੋ ਦਿਲ ਦੀ ਧੜਕਣ ਦੀ ਇੱਕ ਗੰਭੀਰ ਬਿਮਾਰੀ ਹੈ।ਇਸ ਕਾਰਨ ਉਸ ਦੀ ਹਾਰਟ ਫੇਲ ਹੋਣ ਦੀ ਸਥਿਤੀ ਬਣ ਗਈ ਅਤੇ ਮਰੀਜ਼ ਨੂੰ ਹਸਪਤਾਲ ਵਿੱਚ ਦਾਖਲ ਕਰਨਾ ਪਿਆ।

ਮਾਮਲੇ ਵਿੱਚ ਡਾ. ਮਹਿਰੋਤਰਾ ਨੇ ਰਿਵਾਇਤੀ ਰੇਟ ਕੰਟਰੋਲ ਦੀ ਥਾਂ ਕਰਾਇਓਏਬਲੇਸ਼ਨ ਕਰਨ ਦਾ ਫੈਸਲਾ ਲਿਆ, ਜੋ ਅਧੁਨਿਕ ਥੈਰੇਪੀ ਹੈ, ਜੋ ਠੰਢੀ ਊਰਜਾ ਰਾਹੀਂ ਪਲਮੋਨਰੀ ਨਾੜਾਂ ਨੂੰ ਵੱਖਰਾ ਕਰਕੇ ਏਐੱਫ ਦੇ ਸਰੋਤ ਨੂੰ ਖਤਮ ਕਰਦੀ ਹੈ। ਦੱਸਿਆ ਗਿਆ ਹੈ ਕਿ ਇਹ ਕੇਸ ਬਹੁਤ ਹੀ ਚੁਣੌਤੀ ਪੂਰਨ ਸੀ।

ਕਰਾਇਓਏਬਲੇਸ਼ਨ ਦਿਲ ਵਿੱਚ ਗਲਤ ਬਿਜਲੀ ਸੰਕੇਤਾਂ ਵਾਲੇ ਟਿਸ਼ੂ ਨੂੰ ਠੰਢ ਪਾ ਕੇ ਬਿਲਕੁਲ ਸਹੀ ਢੰਗ ਨਾਲ ਖਤਮ ਕਰਦੀ ਹੈ ਤੇ ਹੋਰ ਸਿਹਤਮੰਦ ਟਿਸ਼ੂ ਨੂੰ ਨੁਕਸਾਨ ਨਹੀਂ ਹੋਣ ਦਿੰਦੀ।ਇਹ ਵਿਸ਼ੇਸ਼ ਕਰਕੇ ਉਨ੍ਹਾਂ ਮਰੀਜ਼ਾਂ ਲਈ ਲਾਭਕਾਰੀ ਹੁੰਦੀ ਹੈ, ਜੋ ਪਹਿਲਾਂ ਹੀ ਪੇਸਮੇਕਰ ਵਰਗੇ ਯੰਤਰਾਂ ਨਾਲ ਜੁੜੇ ਹੁੰਦੇ ਹਨ।ਡਾਕਟਰਾਂ ਦਾ ਕਹਿਣਾ ਹੈ ਕਿ ਇਹ ਤਕਨੀਕ ਰਿਵਾਇਤੀ ਥੈਰੇਪੀ ਨਾਲੋਂ ਵੱਧ ਸੁਰੱਖਿਅਤ ਹੈ।ਇਸ ਵਿੱਚ ਸਮਾਂ ਘੱਟ ਲੱਗਦਾ ਹੈ।ਹਸਪਤਾਲ ਵਿਚ ਵੀ ਥੋੜ੍ਹਾ ਸਮਾਂ ਰਹਿਣਾ ਪੈਂਦਾ ਹੈ ਤੇ ਰਿਕਵਰੀ ਵੀ ਛੇਤੀ ਹੁੰਦੀ ਹੈ ਤੇ ਚੰਗੇ ਨਤੀਜੇ ਸਾਹਮਣੇ ਆਉਂਦੇ ਹਨ।ਪੀਜੀਆਈ ਸੂਤਰਾਂ ਮੁਤਾਬਕ ਇਹ ਕੇਸ ਮੈਡੀਕਲ ਖੇਤਰ 'ਚ ਮੀਲ ਪੱਥਰ ਸਾਬਤ ਹੋਇਆ ਹੈ।

## ਸਿਲਾਈ ਸਿਖਲਾਈ ਪ੍ਰਾਪਤ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਸਟੇਟ ਬੈਂਕ ਆਫ ਇੰਡੀਆ ਤੇ ਭਾਰਤ ਸਰਕਾਰ ਦੁਆਰਾ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾਨ ਪਿੰਡ ਬਡਰੁੱਖਾਂ ਸੰਗਰੂਰ ਵਿਖੇ ਵੂਮੈਨ ਟੇਲਰ (ਸਿਲਾਈ) ਦੇ ਕੋਰਸ ਦਾ ਸਮਾਪਤੀ ਸਮਾਰੋਹ ਮਨਾਇਆ ਗਿਆ।ਇਸ ਵੂਮੈਨ ਟੇਲਰ (ਸਿਲਾਈ) ਦੇ ਕੋਰਸ ਨੂੰ 30 ਸਿਖਿਆਰਥੀਆਂ ਨੇ ਮੁਕੰਮਲ ਕੀਤਾ ਅਤੇ ਕੋਰਸ ਦੇ ਅਖ਼ੀਰਲੇ ਦਿਨ ਵੂਮੈਨ ਟੇਲਰ (ਸਿਲਾਈ) ਦੇ ਕੋਰਸ ਦੇ ਸਮਾਪਤੀ ਸਮਾਰੋਹ 'ਤੇ ਡਾਇਰੈਕਟਰ ਆਰਸੇਟੀ ਦਿਲੀਪ ਕੁਮਾਰ ਵੱਲੋਂ ਸਾਰੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।ਇਸ ਮੌਕੇ ਡਾਇਰੈਕਟਰ ਆਰਸੇਟੀ ਨੇ ਸਿੱਖਿਆਰਥੀਆਂ ਨੂੰ ਸਿਖਲਾਈ ਮੁਕੰਮਲ ਕਰਨ 'ਤੇ ਮੁਬਾਰਕਾਂ ਦਿੱਤੀਆਂ, ਬਹੁਤ ਸਾਰੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ। ਡਾਇਰੈਕਟਰ ਆਰਸੇਟੀ ਦਿਲੀਪ ਕੁਮਾਰ ਨੇ ਦੱਸਿਆਂ ਕਿ ਇਹ ਸੰਸਥਾ ਸਾਲ 2009 ਤੋਂ ਵੱਖ-ਵੱਖ ਤਰਾਂ ਦਾ ਕੋਰਸਾਂ ਦੀ ਟ੍ਰੇਨਿੰਗ ਦੇ ਰਹੀ ਹੈ, ਇੱਥੇ ਲਗਭਗ ਹਰੇਕ ਕੋਰਸ ਵਿੱਚ 35 ਸਿੱਖਿਆਰਥੀ ਹੁੰਦੇ ਹਨ ਤੇ ਸਾਰੇ ਕੋਰਸ ਦਾ ਸਮਾਂ 6 ਦਿਨਾਂ ਤੋਂ ਲੈ ਕੇ 45 ਦਿਨਾਂ ਤੱਕ ਦਾ ਹੁੰਦਾ ਹੈ।ਇਸ ਮੌਕੇ ਡਾਇਰੈਕਟਰ ਆਰਸੇਟੀ ਨੇ ਸਿੱਖਿਆਰਥੀਆਂ ਨੂੰ ਬੈਂਕ ਮੁਦਰਾ ਲੋਨ ਸਕੀਮਾਂ ਬਾਰੇ ਦੱਸਦੇ ਹੋਏ ਲੋਨ ਲੈ ਕੇ ਨਿਰਧਾਰਤ ਸਮੇਂ ਸਿਰ ਵਾਪਸ ਕਰਨ ਲਈ ਕਿਹਾ ਅਤੇ ਜਿਸ ਕੰਮ ਲਈ ਲੋਨ ਲਿਆ ਹੈ, ਉਸੇ ਕੰਮ ਨੂੰ ਸ਼ੁਰੂ ਕਰਨ ਜਾਂ ਵਧਾਉਣ ਲਈ ਕਿਹਾ।ਇਸ ਮੌਕੇ ਸਿੱਖਿਆਰਥੀਆਂ ਨੇ ਐੱਸ. ਬੀ. ਆਈ. ਆਰਸੇਟੀ ਦਾ ਦਿਲੋਂ ਧੰਨਵਾਦ ਕੀਤਾ, ਕਿਉਂਕਿ ਵੂਮੈਨ ਟੇਲਰ (ਸਿਲਾਈ) ਦੇ ਕੰਮ ਨੂੰ ਸਿੱਖਣ ਨਾਲ ਅਸੀਂ ਆਪਣੀ ਰੋਜ਼ਗਾਰ ਸ਼ੁਰੂ ਕਰ ਸਕਾਂਗੇ ਤੇ ਆਪਣੇ ਪਰਿਵਾਰ ਨੂੰ ਬਿਹਤਰ ਜ਼ਿੰਦਗੀ ਦੇ ਸਕਾਂਗੇ। ਇਸ ਮੌਕੇ ਬਾਲ ਕ੍ਰਿਸ਼ਨ (ਫੈਕਲਟੀ), ਅਮਨਦੀਪ ਠਾਕੁਰ (ਫੈਕਲਟੀ), ਦਰਸ਼ਨ ਕੌਰ (ਗੈਸਟ ਫੈਕਲਟੀ), ਮਦਨਜੀਤ ਸ਼ਰਮਾ (ਕਲਰਕ), ਹਰਦੀਪ ਸਿੰਘ, ਮੱਖਣ ਸਿੰਘ ਮੌਜੂਦ ਸਨ।

## ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਦਾ ਲੈਂਟਰ ਪਾਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿੱਚ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਲੈਂਟਰ ਪਾਇਆ ਗਿਆ।ਸੰਸਥਾ ਆਗੂਆਂ ਬਲਬੀਰ ਲੌਂਗੋਵਾਲ ਤੇ ਜੁਝਾਰ ਲੌਂਗੋਵਾਲ ਨੇ ਦੱਸਿਆ ਕਿ ਇਹ ਲਾਇਬ੍ਰੇਰੀ ਦੇਸ਼ ਭਗਤ ਯਾਦਗਾਰ ਦੀ ਸ਼ਾਖਾ, ਜੋ ਪਿਛਲੇ 25 ਸਾਲ ਤੋਂ ਆਮ ਲੋਕਾਂ, ਵਿਦਿਆਰਥੀਆਂ ਤੇ ਸਾਹਿਤਕ ਰੁਚੀ ਰੱਖਣ ਵਾਲਿਆਂ ਪਾਠਕਾਂ ਦੀ ਸੇਵਾ ਕਰਦੀ ਆ ਰਹੀ ਹੈ, ਨੂੰ ਹੋਰ ਆਧੁਨਿਕ ਤੇ ਸਾਹਿਤਕ ਤੌਰ 'ਤੇ ਅਮੀਰ ਬਣਾਇਆ ਜਾਵੇਗਾ, ਕਿਉਂਕਿ ਸੰਸਥਾ ਦਾ ਮੁੱਖ ਟੀਚਾ ਵਿਦਿਆਰਥੀਆਂ, ਨੌਜਵਾਨਾਂ ਤੇ ਅਵਾਮ ਨੂੰ ਉਸਾਰੂ ਕਿਤਾਬਾਂ ਅਤੇ ਸਾਹਿਤ ਰਾਹੀਂ ਸਾਡੇ ਸ਼ਾਨਾਮੱਤੀ ਇਤਿਹਾਸ ਤੇ ਲੋਕ ਨਾਇਕਾਂ ਦੇ ਰੂ-ਬ-ਰੂ ਕਰਨਾ ਹੈ।ਉਨ੍ਹਾਂ ਕਿਹਾ ਨਿੱਗਰ ਸਮਾਜ ਦੀ ਸਿਰਜਣਾ ਲਈ ਪਿੰਡ-ਪਿੰਡ ਲਾਈਬ੍ਰੇਰੀਆਂ ਦਾ ਹੋਣਾ ਜ਼ਰੂਰੀ ਹੈ, ਇਸ ਲਈ ਇਲਾਕੇ ਵਿੱਚ ਮੁਹਿੰਮ ਵਿੱਢੀ ਜਾਵੇਗੀ। ਇਸ ਮੌਕੇ ਗੁਰਮੇਲ ਸਿੰਘ ਤੇ ਚਰਨਾ ਸਿੰਘ ਦੀ ਅਗਵਾਈ ਵਿੱਚ ਸੈਂਕੜੇ ਬੂਟੇ ਵੀ ਲਾਏ ਗਏ।

# ਰੋਟਰੀ ਕਲੱਬ ਰੋਇਲ ਵੱਲੋਂ ਤਾਜਪੋਸ਼ੀ ਸਮਾਗਮ





**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਅਗਲੇ ਸਾਲ ਚੁਣੇ ਗਏ ਅਹੁਦੇਦਾਰਾਂ ਦਾ ਤਾਜਪੋਸ਼ੀ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਰੋਟਰੀ ਇੰਟਰਨੈਸ਼ਨਲ 3090 ਦੇ ਡਿਸਟ੍ਰਿਕਟ ਗਵਰਨਰ ਭੂਪੇਸ਼ ਮਹਿਤਾ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਮਨੋਜ ਬਾਂਸਲ, ਮੈਡਮ ਹਰਸ਼ ਗੇਰਾ ਨੇ ਹਿੱਸਾ ਲਿਆ। ਤਾਜਪੋਸ਼ੀ ਸਮਾਗਮ ਦੌਰਾਨ ਸੰਸਥਾ ਦੇ ਨਵੇਂ ਚੁਣੇ ਗਏ ਪ੍ਰਧਾਨ ਹਰਮੇਸ਼ ਸਿੰਗਲਾ, ਸੈਕਟਰੀ ਰਾਕੇਸ਼ ਗੋਇਲ, ਕੈਸ਼ੀਅਰ ਮਿੰਕਲ ਗਰਗ ਨੂੰ ਅਹੁਦਿਆਂ ਦੀ ਸੁੰਹ ਚੁਕਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗਾਣ ਨਾਲ ਕਰਨ ਉਪਰੰਤ ਮੁੱਖ ਮਹਿਮਾਨ ਡਿਸਟ੍ਰਿਕਟ ਗਵਰਨਰ ਭੂਪੇਸ਼ ਮਹਿਤਾ ਵੱਲੋਂ ਨਵ-ਨਿਯੁਕਤ ਪ੍ਰਧਾਨ ਹਰਮੇਸ਼ ਸਿੰਗਲਾ ਦੇ ਗਲ ਵਿੱਚ ਰੋਟਰੀ ਕਾਲਰ ਪਹਿਨਾਇਆ ਗਿਆ। ਇਸ ਦੇ ਨਾਲ ਹੀ ਕਲੱਬ ਵਿੱਚ ਨਵੇਂ ਮੈਂਬਰਾਂ ਨੂੰ ਰੋਟਰੀ ਪਿੰਨ ਲਗਾਈ ਗਈ।ਸਮਾਗਮ ਨੂੰ ਸੰਬੋਧਨ ਕਰਦਿਆਂ ਡਿਸਟ੍ਰਿਕਟ ਗਵਰਨਰ ਭੂਪੇਸ਼ ਮਹਿਤਾ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਰੋਟਰੀ ਦੀ ਸਮਾਜ ਸੇਵਾ ਦੇ ਕੰਮਾਂ ਵਿੱਚ ਆਪਣੀ ਵੱਖਰੀ ਪਹਿਚਾਣ ਹੈ। ਇਸ ਦੌਰਾਨ ਸਾਲ 2024-2025 ਦੌਰਾਨ ਪ੍ਰਧਾਨ ਰਹਿ ਚੁੱਕੇ ਕਪਿਲ ਕੌਸ਼ਲ ਮਲਿਕ ਨੇ ਆਪਣੇ ਕਾਰਜਕਾਲ ਦੌਰਾਨ ਕਲੱਬ ਵੱਲੋਂ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਵਿਸਥਾਰ ਸਾਹਿਤ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਸਮਾਗਮ ਵਿੱਚ ਹਾਜ਼ਰ ਸਾਰੇ ਵਿਅਕਤੀਆਂ ਨੇ ਤਾੜੀਆਂ ਲਗਾ ਕੇ ਪਾਸ ਕੀਤਾ। ਰੋਟੇਰੀਅਨ ਸਵ. ਗੁਰਸਿਮਰਨ ਸਿੰਘ ਹਰੀਕਾ ਦੇ ਸਪੁੱਤਰ ਨਿਮਰ ਅਮੋਲ ਸਿੰਘ ਨੂੰ ਡਿਸਟ੍ਰਿਕਟ ਇੰਟਰੈਕਟ ਰਿਪਰਸੈਂਟ 3090 ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਨਵ-ਨਿਯੁਕਤ ਪ੍ਰਧਾਨ ਹਰਮੇਸ਼ ਸਿੰਗਲਾ ਨੇ ਆਪਣੇ ਸੰਬੋਧਨ ਦੌਰਾਨ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਸੰਬੰਧੀ ਜਾਣਕਾਰੀ ਦਿੱਤੀ।ਇਸ ਸਮਾਗਮ ਵਿੱਚ ਰਾਕੇਸ਼ ਗਰਗ, ਨਰੈਣ ਗਰਗ, ਗੋਬਿੰਦ ਸਿੰਘ ਵਿਰਦੀ, ਹਰਮੇਸ਼ ਗਰਗ, ਰਾਕੇਸ਼ ਸਿੰਗਲਾ ਗੁਰੂਕੁਲ ਸਕੂਲ, ਹਰਮਨਦੀਪ ਕੌਰ ਹਰੀਕਾ, ਅਸ਼ੋਕ ਗਰਗ, ਕੂਨਾਲ ਗੋਇਲ, ਅਰੁਣ ਸਿੰਗਲਾ, ਭਾਰਤ ਭੂਸ਼ਣ ਸੋਨੂੰ, ਜੀਵਨ ਸਿੰਗਲਾ, ਸੰਦੀਪ ਗੁਪਤਾ, ਵਿਸ਼ਾਲ ਗੋਇਲ, ਸੁਨੀਲ ਮਿੱਤਲ, ਡਾਕਟਰ ਅਸ਼ੋਕ ਦੇਵ, ਡਾਕਟਰ ਮੋਹਨ ਲਾਲ ਸਿੰਗਲਾ, ਬ੍ਰਿਜ ਲਾਲ ਸਿੰਗਲਾ, ਰਾਕੇਸ਼ ਗੋਇਲ, ਹੈਪੀ ਸਿੰਗਲਾ, ਰਾਕੇਸ਼ ਸਿੰਗਲਾ ਸੋਨੀ, ਰਾਜਿੰਦਰ ਬੰਸਲ, ਡਾਕਟਰ ਅਮਨ ਸ਼ਰਮਾ ਤੇ ਅਮਿਤ ਗਰਗ ਆਦਿ ਮੈਂਬਰ ਹਾਜ਼ਰ ਸਨ ।

# ਅਲਾਇੰਸ ਇੰਟਰਨੈਸ਼ਨਲ ਸਕੂਲ 'ਚ ਨਿੱਕੇ ਬੱਚਿਆਂ ਦਾ ਡਾਂਸ ਮੁਕਾਬਲਾ



**ਜੈਤੋ (ਸਤੀਸ਼ ਕੁਮਾਰ ਭੀਰੀ)**
ਅਲਾਇੰਸ ਇੰਟਰਨੈਸ਼ਨਲ ਸਕੂਲ ਵਿੱਚ ਨਰਸਰੀ ਤੋਂ ਯੂਕੇਜੀ ਕਲਾਸ ਦੇ ਵਿਦਿਆਰਥੀਆਂ ਲਈ ਇੱਕ ਰੰਗਾਰੰਗ ਸੋਲੋ ਡਾਂਸ ਮੁਕਾਬਲਾ ਆਯੋਜਤ ਕੀਤਾ ਗਿਆ।ਪ੍ਰੋਗਰਾਮ ਵਿੱਚ ਛੋਟੇ ਬੱਚਿਆਂ ਨੇ ਪੂਰੇ ਉਤਸ਼ਾਹ ਤੇ ਆਤਮਵਿਸ਼ਵਾਸ ਨਾਲ ਸਟੇਜ 'ਤੇ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉੱਥੇ ਮੌਜੂਦ ਦਰਸ਼ਕਾਂ ਨੇ ਤਾੜੀਆਂ ਦੀ ਗੂੰਜ ਨਾਲ ਉਨ੍ਹਾਂ ਦਾ ਹੌਸਲਾ ਵਧਾਇਆ।ਗ੍ਰੇਡ ਨਰਸਰੀ ਪਹਿਲਾ ਸਥਾਨ ਤਵਿਸ਼ਾ, ਦੂਜਾ ਸਥਾਨ ਆਧਿਆ ਗ੍ਰੇਡ ਐਲਕੇਜੀ, ਪਹਿਲਾ ਸਥਾਨ ਭਾਰਵੀ, ਦੂਜਾ ਸਥਾਨ ਅਰਨਵ ਗ੍ਰੇਡ ਯੂਕੇਜੀ ਪਹਿਲਾ ਸਥਾਨ ਧੀਰਯ, ਦੂਜਾ ਸਥਾਨ ਮੰਤਾਜ, ਅਮਾਨਤ, ਰਿਦਮ।ਸਕੂਲ ਦੀ ਪ੍ਰਿੰਸੀਪਲ, ਮੈਡਮ ਗੁਰਸੇਵਕ ਕੌਰ ਮਾਨ ਨੇ ਸਾਰੇ ਭਾਗੀਦਾਰਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਵਿੱਚ ਆਤਮਵਿਸ਼ਵਾਸ, ਸਟੇਜ ਹੁਨਰ ਤੇ ਰਚਨਾਤਮਕਤਾ ਨੂੰ ਉਤਸ਼ਾਹਤ ਕਰਦੀਆਂ ਹਨ।ਜੇਤੂਆਂ ਨੂੰ ਸਨਮਾਨਤ ਕੀਤਾ ਗਿਆ ਤੇ ਭਾਗ ਲੈਣ ਵਾਲੇ ਬੱਚਿਆਂ ਦੇ ਯਤਨਾਂ ਦੀ ਪ੍ਰਸੰਸਾ ਕੀਤੀ ਗਈ।

## ਰੂਪ ਵਾਟੀਕਾ ਸਕੂਲ ਦੀ ਖੋ-ਖੋ ਟੀਮ ਦਾ ਸ਼ਾਨਦਾਰ ਪ੍ਰਦਰਸ਼ਨ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟੀਕਾ ਸਕੂਲ ਜਗਰਾਉਂ ਦੀ ਅੰਡਰ 17 ਖੋ-ਖੋ ਟੀਮ ਨੇ ਜ਼ੋਨਲ ਟੂਰਨਾਮੈਂਟ, ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆਂ ਦੁਆਰਾ ਕਰਾਇਆ ਗਿਆ, ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਟੀਮ ਵਿੱਚ ਅਰਸ਼ਦੀਪ ਸਿੰਘ, ਰਿਹਾਨ, ਲਕਸ਼ੇ ਚੋਪੜਾ, ਆਰਿਅਨ ਟੰਡਨ, ਨਵਦੀਪ ਕੁਮਾਰ, ਓਮ ਪ੍ਰਕਾਸ਼, ਰੋਮਿਲ ਮੌਰਿਆ, ਯਸ਼ ਕੁਮਾਰ, ਦਿਲਪ੍ਰੀਤ ਸਿੰਘ, ਵਿੱਕੀ ਕੁਮਾਰ, ਰਾਜਵੀਰ, ਅੰਮ੍ਰਿਤ ਪਾਲ ਸਿੰਘ ਨੇ ਭਾਗ ਲਿਆ। ਸਾਰੇ ਹੀ ਖਿਡਾਰੀਆਂ ਨੇ ਬੜੇ ਹੀ ਜੋਸ਼ ਨਾਲ ਮੈਚ ਖੇਡਿਆ। ਇਸੇ ਲੜੀ ਨੂੰ ਅੱਗੇ ਵਧਾਉਂਦੇ ਹੋਇਆਂ ਕੁੜੀਆਂ ਦੀ ਅੰਡਰ 14 ਖੋ-ਖੋ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਟੀਮ ਵਿੱਚ ਗੁਰਨੀਤ ਕੌਰ, ਏਕਮਜੋਤ ਕੌਰ ਵਿਰਕ, ਰੂਹਾਨੀ, ਵੈਸ਼ਨਵੀ ਯਾਦਵ, ਦ੍ਰਿਸ਼ਟੀ, ਜਸ਼ਨਪ੍ਰੀਤ ਕੌਰ, ਜੈਸੀਕਾ ਸਿੰਘ, ਤਨੀਸ਼ਾ, ਨੂਰ, ਮੁਸਕਾਨ, ਏਕਮੂਰ ਕੌਰ ਤੇ ਗੀਤਿਕਾ ਸ਼ਾਮਲ ਸਨ। ਦੋਨਾਂ ਟੀਮਾਂ ਨੂੰ ਸਕੂਲ ਦੇ ਮੁੱਖ ਅਧਿਆਪਕਾ ਸ਼੍ਰੀਮਤੀ ਵਿਮੀ ਠਾਕੁਰ ਨੇ ਸਾਰੀ ਟੀਮ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸੇਫ ਵਾਹਨ ਪਾਲਸੀ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ, 97 ਬੱਸਾਂ ਦੇ ਕੀਤੇ ਚਲਾਨ

## ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਖਿਲਾਫ ਹੋਵੇਗੀ ਸਖਤ ਕਾਰਵਾਈ : ਰਿਚਾ ਗੋਇਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ ਡੀ ਐੱਮ ਸਮਾਣਾ ਮੈਡਮ ਰਿਚਾ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਣਾ ਸਬ ਡਵੀਜ਼ਨ ਪੱਧਰ 'ਤੇ ਉਨ੍ਹਾਂ ਦੀ ਦੇਖ ਰੇਖ ਹੇਠ 'ਸੇਫ ਵਾਹਨ ਪਾਲਸੀ' ਤਹਿਤ ਇਕ ਕਮੇਟੀ ਦਾ ਗਠਨ ਕੀਤਾ ਹੋਇਆ ਹੈ, ਜਿਸ ਵਿੱਚ ਆਰ ਟੀ ਓ ਦਫਤਰ ਦਾ ਇੱਕ ਕਰਮਚਾਰੀ, ਚਾਇਲਡ ਪਰਟੈਕਸ਼ਨ ਅਫਸਰ, ਤਹਿਸੀਲਦਾਰ, ਟ੍ਰੈਫਿਕ ਪੁਲਸ ਤੇ ਪੁਲਸ ਵਿਭਾਗ ਦੇ ਕਰਮਚਾਰੀ ਸ਼ਾਮਲ ਹਨ।ਉਨ੍ਹਾਂ ਦੀ ਦੇਖ-ਰੇਖ ਹੇਠ ਸਕੂਲਾਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ ਉਪਰੰਤ 7 ਜੁਲਾਈ ਤੋਂ ਸਕੂਲ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਹੋਈ ਹੈ, ਜਿਨ੍ਹਾਂ ਸਕੂਲੀ ਵਾਹਨਾਂ ਵਿੱਚ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਦੇ ਚਲਾਨ ਕੀਤੇ ਗਏ ਹਨ।ਸਕੂਲ ਵਾਹਨ ਮਾਲਕਾਂ ਤੇ ਡਰਾਈਵਰਾਂ ਨੂੰ ਸਖਤ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਡਰਾਈਵਰਾਂ ਕੋਲ ਡਰਾਈਵਿੰਗ ਲਾਇਸੰਸ ਜ਼ਰੂਰੀ ਹੋਣ ਤੇ ਹਰੇਕ ਵਾਹਨ ਦੇ ਕਾਗਜ਼ਾਤ ਪੂਰੇ ਹੋਣ।ਮੈਡਮ ਗੋਇਲ ਨੇ ਦੱਸਿਆ ਕਿ ਪਿਛਲੇ ਦਿਨੀ 12 ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਨਾਂ ਵਿੱਚੋਂ 97 ਬੱਸਾਂ ਚੈੱਕ ਕੀਤੀਆਂ ਗਈਆਂ ਤੇ ਕਮੀਆਂ ਪਾਏ ਜਾਣ 'ਤੇ ਉਨ੍ਹਾਂ ਦੇ 2 ਲੱਖ ਰੁਪਏ ਦੇ ਚਲਾਨ ਕੀਤੇ।ਜਿਨ੍ਹਾਂ ਵਾਹਨਾਂ ਦੀਆਂ ਕਮੀਆਂ ਕਰਕੇ ਚਲਾਣ ਕੀਤੇ ਗਏ ਹਨ, ਜੇਕਰ ਉਨ੍ਹਾਂ ਵਾਹਨਾਂ ਦੇ ਮਾਲਕਾਂ ਨੇ ਵਾਹਨਾਂ ਦੀਆਂ ਕਮੀਆਂ ਦੂਰ ਨਾ ਕੀਤੀਆਂ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸੇਫ ਵਾਹਨ ਪਾਲਸੀ ਤਹਿਤ ਗੱਡੀਆਂ ਦੇ ਕਾਗਜ਼ ਪੂਰੇ ਹੋਣੇ ਚਾਹੀਦੇ ਹਨ ਤੇ ਡਰਾਈਵਰ ਕੋਲ ਡਰਾਈਵਿੰਗ ਲਾਇਸੰਸ ਜ਼ਰੂਰੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਸਕੂਲ ਬੈਗ ਬੱਚੇ ਦੇ ਐਵਰੇਜ ਵੇਟ ਤੇ ਬੱਚੇ ਦੇ ਸਕੂਲ ਦੇ ਬੈਗ ਦਾ ਐਵਰੇਜ ਵੇਟ ਵੀ ਚੈੱਕ ਹੋਇਆ ਕਰੇਗਾ।ਬੱਚੇ ਨੂੰ ਵੱਧ ਵੇਟ ਦਾ ਬੈਗ ਚਕਾਉਣਾ ਵੀ ਜੁਰਮ ਮੰਨਿਆ ਜਾਵੇਗਾ ਤੇ ਸਕੂਲ ਖਿਲਾਫ ਕਾਰਵਾਈ ਕੀਤੀ ਜਾਵੇਗੀ।ਸਕੂਲੀ ਵਾਹਨ ਮਾਲਕ ਤੇ ਪ੍ਰਾਈਵੇਟ ਵਾਹਨ ਮਾਲਕ ਬੱਚਿਆਂ ਦੇ ਵਾਹਨਾਂ ਵੱਲ ਵਿਸ਼ੇਸ਼ ਧਿਆਨ ਦੇਣ ਤਾਂ ਜੋ ਕੋਈ ਅਣਸਖਾਵੀਂ ਘਟਨਾ ਨਾ ਵਾਪਰੇ।

# ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਤੀਆਂ ਦਾ ਮੇਲਾ ਯਾਦਗਾਰੀ ਹੋ ਨਿੱਬੜਿਆ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸਾਉਣ ਮਹੀਨੇ ਦਾ ਖਾਸ ਤਿਉਹਾਰ ਤੀਆਂ ਤੀਜ ਦੀਆਂ ਸੱਭਿਆਚਾਰਕ ਰੰਗ ਨੂੰ ਛੋਹਦਾ ਹੋਇਆ ਯਾਦਗਾਰ ਹੋ ਨਿੱਬੜਿਆ।ਇਸ ਪ੍ਰੋਗਰਾਮ ਵਿੱਚ ਹਾਊਸ ਗਤੀਵਿਧੀਆਂ ਵਿੱਚ ਥਾਲੀ ਸਜਾਵਟ, ਗੀਤ, ਗਿੱਧਾ ਭੰਗੜਾ, ਵਿਦਿਆਰਥਣਾਂ ਵਿਚਲੀ ਪ੍ਰਤਿਭਾ ਵਿਸ਼ੇਸ਼ ਰਿਹਾ, ਜਿਸ ਦੇ ਨਤੀਜਿਆਂ ਵਿੱਚ ਥਾਲੀ ਗਾਮਾ ਹਾਊਸ ਪਹਿਲੇ, ਗੀਤ 'ਚ ਅਲਫਾ ਤੇ ਬੀਟਾ ਹਾਊਸ ਪਹਿਲੇ ਅਤੇ ਓਵਰ ਆਲ 'ਚ ਗਾਮਾ ਹਾਊਸ ਮੋਹਰੀ ਰਿਹਾ।ਸਟੇਜ ਗਤੀਵਿਧੀਆਂ ਵਿੱਚ ਜੂਨੀਅਰ ਵਿੰਗ ਸੋਹਣੀ ਮੁਟਿਆਰ ਤੇ ਮਿਸ ਤੀਜ ਦਾ ਖਿਤਾਬ ਪ੍ਰਭਗੁਣ ਕੌਰ ਨੂੰ ਦਿੱਤਾ ਗਿਆ ਤੇ ਨਾਲ ਹੀ ਤੋਰ ਪੰਜਾਬਣ ਦੀ ਸਵਰੀਨ ਕੌਰ ਦਿਲਕਸ਼ ਪਹਿਰਾਵਾ ਅਗਮ ਤੇ ਗਿੱਧਿਆਂ ਦੀ ਰਾਣੀ ਪਵੀਤ ਕੌਰ ਰਹੀ।ਇਸ ਦੇ ਨਾਲ ਸੀਨੀਅਰ ਵਿੰਗ ਵਿੱਚ ਤੋਰ ਪੰਜਾਬਣ ਦੀ ਮਨਦੀਪ ਕੌਰ ਤੇ ਨਵਪ੍ਰੀਤ ਕੌਰ, ਦਿਲਕਸ਼ ਪਹਿਰਾਵਾ ਚੰਚਲ ਸਿੰਗਲਾ, ਮਿਸ ਟੈਲੈਂਟਡ ਗੁਰਕਮਲ ਕੌਰ, ਗਿੱਧਿਆਂ ਦੀ ਰਾਣੀ ਹਰਲੀਨ ਕੌਰ ਸੋਹਣੀ ਮੁਟਿਆਰ ਤੇ ਮਿਸ ਤੀਜ ਅਰਸ਼ਪ੍ਰੀਤ ਕੌਰ ਰਹੀ।ਸਟੇਜ ਗਤੀਵਿਧੀਆਂ ਵਿੱਚ ਸਮਰੀਨ ਕੌਰ ਤੇ ਪਵੀਤ ਕੌਰ ਨੂੰ ਵਿਸ਼ੇਸ਼ ਖਿਤਾਬ ਦਿੱਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਿੰਸੀਪਲ ਡਾ. ਤ੍ਰਿਪਤਾ ਮਾਲਵਾ ਸੈਂਟਰ ਕਾਲਜ ਆਫ ਐਜੂਕੇਸ਼ਨ ਨੇ ਇਸ ਪ੍ਰੋਗਰਾਮ ਦੀ ਤਾਰੀਫ ਕਰਦਿਆਂ ਕਿਹਾ ਕਿ ਸੱਭਿਆਚਾਰ ਦੀ ਝਲਕ ਨੇ ਪੰਜਾਬ ਦੇ ਜਿਉਂਦੇ ਭਵਿੱਖ ਨੂੰ ਰੂਬਰੂ ਕਰਵਾਇਆ। ਸਾਡਾ ਵਿਰਸਾ ਹੀ ਸਾਡੀਆਂ ਜੜ੍ਹਾਂ ਹਨ, ਜਿਨ੍ਹਾਂ ਨੂੰ ਨੈਤਿਕਤਾ ਨਾਲ ਬੰਨ੍ਹ ਕੇ ਅਸੀਂ ਵਿਰਾਸਤ ਨੂੰ ਸੰਭਾਲ ਕੇ ਰੱਖ ਸਕਦੇ ਹਾਂ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਤੇ ਤੀਆਂ ਦੀ ਮਹੱਤਤਾ ਦੱਸਦੇ ਕਿਹਾ ਕਿ ਅਧਿਆਪਕਾਂ ਦੀ ਥੋੜ੍ਹੇ ਸਮੇਂ ਦੀ ਇਸ ਮਿਹਨਤ ਦੀ ਗੂੰਜ ਦੂਰ ਤੱਕ ਪਈ ਹੈ।ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਸ੍. ਰਛਪਾਲ ਸਿੰਘ ਤੇ ਸ੍. ਗੁਰਜਿੰਦਰ ਸਿੰਘ ਨੇ ਵੀ ਇਸ ਪ੍ਰੋਗਰਾਮ ਲਈ ਬੱਚੀਆਂ ਨੂੰ ਵਧਾਈ ਦਿੱਤੀ।ਮਿ. ਨਵਜੀਤ ਸਿੰਘ ਤੇ ਮਿ. ਲੱਕੀ ਨੇ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਨਿਭਾਈ।

## ਸੈਂਟੀਨਲ ਸਕੂਲ ਨੇ ਤੀਜ ਦਾ ਤਿਉਹਾਰ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਨੇ ਮਿਲ ਕੇ ਤੀਜ ਦਾ ਤਿਉਹਾਰ ਮਨਾਇਆ।ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਦੱਸਿਆ ਕਿ ਸਕੂਲ ਦੀਆਂ ਵਿਦਿਆਰਥਣਾਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ, ਜਿਸ ਵਿੱਚ ਉਨ੍ਹਾਂ ਨੇ ਗਿੱਧਾ, ਬੋਲੀਆਂ, ਰੈਂਪ ਵਾਕ, ਪ੍ਰਸ਼ਨ ਉੱਤਰ ਆਦਿ ਅਲੱਗ-ਅਲੱਗ ਰਾਊਡ ਪਾਸ ਕੀਤੇ, ਜਿਸ ਵਿੱਚ ਵਿਦਿਆਰਥਣਾਂ ਦੀ ਕਲਾ ਹੋਰ ਵੀ ਨਿਖਰ ਕੇ ਸਾਹਮਣੇ ਆਈ।ਇਨ੍ਹਾਂ ਵਿਦਿਆਰਥਣਾਂ ਵਿੱਚੋਂ ਵੱਖ-ਵੱਖ ਕੈਟਾਗਰੀਆਂ 'ਤੇ ਖਿਤਾਬ ਹਾਸਲ ਕੀਤਾ, ਜਿਸ ਵਿੱਚ ਵਧੀਆ ਨੇਲ ਪਾਲਸ਼ ਟੇਕਰੂਪ ਕੌਰ, ਵਧੀਆ ਮਹਿੰਦੀ ਬਵਨੀਤ ਕੌਰ, ਵਧੀਆ ਮੇਕਅੱਪ ਹਰਗੁਣ ਕੌਰ, ਵਧੀਆ ਪਹਿਰਾਵਾ ਬਰਲੀਨ ਕੌਰ, ਵਧੀਆ ਝਾਂਜਰ ਗੁਰਸੀਰਤ ਕੌਰ, ਵਧੀਆ ਡੋਰੀ ਦਾ ਸਟਾਇਲ ਰਸ਼ਨਪ੍ਰੀਤ ਕੌਰ, ਵਧੀਆ ਗਿੱਧਾ ਹਰੀਦੀ ਬਾਤਿਸ਼, ਵਧੀਆ ਡਾਂਸ ਗੌਰਵੀ, ਵਧੀਆ ਜੁੱਤੀ ਸੱਚਕੀਰਤ ਕੌਰ ਤੇ ਦੂਜੀ ਰਨਰਅੱਪ ਮਨਸੀਰਤ ਕੌਰ, ਪਹਿਲੀ ਰਨਰਅੱਪ ਤਸਕੀਰਤ ਕੌਰ ਅਤੇ ਮਿਸ ਤੀਜ਼ ਦਾ ਖਿਤਾਬ ਮਹਿਕਪ੍ਰੀਤ ਕੌਰ ਨੇ ਜਿੱਤਿਆ। ਇਸ ਮੌਕੇ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਤੇ ਮੈਨੇਜਮੈਂਟ ਵੱਲੋਂ ਮੈਡਮ ਅੰਮ੍ਰਿਤਪਾਲ ਕੌਰ ਪਹੁੰਚੇ 'ਤੇ ਜੇਤੂ ਵਿਦਿਆਰਥਣਾਂ ਨੂੰ ਮੌਕੇ 'ਤੇ ਇਨਾਮਾਂ ਦੀ ਵੰਡ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਸ਼ਾਮਲ ਸੀ।

## ਮਾਊਂਟ ਲਿਟਰਾ ਜ਼ੀ 'ਚ ਯੋਗਾ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਵਿਖੇ 26 ਜੁਲਾਈ ਨੂੰ ਜ਼ੋਨ ਪੱਧਰ 'ਤੇ ਯੋਗਾ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲ ਰਾਮਪੁਰਾ ਦੇ ਅੰਡਰ-14 ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਚਾਂਦੀ ਦਾ ਤਮਗਾ ਜਿੱਤਿਆ।ਵਿਦਿਆਰਥੀਆਂ ਦੀ ਇਸ ਸਫਲਤਾ ਨੇ ਸਕੂਲ ਦਾ ਨਾਮ ਰੌਸ਼ਨ ਕੀਤਾ ਤੇ ਸਾਰਿਆਂ ਨੂੰ ਮਾਣ ਮਹਿਸੂਸ ਕਰਵਾਇਆ।ਇਸ ਮੌਕੇ ਸਕੂਲ ਦੇ ਪ੍ਰਧਾਨ ਸ਼੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਜੇਤੂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਸਕੂਲ ਨੇ ਹਮੇਸ਼ਾ ਵਿਦਿਆਰਥੀਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਨੂੰ ਪਹਿਲ ਦਿੱਤੀ ਹੈ ਅਤੇ ਭਵਿੱਖ ਵਿੱਚ ਵੀ ਇਸੇ ਭਾਵਨਾ ਨਾਲ ਵਿਦਿਆਰਥੀਆਂ ਨੂੰ ਅਜਿਹੇ ਪਲੇਟਫਾਰਮਾਂ ਲਈ ਪ੍ਰੇਰਿਤ ਕਰਦਾ ਰਹੇਗਾ।



# ਡੀ ਏ ਵੀ ਪਬਲਿਕ ਸਕੂਲ ਕਕਰਾਲਾ 'ਚ ਮਨਾਇਆ ਤੀਜ ਦਾ ਤਿਉਹਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ ਏ ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਵਿੱਚ ਤੀਜ ਦਾ ਤਿਉਹਾਰ ਮਨਾਇਆ, ਜਿਸ 'ਚ ਇੱਕ ਰੰਗਾਰੰਗ ਇੰਟਰ ਹਾਊਸ ਗਿੱਧਾ ਮੁਕਾਬਲੇ ਦਾ ਆਯੋਜਨ ਕੀਤਾ ਗਿਆ।ਇਸ ਸਮਾਰੋਹ ਦੀ ਪ੍ਰੇਰਨਾ ਤੇ ਮਾਰਗਦਰਸ਼ਨ ਸਕੂਲ ਦੇ ਪ੍ਰਿੰਸੀਪਲ ਸ੍ਰੀ ਵਰੁਣ ਸ਼ਰਮਾ ਦੇ ਨੇਤ੍ਰਤਵ ਹੇਠ ਮਿਲਿਆ।ਉਨ੍ਹਾਂ ਮੁਕਾਬਲੇ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਕਾਰਜਕ੍ਰਮ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਬਹੁਤ ਲਾਭਕਾਰੀ ਹੁੰਦੇ ਹਨ।ਇਹ ਬੱਚਿਆਂ ਦੀਆਂ ਲੁੱਕੀਆਂ ਹੋਈਆਂ ਪ੍ਰਤਿਭਾਵਾਂ ਨੂੰ ਸਾਹਮਣੇ ਲਿਆਉਂਦੇ ਹਨ ਤੇ ਉਨ੍ਹਾਂ ਨੂੰ ਭਾਰਤੀ ਸੱਭਿਆਚਾਰ ਨਾਲ ਜੋੜਦੇ ਹਨ।ਇਸ ਰੰਗਾਰੰਗ ਸਮਾਰੋਹ ਵਿੱਚ ਸਕੂਲ ਦੇ ਚਾਰ ਹਾਊਸ ਸਰਦਾਰ ਭਗਤ ਸਿੰਘ ਹਾਊਸ, ਮਹਾਰਿਸ਼ੀ ਦਯਾਨੰਦ ਹਾਊਸ, ਮਹਾਤਮਾ ਹੰਸ ਰਾਜ ਹਾਊਸ, ਸਵਾਮੀ ਵਿਵੇਕਾਨੰਦ ਹਾਊਸ ਦੇ ਵਿਦਿਆਰਥੀਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ।ਮੁਕਾਬਲੇ ਨੂੰ ਦੋ ਸਮੂਹਾਂ ਵਿੱਚ ਵੰਡਿਆ ਗਿਆ : ਸਮੂਹ 1-ਤੀਜੀ ਤੋਂ ਛੇਵੀਂ ਕਲਾਸ ਤੱਕ ਦੀਆਂ ਚਾਰੋਂ ਹਾਊਸ ਦੀਆਂ ਵਿਦਿਆਰਥਣਾਂ ਨੇ ਪੰਜਾਬ ਦੇ ਪ੍ਰੰਪਰਿਕ ਲੋਕ ਨ੍ਰਿੱਤ ਗਿੱਧਾ ਦੀਆਂ ਸੁੰਦਰ ਪ੍ਰਸਤੁਤੀਆਂ ਦਿੱਤੀਆਂ।ਇਸ ਸਮੂਹ ਵਿੱਚ ਮਹਾਰਿਸ਼ੀ ਦਯਾਨੰਦ ਹਾਊਸ ਨੇ ਪਹਿਲਾ ਸਥਾਨ ਹਾਸਲ ਕੀਤਾ।ਸਮੂਹ 2-ਸੱਤਵੀਂ ਤੋਂ ਬਾਰ੍ਹਵੀਂ ਕਲਾਸ ਤੱਕ ਦੀਆਂ ਵਿਦਿਆਰਥਣਾਂ ਨੇ ਗਿੱਧੇ ਰਾਹੀਂ ਤੀਜ ਦੀ ਪ੍ਰੰਪਰਿਕ ਝਲਕ ਪੇਸ਼ ਕੀਤੀ।ਇਸ ਸਮੂਹ ਵਿੱਚ ਮਹਾਤਮਾ ਹੰਸ ਰਾਜ ਹਾਊਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਦੇ ਇਲਾਵਾ ਰੰਗਾਰੰਗ ਸਮਾਰੋਹ ਵਿੱਚ ਪਹਿਲੀ ਤੇ ਦੂਜੀ ਕਲਾਸ ਦੇ ਬੱਚਿਆਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ।ਇਸ ਸਮਾਰੋਹ ਦੀ ਸਫਲਤਾ 'ਚ ਸਾਰੇ ਹਾਊਸ ਇੰਚਾਰਜ ਤੇ ਹੋਰ ਸਟਾਫ ਦਾ ਮਹੱਤਵਪੂਰਨ ਯੋਗਦਾਨ ਰਿਹਾ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੱਢੀ ਜਾਗਰੂਕਤਾ ਰੈਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਸ਼ੁਰੂ ਕੀਤੇ ਪ੍ਰੋਗਰਾਮ ਤਹਿਤ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ ਦੇ ਵਿਦਿਆਰਥੀਆਂ, ਸਟਾਫ ਮੈਂਬਰਾਂ ਵੱਲੋਂ ਮੁੱਖ ਅਧਿਆਪਕ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਜਾਗਰੂਕਤਾ ਰੈਲੀ ਦਾ ਅਯੋਜਨ ਕੀਤਾ ਗਿਆ।ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਪਿੰਡ 'ਚ ਨਸ਼ਿਆਂ ਵਿਰੁੱਧ ਜਾਗਰੂਕ ਕਰਦੇ ਨਾਅਰੇ ਲਾਉਂਦੇ ਹੋਏ ਨਸ਼ਿਆਂ ਦੇ ਕੋਹੜ ਨੂੰ ਵੱਢਣ ਲਈ ਹੋਕਾ ਦਿੱਤਾ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਜਸਵਿੰਦਰ ਸਿੰਘ ਮੁੱਖ ਅਧਿਆਪਕ, ਕੁਲਦੀਪ ਸਿੰਘ ਪੰਜਾਬੀ ਮਾਸਟਰ ਨੇ ਪੰਜਾਬ ਸਰਕਾਰ ਦੁਆਰਾ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਪ੍ਰੇਰਿਤ ਕੀਤਾ।

## ਦੇਵ ਮਾਨ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਾਲ ਕੀਤੀ ਵਿਸ਼ੇਸ਼ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਜਗਦੀਪ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਦੇਵ ਮਾਨ ਨੇ ਕਿਹਾ ਕਿ ਡਾ. ਜਗਦੀਪ ਸਿੰਘ ਨਾਲ ਗੱਲ ਬਾਤ ਕਰਕੇ ਖੁਸ਼ੀ ਹੋਈ ਹੈ।ਡਾ. ਸਾਹਿਬ ਇੰਨੀ ਵੱਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਸੇਵਾ ਨਿਭਾਅ ਰਹੇ ਹਨ, ਉਥੇ ਹੀ ਉਹ ਬਹੁਤ ਹੀ ਚੰਗੇ ਸੁਭਾਅ ਵਾਲੇ ਅਤੇ ਨੇਕ ਦਿਲ ਇਨਸਾਨ ਹਨ।ਉਨ੍ਹਾਂ ਕਿਹਾ ਕਿ ਕਈ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ ਹੈ, ਜਿਸ ਵਿੱਚ ਯੂਨੀਵਰਸਿਟੀ ਨਾਲ ਸਬੰਧਤ ਕਈ ਮਹੱਤਵਪੂਰਨ ਮਾਮਲਿਆਂ 'ਤੇ ਵੀ ਚਰਚਾ ਕੀਤੀ ਗਈ।ਉਨ੍ਹਾਂ ਨਾਲ ਪ੍ਰੋ. ਪਰਮਜੀਤ ਕੌਰ ਪੰਮੀ ਵੀ ਮੌਜੂਦ ਸਨ।ਇਸ ਮੌਕੇ ਡਾ. ਜਗਦੀਪ ਸਿੰਘ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ।

## ਗਿੱਲ ਬੇਰਕਲਾਂ ਪੀੜਤ ਪਰਵਾਰ ਨੂੰ ਲੈ ਕੇ ਡੀ ਐੱਸ ਪੀ ਪਾਇਲ ਨੂੰ ਮਿਲੇ





**ਦੋਰਾਹਾ (ਹਰਮਿੰਦਰ ਸੇਠ)**-ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਪਿੰਡ ਰਾਮਗੜ੍ਹ ਸਰਦਾਰਾ ਵਿੱਚ ਵਾਪਰੀ ਖੂਨੀ ਝੜਪ ਨੂੰ ਲੈ ਕੇ ਪੀੜਤ ਪਰਵਾਰ ਤੇ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਡੀ ਐੱਸ ਪੀ ਪਾਇਲ ਹਿਤੇਸ਼ ਮਲਹੋਤਰਾ ਨੂੰ ਮਿਲੇ ਤੇ ਉਨ੍ਹਾ ਲਿਖਤੀ ਦਰਖਾਸਤ ਦੇ ਕੇ ਇਨਸਾਫ ਦੀ ਮੰਗ ਕੀਤੀ। ਉਹਨਾ ਕਿਹਾ ਕਿ ਉਹ 3 ਮੈਂਬਰੀ ਕਮੇਟੀ ਤੇ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਪਹਿਲਾਂ ਮਲੋਦ ਦੇ ਐੱਸ ਐੱਚ ਓ ਨੂੰ ਮਿਲ ਚੁੱਕੇ ਹਨ, ਜਿਨ੍ਹਾਂ ਨੇ ਹਮਲਾ ਕਰਨ ਤੇ ਕਰਾਉਣ ਵਾਲਿਆਂ 'ਤੇ ਕਾਰਵਾਈ ਕਰਨ ਦਾ ਭਰੋਸਾ ਤਾਂ ਦਿੱਤਾ ਸੀ, ਪਰ ਬਾਅਦ ਵਿੱਚ ਸਿਆਸੀ ਦਬਾਅ ਹੇਠ ਆ ਕੇ ਪੀੜਤ ਪਰਵਾਰ ਦੇ ਘਰ ਰੇਟ ਕਰਕੇ ਉਨ੍ਹਾ ਦੇ ਹੀ ਵਿਅਕਤੀ ਚੁੱਕ ਲਏ। ਉਨ੍ਹਾ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਧੱਕੇਸ਼ਾਹੀ ਬੰਦ ਨਾ ਕੀਤੀ ਤਾਂ ਕਾਂਗਰਸ ਪਾਰਟੀ ਹਾਈਕਮਾਨ ਨਾਲ ਸਲਾਹ ਮਸ਼ਵਰਾ ਕਰਕੇ ਧਰਨਾ ਦੇਵੇਗੀ, ਜਿਸ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਤੇ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਵੀ ਸ਼ਿਰਕਤ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ, ਜਗਰੂਪ ਸਿੰਘ ਫੌਜੀ, ਗੱਜਣ ਸਿੰਘ ਸਾਬਕਾ ਸਰਪੰਚ, ਅਵਤਾਰ ਸਿੰਘ ਤਾਰੀ, ਸਮਸ਼ੇਰ ਸਿੰਘ ਕੋਟਲੀ, ਰਾਜਵੀਰ ਸਿੰਘ, ਬੂਟਾ ਸਿੰਘ ਪੰਚ, ਭੂਰ ਸਿੰਘ, ਮੁਖਤਿਆਰ ਸਿੰਘ, ਮੰਗਾ ਸਿੰਘ ਕਾਮਰੇਡ, ਬਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।


# ਆਦਰਸ਼ ਸਕੂਲ 'ਚ ਤਰਕਸ਼ੀਲ ਪ੍ਰੋਗਰਾਮ, ਵਿਗਿਆਨਕ ਚੇਤਨਾ ਦਾ ਦੀਪ ਜਗਾਉਣ ਦਾ ਸੱਦਾ



**ਸੰਗਰੂਰ (ਪ੍ਰਵੀਨ ਸਿੰਘ)**
ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਗੁਰਜੰਟ ਸਿੰਘ, ਗੁਰਦੀਪ ਸਿੰਘ ਲਹਿਰਾ, ਮਨਧੀਰ ਸਿੰਘ ਤੇ ਦਵਿੰਦਰ ਕੌਰ ਆਧਾਰਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸਿਖਿਆਦਾਇਕ, ਤਰਕਸ਼ੀਲ ਪ੍ਰੋਗਰਾਮ ਦਿੱਤਾ।ਸ਼ੁਭ ਲਤਾ ਮੈਡਮ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਤਰਕਸ਼ੀਲ ਆਗੂਆਂ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲੱਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੌਸ਼ਨੀ 'ਚ ਆਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ, ਲਗਾਤਾਰਤਾ ਦੇ ਨਾਲ ਕੀ, ਕਿਉਂ, ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸੱਚਾਈ ਦੀ ਤਹਿ ਤੱਕ ਜਾਣ ਲਈ ਜ਼ਰੂਰੀ ਹੁੰਦੇ ਹਨ, ਅਪਨਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ।ਉਨ੍ਹਾਂ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਪ੍ਰੀਖਿਆ ਸਾਰੇ ਪੰਜਾਬ ਵਿੱਚ 29 ਤੇ 31 ਅਗਸਤ ਨੂੰ ਹੋਵੇਗੀ ਤੇ ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤਕ ਦੇ ਵਿਦਿਆਰਥੀ ਸ਼ਾਮਲ ਹੋਣਗੇ।ਸੂਬਾ, ਜ਼ੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ।ਹਰ ਕਲਾਸ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀ ਸੂਬਾ ਪੱਧਰੀ ਮੈਰਿਟ ਵਿੱਚ ਹੋਣਗੇ ਤੇ ਉਨ੍ਹਾਂ ਨੂੰ 1500/- ਰੁਪਏ ਨਕਦ ਇਨਾਮ, ਵਿਗਿਆਨਕ ਵਿਚਾਰਾਂ ਦੀ ਪੁਸਤਕਾਂ, ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਨਾਲ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਕੇ ਸਨਮਾਨਤ ਕੀਤਾ ਜਾਵੇਗਾ। ਇਸੇ ਤਰ੍ਹਾਂ ਜ਼ੋਨ ਤੇ ਇਕਾਈ ਪੱਧਰੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਧੀਆ ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਸਮੇਂ ਤਰਕਸ਼ੀਲਾਂ ਵੱਲੋਂ ਵਿਦਿਆਰਥੀਆਂ ਨੂੰ ਪ੍ਰੀਖਿਆ ਸਿਲੇਬਸ ਪੁਸਤਕਾਂ ਵੰਡੀਆਂ ਗਈਆਂ।ਆਗੂਆਂ ਦੱਸਿਆ ਕਿ ਐਂਟਰੀ ਫਾਰਮ ਪ੍ਰਾਪਤ ਕਰਨ ਦੀ ਅੰਤਮ ਮਿਤੀ 31 ਜੁਲਾਈ ਹੈ। ਪ੍ਰਿੰਸੀਪਲ ਜੋਗਾ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੰਦਿਆਂ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਧੰਨਵਾਦ ਕੀਤਾ ਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਾਉਣ ਦਾ ਵਿਸ਼ਵਾਸ ਦਿਵਾਇਆ।

## ਮੂਰਤੀ ਸਥਾਪਨਾ ਦਿਵਸ ਮਨਾਇਆ

**ਦੋਰਾਹਾ (ਹਰਮਿੰਦਰ ਸੇਠ)**-ਵਾਰਡ ਨੰਬਰ 3 ਪਿੰਡ ਅੜੈਚਾਂ ਕਲੋਨੀ ਦੋਰਾਹਾ ਵਿਖੇ ਸਮੂਹ ਨਗਰ ਨਿਵਾਸੀਆਂ ਵੱਲੋਂ ਸ੍ਰੀ ਸਿੱਧ ਬਾਬਾ ਬਾਲਕ ਨਾਥ ਤੇ ਰਾਜਾ ਭਰਥਰੀ ਜੀ ਦਾ ਮੂਰਤੀ ਸਥਾਪਨਾ ਦਿਵਸ (ਬਾਬਾ ਜੀ ਦੀ ਚੌਂਕੀ) ਮਨਾਇਆ ਗਿਆ। ਇਸ ਮੌਕੇ ਬਾਬਾ ਜੀ ਦਾ ਗੁਣਗਾਨ ਗਾਇਕ ਸਨਦੀਪ ਉਧੋਵਾਲੀਆ ਵੱਲੋਂ ਕੀਤਾ ਗਿਆ। ਇਸ ਮੌਕੇ ਇਲਾਕੇ ਤੇ ਦੂਰ ਦੁਰਾਡੇ ਦੀਆਂ ਸੰਗਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੁੱਖ ਮਹਿਮਾਨ ਮਨਦੀਪ ਸਿੰਘ (ਐੱਮ ਸੀ), ਰਜਿੰਦਰ ਸਿੰਘ ਗਹੀਰ ਐੱਮ ਸੀ, ਪਾਲੀ ਬਾਡੀ ਬਿਲਡਰ ਦੋਰਾਹਾ, ਸਾਬਕਾ ਐਮਐਲਏ ਲਖਬੀਰ ਸਿੰਘ ਲੱਖਾ ਹਲਕਾ ਪਾਇਲ, ਅਮਨਦੀਪ ਸਿੰਘ, ਕਰਨੈਲ ਸਿੰਘ, ਮੋਹਣ ਲਾਲ ਹੇਅਰ ਡਰੈਸਰ ਤੇ ਹੋਰ ਪਤਵੰਤੇ ਸੱਜਣ ਇਸ ਮੂਰਤੀ ਸਥਾਪਨਾ ਦਿਵਸ ਮੌਕੇ ਹਾਜ਼ਰ ਹੋਏ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ।



## ਫੂਡ ਗ੍ਰੇਨ ਏਜੰਸੀਜ਼ ਦੇ ਆਊਟਸੋਰਸ ਸਕਿਉਰਟੀਗਾਰਡਾਂ ਨੂੰ ਨਿਗਮ/ਵਿਭਾਗ 'ਚ ਖਪਾਉਣ ਦੀ ਮੰਗ



**ਲੁਧਿਆਣਾ (ਕਥੂਰੀਆ)**-ਅੱਜ ਦੀ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਫੂਡ ਗਰੇਨ ਏਜੰਸੀਜ਼ ਦਰਜਾ ਚਾਰ ਤੇ ਠੇਕਾ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਆਗੂ ਸਾਹਿਬਾਨ ਸ਼ਾਮਲ ਹੋਏ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਚੇਅਰਮੈਨ ਹਰਭਗਵਾਨ ਮੁਕਤਸਰ ਸਾਹਿਬ, ਜਨਰਲ ਸਕੱਤਰ ਮੁਨਸ਼ੀ ਰਾਮ ਪਤੰਗਾ, ਹਰਦੀਪ ਸਿੰਘ ਲੱਧੜ, ਬੂਟਾ ਰਾਮ ਅਬੋਹਰ, ਪਰਮਜੀਤ ਸਿੰਘ ਪੰਮਾ, ਰਵੀ ਕੁਮਾਰ ਰਾਮਪੁਰਾ, ਸੰਦੀਪ ਸਿੰਘ, ਹਰਪ੍ਰੀਤ ਸਿੰਘ (ਬਟਾਲਾ), ਲਵਪ੍ਰੀਤ ਸਿੰਘ ਕਾਦੀਆਂ, ਰਣਜੀਤ ਸਿੰਘ (ਕਰਤਾਰਪੁਰ), ਗੁਰਮੀਤ ਸਿੰਘ ਅਬੋਹਰ, ਸੁਰਿੰਦਰ ਪਾਲ ਸਿੰਘ ਆਗੂ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਊਟ ਸੋਰਸ ਸਕਿਉਰਟੀ ਗਾਰਡਾਂ ਦੀਆਂ ਹੇਠ ਲਿਖੀਆਂ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਕੀਤਾ ਜਾਵੇ, ਜੇਕਰ ਗੱਲਬਾਤ ਰਾਹੀਂ ਨਿਪਟਾਰਾ ਨਾ ਕੀਤਾ ਤਾਂ ਰਾਜ ਪੱਧਰ 'ਤੇ ਸੰਘਰਸ਼ ਅਰੰਭ ਕੀਤਾ ਜਾਵੇਗਾ।

28- July - Page - 7.qxd 7/27/2025 10:52 PM Page 1



# ਪੱਤਰਕਾਰਾਂ ਨੂੰ ਏ ਆਈ ਤਕਨੀਕ ਦੀ ਸਹੀ ਵਰਤੋਂ ਬਾਰੇ ਦਿੱਤਾ ਤਕਨੀਕੀ ਗਿਆਨ



ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )- ਪੱਤਰਕਾਰੀ ਹਲਕਿਆਂ ਵਿੱਚ ਮਿਆਰੀ ਕੰਮ ਕਰਨਾ ਯਕੀਨੀ ਬਣਾਉਣ ਅਤੇ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਵਿੱਚ ਲੋਕਾਂ ਦਾ ਭਰੋਸਾ ਮੁੜ ਤੋਂ ਕਾਇਮ ਕਰਨ ਦੇ ਮਿਸ਼ਨ ਅਧੀਨ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ: ਪੰਜਾਬ ਆਫ ਇੰਡੀਆ' ਵੱਲੋਂ ਪੰਜਾਬ ਪ੍ਰਧਾਨ ਪ੍ਰਿੰ ਬਲਵੀਰ ਸਿੰਘ ਸੈਣੀ ਅਤੇ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਦੀ ਅਗਵਾਈ ਹੇਠ ਮਹੀਨਾਵਾਰ ਆਨਲਾਈਨ ਟਰੇਨਿੰਗ ਦੀ ਲੜੀ ਨੂੰ ਅੱਗੇ ਤੋਰਦਿਆਂ ਗੂਗਲ ਮੀਟ ਤੇ ਆਨਲਾਈਨ ਮੀਟਿੰਗ ਕੀਤੀ ਗਈ । ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪੱਤਰਕਾਰ ਸਾਥੀਆਂ ਨੇ ਸ਼ਮੂਲੀਅਤ ਕੀਤੀ । ਇਸ ਮੌਕੇ ਮੀਟਿੰਗ ਦੀ ਮੇਜ਼ਬਾਨੀ ਕਰਦਿਆਂ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਨੇ ਮੀਡੀਆ ਕਰਮੀਆਂ ਨੂੰ ਨਵੀਂ ਤਕਨੀਕ ਦੀ ਵਰਤੋਂ ਕਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਵੇਂ ਪੰਜਾਬੀ ਪੱਤਰਕਾਰੀ ਬਹੁਤ ਅੱਗੇ ਵੱਧ ਚੁੱਕੀ ਹੈ ਪਰ ਅਸੀਂ ਅਜੇ ਵੀ ਤਕਨੀਕੀ ਤੌਰ ਤੇ ਬਹੁਤ ਪਿੱਛੇ ਹੋਣ ਕਾਰਣ ਮਿਆਰੀ ਪੱਧਰ ਤੋਂ ਕਾਫੀ ਦੂਰ ਹਾਂ ਇਸ ਲਈ ਸਾਨੂੰ ਆਰਟੀਫਿਸ਼ੀਅਲ ਇੰਟੈਲੀਜੈਂਸੀ (ਏ ਆਈ) ਵਰਗੀ ਤਕਨੀਕ ਨੂੰ ਅਪਨਾ ਲੈਣਾ ਚਾਹੀਦਾ ਹੈ ਜਿਸ ਰਾਹੀਂ ਪੱਤਰਕਾਰੀ ਦਾ ਕੰਮ ਵੀ ਸੁਖਾਲਾ ਹੋਣ ਦੇ ਨਾਲ ਨਾਲ ਮਿਆਰ ਨੂੰ ਵੀ ਕਾਫ਼ੀ ਉੱਪਰ ਤੱਕ ਲਿਆਂਦਾ ਜਾ ਸਕੇਗਾ । ਇਸ ਮੌਕੇ ਜਸਵਿੰਦਰ ਸਿੰਘ ਆਜ਼ਾਦ ਨੇ ਆਰਟੀਫਿਸ਼ਅਲ ਇੰਟੈਲੀਜੈਂਸੀ ਦੀ ਤਕਨੀਕ ਬਾਰੇ ਕੋਚਿੰਗ ਦਿੰਦਿਆਂ ਵੱਖ ਵੱਖ ਨੁਕਤਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਗੂਗਲ ਦੇ ਤਕਨੀਕੀ ਟੂਲ 'ਚੈਟ ਜੀਪੀਟੀ' ਦੀ ਸੁਯੋਗ ਵਰਤੋਂ ਕਰਕੇ ਪ੍ਰਭਾਵਸ਼ਾਲੀ ਖ਼ਬਰ ਅਤੇ ਫੋਟੋ ਤਿਆਰ ਕਰਨ ਬਾਰੇ ਟਿੱਪਸ ਦਿੱਤੇ ਅਤੇ ਇਸ ਤਕਨੀਕ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਆਪਣੀ ਪੱਤਰਕਾਰੀ ਦੇ ਕਾਰਜ ਨੂੰ ਉੱਚ ਪੱਧਰ ਤੱਕ ਲਈ ਜਾਣ ਦੀ ਅਪੀਲ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੀ ਇਸ ਆਨਲਾਈਨ ਟ੍ਰੇਨਿੰਗ ਵਿੱਚ ਪੱਤਰਕਾਰ ਸਾਥੀਆਂ ਨੂੰ ਆਪਣੇ ਨਿਤ ਦੇ ਕੰਮਾਂ ਨੂੰ ਸੁਖਾਲਾ ਕਰਨ ਅਤੇ ਉੱਚ ਪੱਧਰ ਤੇ ਲੈ ਕੇ ਜਾਣ ਲਈ ਜਸਵਿੰਦਰ ਸਿੰਘ ਆਜ਼ਾਦ ਸੂਬਾ ਚੇਅਰਮੈਨ ਵੱਲੋਂ ਬਹੁਤ ਪ੍ਰਭਾਵਸ਼ਾਲੀ ਟ੍ਰੇਨਿੰਗ ਦਿੱਤੀ ਗਈ ਹੈ ਜਿਸ ਦਾ ਜਥੇਬੰਦੀ ਦੇ ਸਮੂਹ ਮੈਂਬਰਾਂ ਨੂੰ ਲਾਭ ਉਠਾਉਣਾ ਚਾਹੀਦਾ ਹੈ। ਉਹਨਾਂ ਅਪੀਲ ਕੀਤੀ ਕਿ ਅਗਲੀ ਆਨਲਾਈਨ ਮੀਟਿੰਗ ਤੇ ਟਰੇਨਿੰਗ 3 ਅਗਸਤ ਨੂੰ ਰਾਤ 9 ਵਜੇ ਕੀਤੀ ਜਾਵੇਗੀ। ਮੀਟਿੰਗ ਵਿੱਚ ਵਧੀਕ ਜਨਰਲ ਸਕੱਤਰ ਤਰਸੇਮ ਦੀਵਾਨਾ, ਸੂਬਾ ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਬਲਵੀਰ ਸਿੰਘ ਕਰਮ, ਸਤਨਾਮ ਸਿੰਘ, ਰਣਜੀਤ ਸਿੰਘ ਬੈਂਸ ਪ੍ਰਧਾਨ ਯੂਨਿਟ ਆਦਮਪੁਰ, ਮਹਿੰਦਰ ਕੁਮਾਰ ਮਲਹੋਤਰਾ, ਦਲਬੀਰ ਸਿੰਘ ਕਲੋਈਆ ਆਦਿ ਸਮੇਤ ਹੋਰ ਪੱਤਰਕਾਰ ਸਾਥੀ ਵੀ ਮੌਜੂਦ ਸਨ ।

## ਨਸ਼ਿਆਂ ਨੂੰ ਠੱਲ੍ਹ ਪਾਉਣ ਤੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਲੈ ਕੇ 'ਆਪ' ਆਗੂਆਂ ਦੀ ਅਹਿਮ ਮੀਟਿੰਗ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਹਲਕੇ ਵਿੱਚ ਨਸ਼ਿਆਂ ਨੂੰ ਠੱਲ੍ਹ ਪਾਉਣ ਤੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਆਪ ਆਗੂਆਂ ਦੀ ਇੱਕ ਅਹਿਮ ਮੀਟਿੰਗ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ ਦੇ ਗ੍ਰਹਿ ਧਰਮਕੋਟ ਰੰਧਾਵਾ ਵਿਖੇ ਹੋਈ।ਇਸ ਮੌਕੇ ਆਗੂਆਂ ਵੱਲੋਂ ਜਿੱਥੇ ਹਲਕੇ ਨੂੰ ਪੂਰਨ ਤੌਰ 'ਤੇ ਨਸ਼ਾ ਮੁਕਤ ਕਰਨ ਵਾਸਤੇ ਅਹਿਮ ਪ੍ਰੋਗਰਾਮ ਉਲੀਕੇ ਗਏ ਉਥੇ ਹੀ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਵਾਸਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤੇ ਪੰਜਾਬ ਪੁਲਸ ਵੱਲੋਂ ਜਿਥੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਨੂੰ ਨਸ਼ਾ ਮੁਕਤ ਕਰਨ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਲਕਾ ਡੇਰਾ ਬਾਬਾ ਨਾਨਕ ਦੇ ਵਿਕਾਸ ਕਾਰਜਾਂ ਨੂੰ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਬਿਨਾਂ ਪੱਖਪਾਤ ਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕਰਵਾਇਆ ਜਾਵੇਗਾ ਤੇ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹੁਰਵਾਲ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਕੌਂਸਲਰ ਸਤਪਾਲ ਸ਼ੌਂਕੀ, ਬਲਵਿੰਦਰ ਸਿੰਘ ਬਿੱਲੂ ਤਲਵੰਡੀ ਗੁਰਾਇਆ, ਮੇਜਰ ਸਿੰਘ ਠੇਠਰਕੇ ਆਦਿ ਹਾਜ਼ਰ ਸਨ।

# ਫੌਜੀ ਪਰਵਾਰ ਮੌਤ ਦੇ ਸਾਏ ਹੇਠ ਦਿਨ ਕੱਟਣ ਲਈ ਮਜਬੂਰ



ਮਾਹਿਲਪੁਰ,(ਸਫ਼ਰੀ) - ਸਥਾਨਕ ਟਿਊਬਵੈੱਲ ਕਾਰਪੋਰੇਸ਼ਨ ਦੇ ਦਫ਼ਤਰ ਦੇ ਆਲੇ ਦੁਆਲੇ ਦੇ ਲੱਗੇ ਬਹੁਤ ਪੁਰਾਣੇ ਸਫੈਦਿਆਂ ਦੀ ਕਟਾਈ ਅਫਸਰਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਨਾ ਹੋਣ ਕਰਕੇ ਇਕ ਫ਼ੌਜੀ ਪਰਿਵਾਰ ਮੌਤ ਦੇ ਸਾਏ ਹੇਠਾਂ ਦਿਨ ਕੱਟਣ ਲਈ ਮਜਬੂਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਗਜੀਤ ਸਿੰਘ ਫ਼ੌਜੀ ਵਾਰਡ ਨੰਬਰ 12 ਨੇ ਮਾਹਿਲਪੁਰ ਵਿਖੇ ਧਰਮ ਸਿੰਘ ਫੌਜੀ, ਸਮੀਤਾ ਦੇਵੀ ,ਜਸਵਿੰਦਰ ਕੌਰ, ਪਰਮਜੀਤ ਸਿੰਘ, ਧਰਮਿੰਦਰ ਸਿੰਘ, ਜਤਿੰਦਰ ਕੁਮਾਰ, ਰਾਮ ਪ੍ਰਕਾਸ਼, ਸੁਖਵਿੰਦਰ ਕੌਰ, ਰਮਨਦੀਪ ਕੌਰ, ਗੁਰਮੰਨਤ ਸਿੰਘ ਆਦਿ ਦੀ ਹਾਜ਼ਰੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ 2003 ਵਿਚ ਆਪਣਾ ਰਿਹਾਇਸ਼ੀ ਮਕਾਨ ਬਣਾਇਆ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਦਾ ਘਰ ਟਿਊਬਵੈੱਲ ਕਾਰਪੋਰੇਸ਼ਨ ਦੇ ਦਫ਼ਤਰ ਦੇ ਬਿਲਕੁਲ ਨਜ਼ਦੀਕ ਹੈ। ਦਫ਼ਤਰ ਦੇ ਆਲੇ ਦੁਆਲੇ ਸਫੈਦਿਆਂ ਦੇ ਬਹੁਤ ਪੁਰਾਣੇ ਅਤੇ ਮੋਟੇ ਸਫੈਦਿਆਂ ਦੇ ਦਰੱਖ਼ਤ ਲੱਗੇ ਹੋਏ ਹਨ । ਉਨ੍ਹਾਂ ਦੱਸਿਆ ਕਿ ਇਹਨਾਂ ਦਰੱਖ਼ਤ ਮੌਸਮ ਦੀ ਖ਼ਰਾਬੀ ਵੇਲੇ ਹਰ ਦਮ ਉਨ੍ਹਾਂ ਦੇ ਮਕਾਨ ਅਤੇ ਜਾਨ ਲਈ ਮੌਤ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਸਫੈਦਿਆਂ ਨੂੰ ਹਟਾਉਣ ਲਈ ਡੀ ਸੀ ਦਫ਼ਤਰ 'ਚ 5-8-2014 ਨੂੰ ਲਿਖਤੀ ਰੂਪ ਵਿੱਚ ਬੇਨਤੀ ਪੱਤਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਸੇ ਦਿਨ ਡੀ ਸੀ ਦਫ਼ਤਰ ਤੋਂ ਉਨ੍ਹਾਂ ਨੇ ਐਸ ਡੀ ਐਮ ਦਫ਼ਤਰ ਗੜ੍ਹਸ਼ੰਕਰ ਨੂੰ ਕਾਰਵਾਈ ਹਿੱਤ ਭੇਜ ਕੇ ਦਿੱਤੀ। ਐਸ ਡੀ ਐਮ ਦਫ਼ਤਰ ਤੋਂ ਵਣ ਮੰਡਲ ਦਫ਼ਤਰ ਗੜ੍ਹਸ਼ੰਕਰ ਨੂੰ ਸਫੈਦਿਆਂ ਦਾ ਐਸਟੀਮੇਟ ਲਾਉਣ ਲਈ ਭੇਜ ਦਿੱਤਾ ਵਣ ਮੰਡਲ ਅਫ਼ਸਰ ਗੜ੍ਹਸ਼ੰਕਰ ਨੇ ਕਿਹਾ ਕਿ ਸਾਡੇ ਅਧਿਕਾਰ ਖੇਤਰ ਵਿਚ ਨਾ ਹੋਣ ਕਰਕੇ ਇਹ ਐਪਲੀਕੇਸ਼ਨ ਵਣ ਮੰਡਲ ਅਫ਼ਸਰ ਹੁਸ਼ਿਆਰਪੁਰ ਨੂੰ ਕਾਰਵਾਈ ਹਿੱਤ ਕਰਨ ਭੇਜ ਦਿੱਤੀ। ਉਨ੍ਹਾਂ ਦੱਸਿਆ ਕਿ ਵਣ ਮੰਡਲ ਅਫ਼ਸਰ ਹੁਸ਼ਿਆਰਪੁਰ ਨੇ ਮਾਹਿਲਪੁਰ ਦੇ ਵਣ ਮੰਡਲ ਅਫ਼ਸਰ ਮਾਹਿਲਪੁਰ ਨੂੰ ਲਿਖਤੀ ਐਸਟੀਮੇਟ ਲਾਉਣ ਲਈ ਕਿਹਾ। ਸਤੰਬਰ 2014 ਨੂੰ 101 ਨੱਗਾ ਦਾ 759296 ਰੁਪਏ ਦਾ ਐਸਟੀਮੇਟ ਲਾ ਕੇ ਭੇਜ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਟਿਊਬਵੈੱਲ ਕਾਰਪੋਰੇਸ਼ਨ ਚੰਡੀਗੜ੍ਹ ਦੇ ਦਫ਼ਤਰ 'ਚੋਂ 21-03-2015 ਨੂੰ ਮਨਜ਼ੂਰੀ ਮਿਲ ਗਈ।ਪਰ ਹਾਲੇ ਤੱਕ ਸਫੈਦਿਆਂ ਦੀ ਬੋਲੀ ਨਹੀਂ ਹੋ ਸਕੀ। ਉਨਾ ਦੱਸਿਆ ਕਿ ਬਹੁਤ ਵਾਰ ਦਫ਼ਤਰ ਦੇ ਅਧਿਕਾਰੀਆਂ ਨੂੰ ਸਫ਼ੈਦੇ ਕੱਟਣ ਲਈ ਬੇਨਤੀ ਪੱਤਰ ਲਿਖਤੀ ਰੂਪ ਵਿਚ ਦੇ ਚੁੱਕੇ ਹਾਂ।ਪਰ ਸਫ਼ੈਦੇ ਨਹੀਂ ਕੱਟਵਾਏ ਜਾ ਰਹੇ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਵੱਲੋਂ ਹਲਕਾ ਵਿਧਾਇਕ ਗੜ੍ਹਸ਼ੰਕਰ ਜੈ ਕਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਪੰਜਾਬ ਸਰਕਾਰ ਨੂੰ ਵੀ ਲਿਖਤੀ ਰੂਪ ਸਮੇਤ ਸਾਰੀ ਫਾਇਲ ਜਿਸ ਵਿੱਚ ਸਫੈਦੇ ਕੱਟਣ ਦੀ ਮਨਜ਼ੂਰੀ ਐਸਟੀਮੇਟ ਵਾਲੇ ਪੱਤਰ ਲਾ ਕੇ ਦਿੱਤੇ ਨੂੰ ਵੀ ਇਕ ਮਹੀਨਾ ਹੋਰ ਗਿਆ ਪਰ ਹਾਲੇ ਤੱਕ ਅਧਿਕਾਰੀਆਂ ਵੱਲੋਂ ਕੋਈ ਵੀ ਕਾਰਵਾਈ ਨਹੀਂ ਹੋਈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਸਫੈਦਿਆਂ ਨੂੰ ਤੁਰੰਤ ਕੱਟਿਆ ਜਾਵੇ।

ਜਦੋ ਇਸ ਸੰਬੰਧੀ ਟਿਊਬਵੈੱਲ ਕਾਰਪੋਰੇਸ਼ਨ ਦੇ ਜੇ ਈ ਸੁਮਿਤ ਨਾਲ ਗੱਲਬਾਤ ਕੀਤੀ ਤਾ ਉਨਾ ਕਿਹਾ ਕਿ ਸਾਡੇ ਧਿਆਨ ਵਿਚ ਇਸ ਤਰ੍ਹਾਂ ਦਾ ਕੋਈ ਸਫੈਦੇ ਕੱਟਣ ਵਾਲਾ ਮਨਜ਼ੂਰੀ ਪੱਤਰ ਨਹੀ । ਜਦੋਂ ਉਨ੍ਹਾਂ ਨੂੰ ਹੈਡ ਆਫਿਸ ਦਾ ਮਨਜ਼ੂਰੀ ਲੈਟਰ ਪੱਤਰ ਨੰਬਰ ਮਿਤੀ ਦੱਸੀ ਤੇ ਉਨਾ ਕਿਹਾ ਕਿ ਮੇਰੇ ਤੋ ਪਹਿਲਾਂ ਦੀ ਹੋ ਸਕਦੀ ਹੈ।ਸਾਨੂੰ ਮਨਜ਼ੂਰੀ ਲੈਟਰ ਦੀ ਕਾਪੀ ਦੇ ਦਿਓ ਹੈਡ ਆਫਿਸ ਨੂੰ ਪੱਤਰ ਲਿਖ ਕੇ ਤੁਹਾਡਾ ਕੰਮ ਕਰਵਾ ਦਿੰਦੇ ਹਾਂ।

# ਮਾਣਮੱਤੇ ਰੰਗਕਰਮੀ ਸੁਰੇਸ਼ ਪੰਡਿਤ ਨੂੰ ਸਮਰਪਤ ਨਾਟਕ 'ਇੰਤਜ਼ਾਰ ਹੈ' ਦਾ ਸਫਲ ਮੰਚਨ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)– ਸੰਸਾਰ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ ਪਿਛਲੀ ਦਿਨੀਂ ਵਿੱਛੜ ਚੁੱਕੇ ਮਾਣਮੱਤੇ ਰੰਗਕਰਮੀ ਸੁਰੇਸ਼ ਪੰਡਿਤ ਨੂੰ ਸਮਰਪਿਤ ਪੰਜਾਬੀ ਨਾਟਕ 'ਇੰਤਜ਼ਾਰ ਹੈ' ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਪੇਸ਼ ਕੀਤਾ ਗਿਆ।ਇਹ ਨਾਟਕ ਪ੍ਰਸਿੱਧ ਨਾਟਕਕਾਰ ਸੈਮੂਅਲ ਬੈਕੇਟ ਦਾ ਲਿਖਿਆ ਤੇ ਪ੍ਰੀਤਪਾਲ ਰੁਪਾਣਾ ਵੱਲੋਂ ਅਨੁਵਾਦ ਕੀਤਾ ਗਿਆ ਹੈ। ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਵੱਲੋਂ ਡਿਜ਼ਾਇਨ ਤੇ ਨਿਰਦੇਸ਼ਤ ਕੀਤਾ ਗਿਆ।ਨਾਟਕ 'ਇੰਤਜ਼ਾਰ ਹੈ' ਸੈਮੂਅਲ ਬੈਕਟ ਦਾ ਲਿਖਿਆ 'ਵੇਟਿੰਗ ਫਾਰ ਗੋਡੋ' (ਗੋਡੋ ਦੀ ਉਡੀਕ) ਦਾ ਪੰਜਾਬੀ ਰੂਪਾਂਤਰਣ ਹੈ। ਜੀਵਨ ਤੋਂ ਹਾਰੇ ਦੋ ਫੱਕੜ ਰਮਤੇ ਇਕ ਵੀਰਾਨੇ ਵਿਚ ਬੈਠੇ ਕਿਸੇ ਨੂੰ ਉਡੀਕ ਰਹੇ ਹਨ।ਉਹ ਇਕ ਦੂਜੇ ਤੋਂ ਅੱਕੇ ਬੈਠੇ ਹਨ ।ਟਾਵੀਆਂ-ਟਾਵੀਆਂ ਐਧਰ-ਉਧਰ ਦੀਆਂ ਗੱਲਾਂ ਕਰਦੇ ਹਨ।ਉਨ੍ਹਾਂ ਦੀ ਵਾਰਤਾਲਾਪ ਵਿਚੋਂ ਕੋਈ ਸਪਸ਼ਟ ਅਰਥ ਪ੍ਰਗਟ ਨਹੀਂ ਹੁੰਦਾ।ਉਹ ਦੋਨੋਂ ਕਿਸੇ ਦਾ ਇੰਤਜ਼ਾਰ ਕਰ ਰਹੇ ਹਨ, ਉਨ੍ਹਾਂ ਨੂੰ ਉਮੀਦ ਹੈ ਕਿ ਉਸਦੇ ਆਉਣ ਨਾਲ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ, ਸੈਮੂਅਲ ਬੈਕੇਟ ਇਸ ਨਾਟਕ ਅੰਦਰ ਗੋਦੋ ਨੂੰ ਇਕ ਰੱਬੀ ਚਮਤਕਾਰ ਦੇ ਪ੍ਰਤੀਕ ਵਜੋਂ ਸਿਰਜਦਾ ਹੈ, ਜੋ ਕਦੀ ਵੀ ਨਹੀਂ ਵਾਪਰਦਾ।ਨਾਟਕ ਵਿਚ ਡਾਇਲਾਗ ਇਸ ਤਰ੍ਹਾਂ ਆਉਂਦੇ ਹਨ ਜਿਵੇਂ ਸੁੱਕੇ ਅੱਕ ਦੇ ਫ਼ੰਬੇ ਹਵਾ ਵਿਚ ਇਕ-ਇਕ ਕਰ ਕੇ ਉਡ ਰਹੇ ਹੋਣ।ਇਹ ਪਾਤਰਾਂ ਦੇ ਅਚੇਤ ਮਨ ਦੇ ਭਾਵ ਹਨ।ਇਹ ਵੀਰਾਨੀ ਉਨ੍ਹਾਂ ਦੇ ਮਨ ਦੇ ਸੱਖਣੇਪਣ ਦਾ ਪ੍ਰਤੀਬਿੰਬ ਹੈ।ਉਹ ਬੈਠੇ ਗੋਡੋ ਨੂੰ ਉਡੀਕ ਰਹੇ ਹਨ।ਗੋਡੋ ਕੌਣ ਹੈ ? ਇਸ ਦਾ ਕਿਸੇ ਨੂੰ ਪਤਾ ਨਹੀਂ।ਨਾ ਉਨ੍ਹਾਂ ਨੂੰ, ਨਾ ਦਰਸ਼ਕਾਂ ਨੂੰ।ਇਹ ਇਕ ਗੁੱਝੀ ਸਦੀਵੀ ਉਡੀਕ ਹੈ-ਕਿਸੇ ਰੱਬ ਦੀ, ਕਿਸੇ ਅਵਤਾਰ ਦੀ, ਕਿਸੇ ਦੁਖ-ਨਿਵਾਰਣ ਦੀ, ਕਿਸੇ ਮਹਿਬੂਬ ਦੀ, ਕਿਸੇ ਧੋਖੇ ਦੀ।

## ਸੀ ਈ ਟੀ ਨੂੰ ਹਰਿਆਣਾ ਨੇ ਬਣਾਇਆ ਤਿਉਹਾਰ : ਨਾਇਬ ਸਿੰਘ ਸੈਣੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਸੀ ਈ ਟੀ ਨੂੰ ਸਪੰਨ ਕਰਾਉਣ ਲਈ ਹਰਿਆਣਾ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਟੀਮ ਵਜੋ ਕੰਮ ਕੀਤਾ ਹੈ। ਇਸ ਲਈ ਇਹ ਆਯੋਜਨ ਤਿਉਹਾਰ ਦਾ ਰੂਪ ਬਣ ਗਿਆ ਹੈ। ਮੁੱਖ ਮੰਤਰੀ ਨੇ ਇਹ ਗੱਲ ਪੰਚਕੂਲਾ ਵਿੱਚ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕਹੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪੰਚਕੂਲਾ ਸਥਿਤ ਪੰਚਕਮਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨ ਕੀ ਬਾਤ ਪ੍ਰੋਗਰਾਮ ਨੂੰ ਸੁਨਣ ਲਈ ਪਹੁੰਚੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਮਨ ਕੀ ਬਾਤ ਪ੍ਰੋਗਰਾਮ ਰਾਹੀਂ ਦੇਸ਼ ਦੀ ਪ੍ਰਤਿਭਾਵਾਂ (ਅਜਿਹੀ ਸਖਸ਼ੀਅਤ ਜਿਨ੍ਹਾਂ ਨੇ ਸਮਾਜ ਅਤੇ ਦੇਸ਼ ਲਈ ਚੰਗਾ ਕੰਮ ਕੀਤਾ ਹੈ) ਅਤੇ ਸਭਿਆਚਾਰ ਆਦਿ ਦੇ ਸਬੰਧ ਵਿੱਚ ਦੇਸ਼ਵਾਸੀਆਂ ਨੂੰ ਜਾਣੂ ਕਰਵਾਉਂਦੇ ਹਨ। ਇਸ ਨਾਲ ਦੇਸ਼ ਨੂੰ ਪ੍ਰੇਰਣਾ ਮਿਲਦੀ ਹੈ। ਮਨ ਕੀ ਬਾਤ ਦਾ ਪ੍ਰੋਗਰਾਮ ਗਿਆਨਵਰਧਕ ਹੈ। ਸੀਈਟੀ ਦੇ ਸਬੰਧ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਅਜਿਹੀ ਵਿਵਸਥਾਵਾਂ ਕੀਤੀਆਂ ਜਿਸ ਨਾਲ ਉਮੀਦਵਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ ਅਤੇ ਉਹ ਖੁਸ਼ਨੁਮਾ ਮਾਹੌਲ ਵਿੱਚ ਪ੍ਰੀਖਿਆ ਦੇਣ। ਉਨ੍ਹਾਂ ਨੇ ਕਿਹਾ ਕਿ ਚਾਹੇ ਪ੍ਰਸਾਸ਼ਨਿਕ ਅਧਿਕਾਰੀ ਹੋਣ, ਪੁਲਿਸ ਜਾਂ ਰੋਡਵੇਜ਼ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਹੋਣ ਸਾਰਿਆਂ ਨੇ ਇੱਕ ਟੀਮ ਵਜੋ ਕੰਮ ਕੀਤਾ। ਇਸ ਤੋਂ ਇਲਾਵਾ, ਉਮੀਦਵਾਰਾਂ ਦੇ ਮਾਂਪਿਆਂ ਅਤੇ ਹੋਰ ਲੋਕਾਂ ਨੇ ਵੀ ਕਈ ਥਾਵਾਂ ਤੇ ਛਬੀਲਾਂ ਲਗਾਈਆਂ।

# ਪੰਜਾਬ ਸੰਭਾਲੋ ਲੜੀ ਨੂੰ ਮਿਲਿਆ ਭਰਵਾਂ ਹੁੰਗਾਰਾ : ਚੁੰਬਰ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਨਵਾਂ ਪਿੰਡ ਸ਼ੌਂਕੀਆਂ ਵਿਖੇ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਦੇ ਜਤਨਾਂ ਸਦਕਾ ਵੱਖ ਵੱਖ ਪਾਰਟੀਆਂ ਦੇ ਲੋਕਾਂ ਨੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਕੇ ਪਾਰਟੀ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਲਈ ਭਰਵਾਂ ਹੁੰਗਾਰਾ ਦਿੱਤਾ। ਇਸ ਮੌਕੇ ਸ਼ਾਮਲ ਹੋਣ ਵਾਲੇ ਸਾਬਕਾ ਪੰਚ ਬੀਬੀ ਨਿੰਦਰੋ, ਸਾਬਕਾ ਪੰਚ ਬੀਬੀ ਵਿੰਦਰ, ਇੰਦਰਜੀਤ ਘਈ, ਸੁਖਵਿੰਦਰ ਨਾਣੀ, ਮੰਗਾ ਨਾਹਰ, ਦੀਪਕ ਕੁਮਾਰ, ਵਰਿੰਦਰ ਸਿੰਘ, ਰਾਜ ਕਪੂਰ ਸੋਨੂੰ, ਬਲਜੀਤ ਬੀਤਾ, ਮਲਕੀਤ ਚੰਦ ਨਾਹਰ, ਅਜੀਤ ਸਿੰਘ, ਭੋਲਾ ਪੇਂਟਰ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਗੁਰਮੇਲ ਚੁੰਬਰ ਜਰਨਲ ਸਕੱਤਰ ਪੰਜਾਬ ਦੀ ਅਗਵਾਈ ਵਿੱਚ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਕੋਆਰਡੀਨੇਟਰ ਮੰਗਤ ਸਿੰਘ, ਹੰਸ ਰਾਜ ਸਿੱਧੂ ਪ੍ਰਧਾਨ ਦੇਵਰਾਜ ਸੁੰਮਨ ਨਕੋਦਰ ਸ਼ਹਿਰੀ, ਪ੍ਰਧਾਨ ਵਿਜੈ ਮਡਾਸ, ਲੇਡੀ ਵਿੰਗ ਦੀ ਪ੍ਰਧਾਨ ਭੈਣ ਮਨਜੀਤ ਕੌਰ, ਜ਼ੋਨ ਇੰਚਾਰਜ ਮਨਜੀਤ ਸਿੱਧਵਾਂ, ਨੰਦ ਜੱਖੂ, ਰਵੀ ਮਹਿਰਾ ਜਨਰਲ ਸਕੱਤਰ ਨਕੋਦਰ ਅਤੇ ਪਿੰਡ ਵਾਸੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।


# ਬਾਹਰੋਂ ਵਿਅਕਤੀ ਬੁਲਾ ਕੇ ਗੁਆਂਢੀ ਦੁਕਾਨਦਾਰ ਦੀ ਬਾਸਬੇਲਾਂ ਨਾਲ ਕੀਤੀ ਕੁੱਟਮਾਰ

## ਦੋ ਸਕੇ ਭਰਾ ਗੰਭੀਰ ਰੂਪ 'ਚ ਜ਼ਖਮੀ



ਮਾਹਿਲਪੁਰ, (ਸਫ਼ਰੀ) -ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਟੂਟੋ ਮਾਜਾਰਾ ਦੋ ਦੁਕਾਨਾਂਦਾਰਾ 'ਚ ਹੋਈ ਖ਼ੂਨੀ ਝੜਪ ਹੋਈ। ਇਕ ਦੁਕਾਨਦਾਰ ਨੇ ਦੂਜੇ ਦੁਕਾਨਦਾਰ ਤੇ ਕੀਤੇ ਬੇਸਬਾਲ ਨਾਲ ਜਾਨਲੇਵਾ ਹਮਲੇ ਦੌਰਾਨ ਦੋ ਸਕੇ ਭਰਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਪੁੱਤਰ ਪਰਮਿੰਦਰ ਸਿੰਘ ਵਾਸੀ ਪਿੰਡ ਸਕਰੂਲੀ ਥਾਣਾ ਮਾਹਿਲਪੁਰ ਜ਼ਿਲਾ ਹੁਸ਼ਿਆਰਪੁਰ ਨੇ ਹਸਪਤਾਲ ਵਿਚ ਜੇਰੇ ਇਲਾਜ ਦੱਸਿਆ ਕਿ ਅਸੀਂ ਦੋਵੇਂ ਪਿੰਡ ਅੱਡਾ ਟੂਟੋ ਮਾਜਾਰਾ ਮੁੱਗੋਵਾਲ ਰੋਡ ਤੇ ਅਲਮੀਨੀਅਮ ਫਰਨੀਚਰ ਦੀ ਦੁਕਾਨ ਕਰ ਰਹੇ ਹਾਂ। ਮਿਤੀ 24 ਜੁਲਾਈ ਦੀ ਰਾਤ ਕਰੀਬ ਅੱਠ ਵਜੇ ਹੈਪੀ ਪੁੱਤਰ ਸਤਨਾਮ ਸਿੰਘ ਜਤਿੰਦਰ ਪੁੱਤਰ ਸਤਨਾਮ ਸਿੰਘ, ਪ੍ਰਭ,ਹਨੀ ਪੁੱਤਰ ਪ੍ਰਕਾਸ਼ ਰਾਮ ਕਰੀਬ ਅੱਧੀ ਦਰਜਨ ਸਾਥੀ ਵਾਸੀ ਪਿੰਡ ਮੇਘੋਵਾਲ ਥਾਣਾ ਮਾਹਿਲਪੁਰ ਜ਼ਿਲਾ ਹੁਸ਼ਿਆਰਪੁਰ ਨੇ ਮੇਰੇ ਅਤੇ ਮੇਰੇ ਭਰਾ ਉੱਤੇ ਬੇਸਬਾਲਾਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਉਪਰੋਕਤ ਵਿਆਕਤੀਆ ਨੇ ਇੰਨੀ ਬੇਰਹਿਮੀ ਨਾਲ ਕੁਟਮਾਰ ਕੀਤੀ ਕਿ ਅਸੀਂ ਆਪਣੀ ਦੁਕਾਨ ਦਾ ਅੰਦਰੋਂ ਸ਼ਟਰ ਬੰਦ ਕਰਕੇ ਮਸਾਂ ਆਪਣੀ ਜਾਨ ਬਚਾਈ। ਉਪਰੰਤ ਹਮਲਾਵਰਾਂ ਨੇ ਸ਼ਟਰ ਤੋੜ ਕੇ ਸਾਡੇ ਤੇ ਹਮਲਾ ਕੀਤਾ ਜੋਂ ਸੀਸੀਟੀਵੀ ਵਿਚ ਕੈਦ ਹੈ। ਉਨ੍ਹਾਂ ਦੱਸਿਆ ਕਿ ਅਸੀਂ ਦੋਵਾਂ ਭਰਾਵਾਂ ਨੇ ਬੰਦ ਦੁਕਾਨ ਅੰਦਰੋਂ ਆਪਣੇ ਪਿਤਾ ਅਤੇ ਪਰਿਵਾਰਿਕ ਮੈਂਬਰਾਂ ਨੂੰ ਫੋਨ ਕਰਕੇ ਬੁਲਾਇਆ ਜਿਨ੍ਹਾਂ ਨੇ ਸਾਨੂੰ ਬਾਹਰ ਕੱਢ ਕੇ ਤੁਰੰਤ ਸਰਕਾਰੀ ਹਸਪਤਾਲ ਮਾਹਿਲਪੁਰ ਚ ਦਾਖ਼ਲ ਕਰਵਾਇਆ। ਡਾਕਟਰੀ ਇਲਾਜ ਦੌਰਾਨ ਸਬੰਧਤ ਥਾਣੇਦਾਰ ਏ ਐਸ ਆਈ ਦਿਲਬਾਗ ਸਿੰਘ ਨੇ ਦੱਸਿਆ ਕਿ ਪੀੜਤ ਜ਼ਖਮੀਆਂ ਦੇ ਬਿਆਨਾਂ ਦੇ ਆਧਾਰ ਤੇ ਅਸੀਂ ਦੋਸ਼ੀ ਵਿਅਕਤੀਆਂ ਦੇ ਘਰ ਗਏ ਸੀ ਉਹ ਨਹੀਂ ਮਿਲੇ। ਉਨ੍ਹਾਂ ਦੱਸਿਆ ਕਿ ਪਿੰਡ ਦੀ ਪੰਚਾਇਤ ਅਤੇ ਜ਼ਿੰਮੇਵਾਰ ਵਿਅਕਤੀਆਂ ਨੇ ਉਨ੍ਹਾਂ ਨੂੰ ਦੂਜੇ ਦਿਨ ਪੇਸ਼ ਕਰਨ ਦੀ ਜ਼ਿੰਮੇਵਾਰੀ ਲੈਣ ਤੇ ਪੁਲਿਸ ਵਾਪਸ ਭੇਜ ਦਿਤੀ। ਪ੍ਰੰਤੂ ਦੂਜੇ ਦਿਨ ਖ਼ਬਰ ਲਿਖੇ ਜਾਣ ਤੱਕ ਨਾ ਕੋਈ ਉਨ੍ਹਾਂ ਦੀ ਜ਼ਿੰਮੇਵਾਰੀ ਲੈਣ ਵਾਲਾ ਮੋਹਰਵਾਰ ਅਤੇ ਨਾ ਹੀ ਦੋਸ਼ੀ ਦੇ ਘਰੋਂ ਕੋਈ ਪਹੁੰਚਿਆ। ਪੁਲਿਸ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰ ਰਹੀ ਹੈ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

## ਮਾਂ ਨੂੰ ਬਚਾਉਂਦਿਆਂ ਪੁੱਤ ਜ਼ਖਮੀ



ਮਾਹਿਲਪੁਰ, (ਸਫਰੀ)-ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ 'ਤੇ ਪੈਂਦਾ ਪਿੰਡ ਟੁੱਟੋ ਮਜਾਰਾ ਜਿੱਥੇ ਕੱਲ ਸਵੇਰੇ ਇੱਕ ਨੌਜਵਾਨ ਪੁੱਤਰ ਨੇ ਆਪਣੀ ਮਾਂ ਨੂੰ ਬਚਾਉਣ ਲਈ ਹਮਲਾਵਰ ਦੇ ਸਾਰੇ ਹਮਲੇ ਆਪਣੇ ਜਿੰਮੇ ਲੈ ਲਏ ।ਬ੍ਰਿਜ ਭੂਸ਼ਣ ਪੁੱਤਰ ਅਸ਼ੋਕ ਕੁਮਾਰ ਵਾਸੀ ਟੂਟੋਮੁਜਾਰਾ ਨੇ ਦੱਸਿਆ ਕਿ ਅਮਨਦੀਪ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਟੂਟੋਮਜਾਰਾ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੇ 25 ਜੁਲਾਈ ਦੀ ਸ਼ਾਮ ਲਗਭਗ ਸੱਤ ਵਜੇ ਦੇ ਕਰੀਬ ਸਾਡੀ ਹਵੇਲੀ ਵਿੱਚ ਆ ਕੇ ਸਾਡੇ ਕੰਮ ਕਰਨ ਵਾਲੇ ਪ੍ਰਵਾਸੀ ਮਜ਼ਦੂਰਾਂ ਨੂੰ ਗਾਲੀ ਗਲੋਚ ਕੀਤਾ । ਉਸ ਸਮੇਂ ਉਪਰੋਕਤ ਵਿਅਕਤੀ ਨੇ ਸ਼ਰਾਬ ਪੀਤੀ ਹੋਈ ਸੀ। ਦੂਸਰੇ ਦਿਨ ਸਵੇਰੇ ਅਰੋਪੀ ਅਮਨਦੀਪ ਸਿੰਘ ਨੇ ਮੇਰੀ ਮਾਤਾ ਵਿਨੋਦ ਬਾਲਾ ਉਰਫ ਮਮਤਾ ਉੱਤੇ ਹਮਲਾ ਕਰ ਦਿੱਤਾ।ਜਦੋਂ ਮੈਂ ਉਸ ਵਿਅਕਤੀ ਨੂੰ ਰੋਕਿਆ ਤੇ ਉਸ ਚੂੜੀਆਂ ਕੱਸਣ ਵਾਲੇ ਰੈਂਚ ਨਾਲ ਮੇਰੇ ਉੱਤੇ ਹਮਲਾ ਕਰ ਦਿੱਤਾ ਜਿਸ ਨਾਲ ਮੇਰੇ ਗੰਭੀਰ ਸੱਟਾਂ ਲੱਗੀਆਂ। ਮੈਨੂੰ ਤੁਰੰਤ ਸਿਵਲ ਹਸਪਤਾਲ ਮਾਹਿਲਪੁਰ ਵਿਖੇ ਦਾਖਲ ਕਰਵਾਇਆ ਗਿਆ।ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

## ਪਰਮਜੀਤ ਪੰਮਾ ਦੂਜੀ ਵਾਰ ਬੀ ਜੇ ਪੀ ਦੇ ਪ੍ਰਧਾਨ ਬਣੇ




ਬਿਲਗਾ (ਵਿਜੇ ਕੁਮਾਰ)-ਪਰਮਜੀਤ ਪੰਮਾ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਹਾਈ ਕਮਾਂਡ ਵੱਲੋਂ ਨਗਰ ਬਿਲਗਾ ਦਾ ਦੂਜੀ ਵਾਰ ਮੰਡਲ ਪ੍ਰਧਾਨ ਬਣਾਇਆ ਗਿਆ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨੀਸ਼ ਧੀਰ, ਪੁਨੀਤ ਸ਼ੁਕਲਾ ਚੋਣ ਅਧਿਕਾਰੀ, ਸੁਦਰਸ਼ਨ ਸੋਬਤੀ ਸਟੇਟ ਮੈਂਬਰ (ਕਾਲਾ ਪਹਿਲਵਾਨ), ਅਸ਼ਵਨੀ ਸੌਂਧੀ ਚੋਣ ਅਧਿਕਾਰੀ, ਹਰਦੀਪ ਸਿੰਘ ਰਾਣਾ ਸੀਨੀਅਰ ਨੇਤਾ, ਅਮਿਤ ਵਿਜ ਜ਼ਿਲ੍ਹਾ ਮਹਾ ਮੰਤਰੀ, ਦਵਿੰਦਰ ਕਲੇਰ ਕੈਸ਼ੀਅਰ ਸਟੇਟ ਐਸ ਸੀ ਮੋਰਚਾ, ਦਵਿੰਦਰ ਸਿੰਘ ਨੋਨੀ ਵਾਈਸ ਪ੍ਰਧਾਨ, ਵਿਜੇ ਕੁਮਾਰ ਜਨਰਲ ਸੈਕਟਰੀ, ਕੁਲਦੀਪ ਕੁਮਾਰ ਰਾਜਵ, ਅਜੇ ਕੁਮਾਰ, ਚੰਦਨ ਭਾਰਦਵਾਜ ਯੂਥ ਪ੍ਰਧਾਨ ਬਿਲਗਾ, ਚੰਦਨ ਵਾਲੀਆ, ਹਰਸ਼ ਭਾਰਦਵਾਜ, ਬਸੰਤ ਸੰਗੋਵਾਲ ਅਤੇ ਹੋਰ ਸੈਂਕੜਿਆਂ ਦੀ ਗਿਣਤੀ ਵਿੱਚ ਬੀ ਜੇ ਪੀ ਦੇ ਕਾਰਜ ਕਰਤਾ ਹਾਜ਼ਰ ਸਨ। ਇਸ ਮੌਕੇ ਮੰਡਲ ਪ੍ਰਧਾਨ ਪਰਮਜੀਤ ਪੰਮਾ ਨੇ ਹਾਈ ਕਮਾਂਡ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਸ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਇਥੇ ਆਏ ਹੋਏ ਸਾਰੇ ਮੈਂਬਰਾਂ ਦਾ ਵੀ ਧੰਨਵਾਦ ਕੀਤਾ ।

# ਨੌਜਵਾਨ ਦੀ ਸ਼ੱਕ ਦੇ ਆਧਾਰ 'ਤੇ ਕੀਤੀ ਕੁੱਟਮਾਰ, ਮਾਮਲਾ ਦਰਜ



ਮਾਹਿਲਪੁਰ (ਸਫ਼ਰੀ)-ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਮੇਘੋਵਾਲ ਦੁਆਬਾ ਵਿੱਚ ਇਕ ਨੌਜਵਾਨ ਉਤੇ ਉਸੇ ਹੀ ਪਿੰਡ ਦੇ ਕੁਝ ਵਿਅਕਤੀਆਂ ਨੇ ਕਾਤਲਾਨਾ ਹਮਲਾ ਕਰ ਦਿੱਤਾ, ਜਿਸ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਸਿਵਲ ਹਸਪਤਾਲ ਮਾਹਿਲਪੁਰ ਵਿੱਚ ਦਾਖਲ ਕਰਾਇਆ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਪਰਮਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਪਿੰਡ ਮੇਘੋਵਾਲ ਦੁਆਬਾ ਥਾਣਾ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਕੋਈ 10.30 ਵਜੇ ਪਿੰਡ ਦੇ ਹੀ ਕੁਝ ਵਿਅਕਤੀਆਂ ਸੰਦੀਪ ਮੇਗੋਵਾਲ, ਅਮਨਦੀਪ ਸਿੰਘ ਮੇਗੋਵਾਲ ਤੇ ਉਨ੍ਹਾਂ ਦੇ ਸਾਥੀ ਨੇ ਮੇਰੇ ਘਰ ਦੇ ਮੂਹਰੇ ਗਲੀ ਵਿੱਚ ਮੇਰੀ ਡੰਡਿਆਂ ਨਾਲ ਕੁੱਟਮਾਰ ਕੀਤੀ। ਜ਼ਖਮੀ ਹਾਲਤ ਵਿੱਚ ਮੈਨੂੰ ਉਹ ਵਿਅਕਤੀ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਆਪਣੇ ਘਰ ਲੈ ਗਏ। ਉੱਥੇ ਮੇਰੇ ਕੋਲੋਂ ਇਹ ਕਹਾਉਣ ਦੀ ਕੋਸ਼ਿਸ਼ ਕੀਤੀ ਕਿ ਜਿਹੜੇ ਲੋਕ ਬਾਹਰੋਂ ਸਾਡੇ ਕੋਲ ਕਿਸੇ ਪੁੱਛਗਿੱਛ ਵਾਸਤੇ ਆਏ ਸਨ, ਉਨ੍ਹਾਂ ਨੂੰ ਤੂੰ ਮੰਗਵਾਇਆ ਹੈ, ਪਰ ਇਸ ਦੇ ਕਹਿਣ ਮੁਤਾਬਕ ਇਸ ਬੰਦੇ ਦਾ ਉਨ੍ਹਾਂ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ। ਬਾਅਦ ਵਿੱਚ ਪਰਮਿੰਦਰ ਸਿੰਘ ਨੇ ਦੱਸਿਆ ਕਿ ਜੋ ਵਿਅਕਤੀ ਮਜ਼ਾਰੇ ਤੋਂ ਉਨ੍ਹਾਂ ਦੇ ਪਿੰਡ ਆਏ ਸਨ, ਉਨ੍ਹਾਂ ਵਿੱਚੋਂ ਇੱਕ ਵਿਅਕਤੀ ਮੈਨੂੰ ਜਾਣਦਾ ਸੀ, ਜਿਸ ਦਾ ਨਾਂਅ ਪੰਮਾ ਹੈ ਤੇ ਉਸ ਦਾ ਪਿੰਡ ਭਾਤਪੁਰ ਤਹਿਸੀਲ ਗੜ੍ਹਸ਼ੰਕਰ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਹੈ।ਉਕਤ ਵਿਅਕਤੀ ਕੁੜੀ ਨੂੰ ਫੋਨ ਕਰਨ ਦੇ ਮਾਮਲੇ 'ਚ ਪਤਾ ਕਰਨ ਆਏ ਸਨ ਕਿ ਉਨ੍ਹਾਂ ਦੀ ਕੁੜੀ ਨੂੰ ਕੌਣ ਫੋਨ ਕਰਦਾ ਹੈ। ਇਸ ਸ਼ੱਕ ਵਜੋਂ ਸੰਦੀਪ ਮੇਗੋਵਾਲ, ਅਮਨਦੀਪ ਸਿੰਘ ਮੇਗੋਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੇਰੀ ਕੁੱਟਮਾਰ ਕੀਤੀ ਹੈ। ਥਾਣਾ ਮਾਹਿਲਪੁਰ ਦੀ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮੁੱਖ ਮੰਤਰੀ ਮਾਨ ਅੱਜ ਰੱਖਣਗੇ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ



ਬੰਗਾ (ਅਵਤਾਰ ਕਲੇਰ)-ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮਿਊਜ਼ੀਅਮ ਦੇ ਨਾਲ ਬਨਣ ਵਾਲੇ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਰੱਖਿਆ ਜਾਵੇਗਾ। ਇਹ ਪ੍ਰਾਜੈਕਟ ਕਰੀਬ 52 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਵੇਗਾ । ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਦੇਸ਼ ਦੇ ਮਹਾਨ ਸ਼ਹੀਦਾਂ ਦੀ ਜ਼ਿੰਦਗੀ ਅਤੇ ਦੇਸ਼ ਲਈ ਦਿੱਤੇ ਬਲੀਦਾਨ ਦੇ ਵੱਖ-ਵੱਖ ਪਹਿਲੂਆਂ ਨੂੰ ਪੜਾਅਵਾਰ ਦਰਸਾਏਗਾ। ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪੁੱਜੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਮਿਊਜ਼ੀਅਮ ਅਤੇ ਨੀਂਹ ਪੱਥਰ ਸਮਾਰੋਹ ਵਾਲੀ ਜਗ੍ਹਾ 'ਤੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਲੋੜੀਂਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਸੁਰੱਖਿਆ ਦੇ ਨਾਲ-ਨਾਲ ਲੋਕਾਂ ਦੀ ਆਮਦ ਦੇ ਮੱਦੇਨਜ਼ਰ ਪੰਡਾਲ ਵਿੱਚ ਹਰ ਪੱਖੋਂ ਢੁੱਕਵੇਂ ਇੰਤਜਾਮ ਕੀਤੇ ਗਏ ਹਨ। ਜਿਕਰਯੋਗ ਹੈ ਕਿ ਵਿਰਾਸਤੀ ਕੰਪਲੈਕਸ ਵਿਖੇ ਵਿਸ਼ਾਲ ਥੀਮੈਂਟਿਕ ਗੇਟ ਬਣੇਗਾ ਜਿਸ ਤੋਂ ਹੁੰਦੇ ਹੋਏ ਸੈਲਾਨੀ ਵਿਰਾਸਤੀ ਮਾਰਗ ਰਾਹੀਂ ਮਹਾਨ ਸ਼ਹੀਦਾਂ ਬਾਰੇ ਇਤਿਹਾਸਕ ਜਾਣਕਾਰੀਆਂ ਹਾਸਲ ਕਰਨਗੇ। ਇਸ ਕੰਪਲੈਕਸ ਵਿੱਚ ਆਡੀਟੋਰੀਅਮ, ਜੱਦੀ ਘਰ ਦਾ ਦ੍ਰਿਸ਼, ਸੁੰਦਰ ਬਾਗਬਾਨੀ, ਲੈਂਡ ਸਕੈਪਿੰਗ ਆਦਿ ਵਿਸ਼ੇਸ਼ਤਾਵਾਂ ਹੋਣਗੀਆਂ

## ਨਿਆਲ ਦੇ ਬੇਟੇ ਦੀ ਮੌਤ 'ਤੇ ਦੁੱਖ ਪ੍ਰਗਟ, ਜ਼ਿੰਮੇਵਾਰ ਲੋਕਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ



ਜਲੰਧਰ, (ਸ਼ੈਲੀ ਐਲਬਰਟ)-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਆਗੂ ਮਲਕੀਤ ਸਿੰਘ ਨਿਆਲ ਜਿੰਨਾਂ ਦੇ ਬੇਟੇ ਦਵਿੰਦਰ ਸਿੰਘ ਅਤੇ ਉਸ ਦੇ ਦੋਸਤ ਹਰਪ੍ਰੀਤ ਸਿੰਘ ਨੇ ਆਪਣੇ ਟਰੱਕ ਮਾਲਕਾਂ ਅਤੇ ਉਹਨਾਂ ਦੇ ਸਾਥੀਆਂ ਜਿੰਨਾਂ ਦੇ ਉਹ ਟਰੱਕ ਤੇ ਡਰਾਇਵਰੀ ਕਰਦੇ ਸਨ, ਦੀ ਕੁੱਟਮਾਰ ਤੋਂ ਦੁੱਖੀ ਹੋਕੇ ਕੋਈ ਜਹਿਰੀਲੀ ਚੀਜ਼ ਨਿਗਲ ਲਈ ਸੀ। ਜਿਸ ਕਾਰਨ ਦੋਵਾ ਦੀ ਮੌਤ ਹੋ ਗਈ। ਉਹਨਾਂ ਦੀ ਮੌਤ ਉੱਪਰ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਪਰਿਵਾਰਾਂ ਨਾਲ ਗਹਿਰੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹਨਾਂ ਦੀ ਮੌਤ ਨਾਲ ਪਰਿਵਾਰ ਨੂੰ ਭਾਰੀ ਘਾਟਾ ਪਿਆ ਹੈ। ਜਮਹੂਰੀ ਕਿਸਾਨ ਸਭਾ ਪੰਜਾਬ ਉਹਨਾਂ ਦੇ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਉਹਨਾਂ ਮੰਗ ਕੀਤੀ ਕਿ ਪੁਲਿਸ ਵੱਲੋ ਦਰਜ ਕੀਤੇ ਪਰਚੇ ਮੁਤਾਬਕ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਵਿੱਚ ਸਭਾ ਦੇ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ ਜੇ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਤਾਂ ਪੀੜਤ ਪਰਿਵਾਰ ਨਾਲ ਮਿਲ ਕੇ ਜਮਹੂਰੀ ਕਿਸਾਨ ਸਭਾ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।


## Nilami Notice

ਸਰਕਾਰੀ ਹਾਈ ਸਕੂਲ ਢੰਡਿਆਲ (ਸੰਗਰੂਰ) ਵਿਖੇ ਅਣਸੇਫ ਬਲਾਕ ਸਮੇਤ 2 ਵੱਡੇ ਕਮਰੇ, 4 ਛੋਟੇ ਕਮਰੇ, ਵਰਾਂਡਾ ਕੁੱਲ 3100 ਵਰਗ ਫੁੱਟ ਲੈਂਟਰ ਦੀ ਨਿਲਾਮੀ 30-07-2025 ਦਿਨ ਬੁੱਧਵਾਰ ਸਵੇਰੇ 11:00 ਵਜੇ ਸਕੂਲ ਵਿਖੇ ਕਰਵਾਈ ਜਾਣੀ ਹੈ। ਚਾਹਵਾਨ ਵਿਅਕਤੀ ਰਾਖਵੀਂ ਕੀਮਤ ਅਤੇ ਸ਼ਰਤਾਂ, ਕਿਸੇ ਕੰਮ-ਕਾਰ ਵਾਲੇ ਦਿਨ ਆ ਕੇ ਪਤਾ ਕਰ ਸਕਦਾ ਹੈ। 95011-05578, 94174-75771

## COURT NOTICE

(U/o 5 Rule 20 CPC)
In The Court of Aman Sharma
Additional Principal Judge Family Court, Amritsar
CNR No. PBAS01-019198-2022
Next Date:- 05-09-2025

1. Anjali Bhagat W/o Sh. Narinder Kumar, D/o Sh. Mukhtar Chand, R/o. H.No.2630, Gali No. 21, Meharpura, Inside Nawan Kot, Tehsil and Distt. Amritsar.
2. Bhavdeep D/o Sh. Narinder Kumar, R/o. H.No. 2630, Gali No.21, Meharpura, Inside Nawan Kot, Tehsil and Distt. Amritsar.

Vs
Narinder Kumar
Publication Issued To:
Narinder Kumar S/o Sh. Joginder Pal, R/o. Village Gossainpur, Madhopur Road, Distt. Pathankot.

In above titled case, the defendant(s)/ respondent(s) could not be served. It is ordered that defendant(s) respondent(s) should appear in person or through counsel on 05-09-2025 at 10:00 a.m.

For details logon to https://highcourtchd.gov.in/?trs=district_notice&district=Amritsar

Additional Principal Judge Family Court Amritsar
Dated, this day of 23-07-2025

## COURT NOTICE

(U/o 5 Rule 20 CPC)
In The Court of
Amit Malhan
Principal Judge Family Court, Amritsar
CNR No. PBAS01-001452-2025
Next Date: 16-10-2025
Sumanpreet Kaur
Vs
Mubarak Singh
Publication Issued To:
Mubarak Singh S/o Balwinder Singh R/o Vill. Poonia, Post Office Banga, Distt. Shaheed Bhagat Singh Nagar

In above titled case, the defendant(s) respondent(s) could not be served. It is ordered that defendant(s) respondent(s) should appear in person or through counsel on 16-10-2025 at 10:00 AM.

For details logon to https://highcourtchd.gov.in/?trs=district_notice&district=Amritsar

Principal Judge Family Court, Amritsar
Dated, this day of 17-07-2025

## COURT NOTICE

(U/o 5 Rule 20 CPC)
In The Court of Jasmine
Civil Judge (Junior Division), Amritsar
CNR No. PBAS02-001548-2024
Next Date:- 22-08-2025
Jasmeet Kaur Vs. Rakeshbir
Suit dir Declaration
Publication Issued To:
1. Rakeshbir
2. Rajesh Kumar of M/S R.R.D Estates 3. Gagan C/O M/S R.R.D. Estates

All R/O M/S R.R.D. Estates Pvt. Ltd. 12, First Floor, Nehru Shopping Complex, Lawrence Road Amritsar And Also Grand Celebration Resort, Verka, Bye Pass, Road Vallah, Amritsar And Celebration Resort, Majitha Verka Bye Pass Road, Amritsar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 22-08-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 21-07-2025

## CRIMINAL COURTS, LUDHIANA

In the Court of
Ms. Rinky Agnihotri
Judicial Magistrate-Ist Class Ludhiana
CNR No: PBLD03-004128-2022
Peshi: 13-08-2025
UP Money
Vs
Sukhjit Singh
Publication Notice For Proclamation Under Section 82 CR.PC
Petition U/S 138 of Negotiable Instruments Act, 1881 Amended Upto Date
Notice To:
Sukhjit Singh S/o Dalbir Singh R/o H.No 133, Vill. Rajowal Kot Badal Khan Jalandhar. 14 4039

Whereas it has been proved to the satisfaction of the Court that the accused above named cannot be served in the ordinary way of service. Hence, this proclamation under section 82 CRPC is hereby 13-08-2025 at 10.00 am..

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this

For Details Login To https://highcourtchd.gov.in/?trs=district_notice&district=ludhiana

Judicial Magistrate Ist Class Ludhiana

## COURT NOTICE

(U/o 5 Rule 20 CPC)
(Succession Case)
In The Court of
Parminder Kaur Bains
Civil Judge (Senior Division), Amritsar
CNR No. PBAS02-003086-2025
Next Date:- 12-09-2025
Varinder Kaur Jossan Wd/o Late Gurpreet Singh Josan S/o Late Shri Nirvar Singh R/o Vill. Devidaspur, P.o Jandiala R.S. Tehsil and Distt. Amritsar
Vs.
General Public
Succ
Notice To: General Public Whom May Its Concern

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 12-09-2025 at 10 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar
Dated, this day of 22-07-2025

## CRIMINAL COURTS, LUDHIANA

In The Court of Ms. Shruti
Judicial Magistrate - 1st Class Ludhiana
Next Date, Purpose of case, Orders and Judgments as well as other case information is available on http://ecourts.gov.in
PPBLD030467272023_5_1
Next Date: 12-09-2025
Case No.:- COMA/46194/2023
M/S Elechem Bio Sciences Private Limited
Vs
M/S Jai Bharat Trading Company
Police Station/Fir No. Model Town/0/0
138 of Negotiable Instruments Act
Proclamation Requiring The Appearance of A Person Accused
Detail of offence:-
Notice To :
1. M/S Jai Bharat Trading Company, Near Bus Stand Patiala Road, Bhawanigarh District Sangrur 148023 Through Its Prop. Swarn Singh
2. Swarn Singh Through Prop. of M/S Jai Bharat Trading Company, Near Bus Stand Patiala Road, Bhawanigarh District Sangrur 148023

WHEREAS complaint/case has been made before me that M/S Jai Bharat Trading Company:- R/O Near Bus Stand Patiala Road Bhawanigarh Distt. Sangrur 148023 Through Its Prop. Swarn Singh has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said M/S JAI BHARAT TRADING COMPANY cannot be found, and whereas it has been shown to my satisfaction that the said M/S JAI BHARAT TRADING COMPANY has absconded (or is concealing himself/herself to avoid the service of the said warrant); Proclamation is hereby made that the said M/S JAI BHARAT TRADING COMPANY is required to appear before this Court (or before me) on 12-09-2025 to answer the said complaint/case.

Judicial Magistrate Ist Class Ludhiana
Dated, this day of 24-07-2025

## ਦਫਤਰ ਉਪ ਮੰਡਲ ਮੈਜਿਸਟਰੇਟ ਪਾਤੜਾਂ, ਜ਼ਿਲ੍ਹਾ ਪਟਿਆਲਾ।

### (ਕੰਟੀਨ ਦਾ ਠੇਕਾ ਦੇਣ ਸੰਬੰਧੀ ਨੋਟਿਸ)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤਹਿਸੀਲ ਕੰਪਲੈਕਸ ਪਾਤੜਾਂ ਦੀ ਕੰਟੀਨ ਦਾ ਠੇਕਾ ਵਿੱਤੀ ਸਾਲ 2025-26 ਲਈ ਟੈਂਡਰ ਰਾਹੀਂ ਦਿੱਤਾ ਜਾਵੇਗਾ।ਇਸ ਸਬੰਧੀ ਸ਼ਰਤਾਂ ਕਿਸੇ ਕੰਮ ਵਾਲੇ ਦਿਨ ਇਸ ਦਫਤਰ ਦੀ ਨਾਜਰ ਸ਼ਾਖਾ ਵਿਖੇ ਵੇਖੀਆਂ ਜਾ ਸਕਦੀਆਂ ਹਨ। ਕੰਟੀਨ ਠੇਕੇ 'ਤੇ ਲੈਣ ਵਾਲੇ ਹਰੇਕ ਚਾਹਵਾਨ ਨੂੰ 50,000/-ਰੁਪਏ ਬਤੌਰ ਜ਼ਮਾਨਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣੇ ਹੋਣਗੇ। ਇਹ ਟੈਂਡਰ ਨਿਰਧਾਰਤ ਮਿਤੀ 31/07/2025 ਨੂੰ ਸ਼ਾਮ 5:00 ਤੋਂ ਪਹਿਲਾਂ- ਪਹਿਲਾਂ ਇਸ ਦਫਤਰ ਦੀ ਨਾਜਰ ਸ਼ਾਖਾ ਵਿਖੇ ਜਮ੍ਹਾਂ ਕਰਵਾਏ ਜਾ ਸਕਦੇ ਹਨ। ਕੰਟੀਨ ਦੀ ਰਿਜ਼ਰਵ ਕੀਮਤ 5,26,680/- ਰੁਪਏ ਹੋਵੇਗੀ।ਇਹ ਟੈਂਡਰ ਮਿਤੀ: 01/08/2025 ਨੂੰ ਦੁਪਹਿਰ 12:00 ਵਜੇ ਦਫਤਰ ਉਪ ਮੰਡਲ ਮੈਜਿਸਟਰੇਟ ਪਾਤੜਾਂ ਦੇ ਕਾਨਫਰੰਸ ਰੂਮ ਵਿਖੇ ਖੋਲ੍ਹੇ ਜਾਣਗੇ।

ਉਪ-ਮੰਡਲ ਮੈਜਿਸਟਰੇਟ, ਪਾਤੜਾਂ

# ਕਲਾਸੀਫਾਈਡ ਇਸ਼ਤਿਹਾਰ

## Change of Name

I Narinderpal Singh S/o Jagmohan Singh R/o Ward No.10, Baghowal Colony, Mukerian, Distt. Hoshiarpur (PB) have Changed My Name From Rahul Thakur to Narinderpal Singh .

I Sujan Singh S/o Nikka Singh R/o Vill. Satabkot, P.O. Dhanoa, Tehsil Dasuya, Distt. Hoshiarpur (PB) have Changed My Name From Surjan Singh to Sujan Singh .

I, Malkit Singh S/o Faqir Singh R/o H.No. 31, Mohalla Nanak Nagar, PO. Ladhewali, Jalandhar-144007, Punjab, India have changed my name from Malkiat Singh to Malkit Singh. All concerned please note.

I, Karanvir s/o Rajinder Sharma r/o H.No.E-K-293, Phagwara Gate, Jalandhar, Punjab have changed my name to Karanvir Sharma (Surname as Sharma) All Please Note.

I, Ashok Kumar Jairath s/o Kewal Krishan Jairath r/o H.No.107-A, Lane No.3 Bagla Mukhi Mata Mandir Road Gulmohar City Old Hoshiarpur Road, Jalandhar have changed my name from Ashok Kumar Jairath to Ashok Jairath.

I, Harnek Singh s/o Jaswant Singh r/o Chhapa Ramsingh, Po. Fatehpur, Rajputan, Distt. Amritsar have changed my name from Harnek Singh to Harnek Singh Josan. All Please Note.

I, Vishwanathan S/o Ganapathi R/o H.No.15, Ward No. 8, Handa Mohalla Alawalpur, Distt. Jalandhar have changed my name from Vishwanathan to Viswanath M P. All Please Note.

I, Harjinder Ratti s/o Jaspreet r/o Phagwara Road, New Abadi, VPO Jandiala, Tehsil Phillaur Distt. Jalandhar Pb. 144033 have changed my name from Harjinder to Harjinder Ratti. All Please Note.

I, Kunal S/o Madan Lal R/o Vill. Garupar, Po. Aur, Distt. SBS Nagar have changed my name from Kunal to Kunal Suman (Given name as Kunal &Surname as Suman) All Please Note.

## Change of Name

I, hitherto known as Rohit S/o Shinder Pal R/o VPO. Ucha, Distt. Jalandhar, Punjab-144102, have changed my name and shall hereafter be known as Rohit Nahar. All Please Note.

I, hitherto know as Nikhil Arora S/o Krishan Lal R/o H.No. ES-211, Mohalla Makhdoompura, Near Guru Ravidass Mandir, Distt. Jalandhar-144001, Punjab have changed my name and shall hereafter be known as Nihal Singh.

I hitherto known as KAVYA S/O ARUN KUMAR R/O Indira Colony Gali No.1, PO Pathankot, Teh. Pathankot, District. Pathankot, Pathankot Punjab-145001 have changed my name and shall hereafter be known as KAVYA KUMAR.

I, Kulwant Kaur Alias Daljit Kaur W/O Baljinder Singh R/O Village Bajuha Kalan, PO. Wajuha Khurd, Distt. Jalandhar, Punjab have changed my name from Kulwant Kaur Alias Daljit Kaur to Daljit Kaur. All concerned please note.

I Rajni W/O Hardyal Lal R/O V.P.O Gohawar, Tehsil Phillaur, Distt. Jalandhar-144409 Punjab (India) have Changed my Minor Daughter (17years) Name from Arti to Arti Kaul.

I Rajni W/O Hardial Lal R/O V.P.O Gohawar, Tehsil Phillaur, Distt. Jalandhar-144409 Punjab (India) have Changed my Minor Daughter (15 years) Name from Jyoti to Jot Kaul.

I Asha Rani W/O Mangat Rai R/O V.P.O Gohawar, Tehsil Phillaur, Distt. Jalandhar -144409 Punjab India have changed my Minor Daughter (16 Years) Name from Lovepreet to Lovepreet Kaur.

I Asha Rani W/O Mangat Rai R/O V.P.O Gohawar, Tehsil Phillaur, Distt. Jalandhar -144409 Punjab India have changed my Minor Daughter (12 Years) Name from Jaspreet to Jaspreet Kaur.

## Change of Name

I, Ajay Veer Singh S/o Raghbir Singh R/o V. Dhanal Khurd, Dhanal, Po. Phoolpur Dhanal, Distt.Jalandhar, Punjab have changed my name from Ajayveer Singh to Ajay Veer Singh. All please note.

## ਬੇਦਖਲੀ ਨੋਟਿਸ

ਮੈਂ, ਕਮਲੇਸ਼ ਸ਼ੂਰ ਪਤਨੀ ਲੇਟ ਇੰਦਰਜੀਤ ਸ਼ੂਰ ਵਾਸੀ ਮਾਕਨ ਨੰ: ਡਬਲਯੂ ਆਰ-305 ਨੇੜੇ ਗੌਰਮਿੰਟ ਗਰਲਜ ਸਕੂਲ, ਬਸਤੀ ਸ਼ੇਖ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਿਨਾਕਸ਼ੀ ਬੱਗਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਹੀਰਾ ਲਾਲ ਪੁੱਤਰ ਦਰਸ਼ਨ ਲਾਲ ਵਾਸੀ ਕੋਟਲੀ ਗਾਜਰਾਂ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈ ਅਵਤਾਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਸਭਰਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ । ਮੇਰਾ ਲੜਕਾ ਗੁਰਜੀਤ ਸਿੰਘ ਤੇ ਉਸਦੀ ਪਤਨੀ ਸਿਮਰਨ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਤੇ ਨੂੰਹ ਦੋਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ । ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

## ਨਾਂਅ ਦੀ ਬਦਲੀ

ਮੈਂ, ਸੁਖਦੇਵ ਕੌਰ ਪੁੱਤਰੀ ਮੋਹਨ ਸਿੰਘ ਹਾਲ ਪਤਨੀ ਕਰਨੈਲ ਸਿੰਘ ਵਾਸੀ ਪਿੰਡ ਬੱਲ, ਜ਼ਿਲ੍ਹਾ ਜਲੰਧਰ, ਮੇਰਾ ਨਾਂਅ ਜਮ੍ਹਾਂਬੰਦੀ ਵਿਚ ਸੇਵਾ ਕੌਰ ਚੱਲ ਰਿਹਾ ਹੈ। ਹੁਣ ਮੈਂ ਆਪਣਾ ਨਾਂਅ ਸੁਖਦੇਵ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।



## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

28 July Page 8.qxd 7/27/2025 11:02 PM Page 1



## ਕਮਿਸ਼ਨਰੇਟ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਜਾਰੀ, 5 ਮੁਲਜ਼ਮ ਗ੍ਰਿਫ਼ਤਾਰ



**ਜਲੰਧਰ (ਇਕਬਾਲ ਸਿੰਘ ਉੱਭੀ, ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਨਸ਼ਿਆਂ ਅਤੇ ਅਪਰਾਧ ਖ਼ਿਲਾਫ਼ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਕਮਿਸ਼ਨਰੇਟ ਜਲੰਧਰ ਅਧੀਨ ਵੱਖ-ਵੱਖ ਥਾਣਿਆਂ ਵਿੱਚ ਪੰਜ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਗ੍ਰਿਫ਼ਤਾਰ ਮੁਲਜ਼ਮਾਂ ਵਿੱਚੋਂ ਕੁਝ ਆਦਤਨ ਅਪਰਾਧੀ ਹਨ। ਪੁਲਸ ਨੇ ਇਨ੍ਹਾਂ ਮੁਲਜ਼ਮ ਕੋਲੋਂ 90 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਿਸ ਵੱਲੋਂ ਜਿਥੇ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਉਥੇ ਨਸ਼ੇ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸ ਉਪਰਾਲੇ ਤਹਿਤ ਨਸ਼ੇ ਦੇ ਆਦੀ 14 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ 11 ਨੂੰ ਓਟ ਕੇਂਦਰਾਂ ਵਿੱਚ ਅਤੇ 1 ਨੂੰ ਐਨ.ਡੀ.ਪੀ.ਐਸ. ਐਕਟ ਦੀ ਧਾਰਾ 64 ਏ ਅਧੀਨ ਅਤੇ 2 ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਰੈਫਰ ਕੀਤਾ ਗਿਆ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਸ ਜਲੰਧਰ ਸ਼ਹਿਰ 'ਚ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਦ੍ਰਿੜ੍ਹ ਵਚਨਬੱਧ ਹੈ। ਉਨ੍ਹਾਂ ਨਾਗਰਿਕਾਂ ਨੂੰ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਜਲੰਧਰ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।



## 5 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ

**ਬੰਗਾ (ਅਵਤਾਰ ਕਲੇਰ)**- ਜ਼ਿਲ੍ਹਾ ਪੁਲਸ ਵੱਲੋਂ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲਿਆਂ ਖਿਲਾਫ ਚਲਾਈ ਮੁਹਿੰਮ ਨੂੰ ਉਸ ਵਕਤ ਕਾਮਯਾਬੀ ਮਿਲੀ ਜਦੋਂ ਥਾਣਾ ਸਿਟੀ ਬੰਗਾ ਦੀ ਪੁਲਿਸ ਨੇ ਇੱਕ ਨੌਜਵਾਨ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਬੰਗਾ ਦੇ ਐੱਸ.ਐੱਚ.ਓ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਦੌਰਾਨ ਗੜ੍ਹਸ਼ੰਕਰ ਚੌਕ ਤੋਂ ਝਿੰਗੜਾਂ ਪੁਲੀ ਕੋਲ ਪਹੁੰਚੀ ਤਾਂ ਉੱਥੇ ਸ਼ੱਕੀ ਹਾਲਤ ਵਿੱਚ ਇਕ ਨੌਜਵਾਨ ਦਿਖਾਈ ਦਿੱਤਾ, ਜੋ ਪੁਲਿਸ ਨੂੰ ਦੇਖ ਕੇ ਘਬਰਾ ਗਿਆ। ਸ਼ੱਕ ਦੇ ਆਧਾਰ ਤੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਨੇ ਆਖਿਆ ਕਿ ਦੋਸ਼ੀ ਦੀ ਪਹਿਚਾਣ ਸਨੀ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਮਾਹਿਲ ਗਹਿਲਾ ਦੇ ਤੌਰ ਤੇ ਹੋਈ। ਪੁਲਿਸ ਨੇ ਫੜੇ ਗਏ ਮੁਲਜ਼ਮ ਤੇ ਐਨ ਡੀ ਪੀ ਐੱਸ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ਮੀਨਾਂ ਕਿਸੇ ਵੀ ਕੀਮਤ 'ਤੇ ਐਕੁਆਇਰ ਨਹੀਂ ਕਰਨ ਦੇਵਾਂਗੇ : ਪੀੜਤ ਕਿਸਾਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਵਿੱਚ ਸ਼ਾਮਿਲ ਕਿਸਾਨ ਜਥੇਬੰਦੀਆਂ ਤੇ ਲੈਂਡ ਪੂਲਿੰਗ ਸਕੀਮ ਤੋਂ ਪ੍ਰਭਾਵਿਤ ਕਿਸਾਨਾਂ ਦੀ ਸਾਂਝੀ ਮੀਟਿੰਗ ਸੁਲਤਾਨਪੁਰ ਲੋਧੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਲਖਵਿੰਦਰ ਸਿੰਘ ਅਦਾਲਤ ਚੱਕ, ਬਲਵਿੰਦਰ ਸਿੰਘ ਬਾਜਵਾ ਕਿਰਤੀ ਕਿਸਾਨ ਯੂਨੀਅਨ ਪੰਜਾਬ, ਧਰਮਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਬਲਦੇਵ ਸਿੰਘ ਪੰਜਾਬ ਕਿਸਾਨ ਸਭਾ ਨੇ ਕੀਤੀ। ਇਸ ਮੌਕੇ ਲੈਂਡ ਪੂਲਿੰਗ ਪਾਲਸੀ ਦੇ ਪੀੜਤ ਕਿਸਾਨ ਲਖਵਿੰਦਰ ਸਿੰਘ ਅਦਾਲਤ ਚੱਕ, ਸੁਖਦੇਵ ਸਿੰਘ ਜੱਜ, ਦਿਲਬਾਗ ਸਿੰਘ ਅਦਾਲਤ ਚੱਕ, ਰਜਿੰਦਰ ਸਿੰਘ, ਰਘਬੀਰ ਸਿੰਘ, ਜਸਬੀਰ ਸਿੰਘ, ਸ਼ੀਤਲ ਸਿੰਘ, ਸ਼ੇਰ ਸਿੰਘ ਮੁਕਟ ਰਾਮ ਵਾਲਾ, ਸਰਨਜੀਤ ਸਿੰਘ, ਕਰਨਜੀਤ ਸਿੰਘ, ਸਿਮਰਜੀਤ ਸਿੰਘ, ਜਤਿੰਦਰਪਾਲ ਸਿੰਘ ਆਦਿ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨੂੰ ਉਜਾੜ ਰਹੀ ਹੈ ਅਤੇ ਧੱਕੇ ਨਾਲ ਲੈਂਡ ਪੂਲਿੰਗ ਪਾਲਸੀ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹਥਿਆਉਣਾ ਚਾਹੁੰਦੀ ਹੈ, ਜਿਸ ਦਾ ਸਮੂਹ ਕਿਸਾਨ ਤਿੱਖਾ ਵਿਰੋਧ ਕਰਦੇ ਹਨ। ਉਹਨਾਂ ਕਿਹਾ ਕਿ ਕਿਸਾਨ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਨ ਸਰਕਾਰ ਨੂੰ ਨਹੀਂ ਦੇਣਗੇ ਭਾਵੇਂ ਉਸ ਲਈ ਉਹਨਾਂ ਨੂੰ ਆਪਣੀਆਂ ਜਾਨਾਂ ਵੀ ਕੁਰਬਾਨ ਕਰਨੀਆਂ ਪੈਣ। ਉਹਨਾਂ ਮੰਗ ਕੀਤੀ ਕਿ ਸਰਕਾਰ ਨੂੰ ਇਸ ਪਾਲਸੀ ਨੂੰ ਤੁਰੰਤ ਖਾਰਜ ਕਰਨਾ ਚਾਹੀਦਾ ਹੈ ਅਤੇ ਜਾਰੀ ਕੀਤੇ ਗਏ ਨੋਟਿਸ ਤੁਰੰਤ ਵਾਪਸ ਲੈਣੇ ਚਾਹੀਦੇ ਹਨ। ਇਸ ਮੌਕੇ ਰਸ਼ਪਾਲ ਸਿੰਘ ਕਿਰਤੀ ਕਿਸਾਨ ਯੂਨੀਅਨ ਪੰਜਾਬ, ਐਡਵੋਕੇਟ ਰਜਿੰਦਰ ਸਿੰਘ ਰਾਣਾ ਸੰਯੁਕਤ ਕਿਸਾਨ ਮੋਰਚਾ, ਬਲਵਿੰਦਰ ਸਿੰਘ ਭੁੱਲਰ ਕਿਰਤੀ ਕਿਸਾਨ ਯੂਨੀਅਨ ਪ੍ਰਧਾਨ ਕਪੂਰਥਲਾ, ਮਾਸਟਰ ਚਰਨ ਸਿੰਘ ਕੁੱਲ ਹਿੰਦ ਕਿਸਾਨ ਸਭਾ, ਅਮਰਜੀਤ ਸਿੰਘ ਟਿੱਬਾ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ, ਧਰਮਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ ਡਕੌਂਦਾ, ਮੁਕੰਦ ਸਿੰਘ ਸੀਨੀਅਰ ਕਿਸਾਨ ਆਗੂ, ਰਘਬੀਰ ਸਿੰਘ ਮਹਿਰਵਾਲਾ ਸੂਬਾ ਮੀਤ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਡਕੌਂਦਾ, ਮੁਕੰਦ ਸਿੰਘ ਸੂਬਾ ਆਗੂ ਕੁੱਲ ਹਿੰਦ ਕਿਸਾਨ ਸਭਾ, ਸਰਵਣ ਸਿੰਘ ਕਰਮਜੀਤਪੁਰ, ਜਥੇਦਾਰ ਪਲਵਿੰਦਰ ਸਿੰਘ ਕਾਲਾ ਸੰਘਿਆਂ, ਬਿੱਟੂ ਸੁਨੇਤ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ, ਨਿਰਮਲ ਸਿੰਘ ਸ਼ੇਰਪੁਰ ਸੱਧਾ ਪੇਂਡੂ ਮਜ਼ਦੂਰ ਯੂਨੀਅਨ, ਕਾਮਰੇਡ ਬਲਦੇਵ ਸਿੰਘ ਮਿਸਤਰੀ ਮਜ਼ਦੂਰ ਯੂਨੀਅਨ, ਕੁਲਦੀਪ ਸਿੰਘ ਡਿਪਟੀ, ਸੁਰਜੀਤ ਸਿੰਘ ਠੱਟਾ ਪ੍ਰਧਾਨ ਖੇਤ ਮਜ਼ਦੂਰ ਸਭਾ, ਫਕੀਰ ਮੁਹੰਮਦ ਸਕੱਤਰ ਪੀਡਬਲਯੂਡੀ ਪੈਨਸ਼ਨ ਯੂਨੀਅਨ, ਸਾਧੂ ਸਿੰਘ ਡੱਲਾ ਕਿਰਤੀ ਕਿਸਾਨ ਯੂਨੀਅਨ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨਾਲ ਧੱਕਾ ਕਰਦਿਆਂ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰਨ ਲਈ ਬਿੱਲ ਪਾਸ ਕੀਤਾ ਜਿਸ ਦਾ ਵਿਰੋਧ ਸਮੁੱਚੇ ਦੇਸ਼ ਦੇ ਕਿਸਾਨਾਂ ਵੱਲੋਂ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਕੇਂਦਰ ਸਰਕਾਰ ਨੂੰ ਰੱਦ ਕਰਨਾ ਪਿਆ। ਆਗੂਆਂ ਨੇ ਕਿਹਾ ਕਿ ਹੁਣ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਹਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਇਕਵਾਇਰ ਕਰਕੇ ਉਹਨਾਂ ਨੂੰ ਉਜਾੜਨਾ ਚਾਹੁੰਦੀ ਹੈ ਆਗੂਆਂ ਨੇ ਕਿਹਾ ਕਿ ਸਮੂਹ ਕਿਸਾਨ, ਮਜ਼ਦੂਰ ਜਥੇਬੰਦੀਆਂ ਕਿਸਾਨਾਂ ਦੇ ਨਾਲ ਖੜ੍ਹੀਆਂ ਹਨ ਅਤੇ ਸਰਕਾਰ ਦੀ ਇਸ ਧੱਕੇਸ਼ਾਹੀ ਦੇ ਖਿਲਾਫ ਸੰਘਰਸ਼ ਨੂੰ ਹੋਰ ਤਿੱਖਾ ਕਰਨਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ ਹਰਜਿੰਦਰ ਸਿੰਘ ਲਾਲੀ, ਮਾਸਟਰ ਜਸਵਿੰਦਰ ਸਿੰਘ, ਗੁਰਦੇਵ ਸਿੰਘ ਲਵਲੀ, ਹਰਨੇਕ ਸਿੰਘ ਕਰਮਜੀਤਪੁਰ, ਬਲਦੇਵ ਸਿੰਘ ਪਰਮਜੀਤਪੁਰ, ਸੁਖਦੇਵ ਸਿੰਘ, ਸਰਬਜੀਤ ਸਿੰਘ , ਕੁਲਦੀਪ ਸਿੰਘ ਮਾਛੀਜੋਆ, ਕਰਮਵੀਰ ਸਿੰਘ, ਚਰਨ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

## ਫਿਲੌਰ 'ਚ ਭਾਰੀ ਵਰਖਾ ਹੋਣ ਨਾਲ ਕਿਸਾਨ ਹੋਏ ਖੁਸ਼



**ਫਿਲੌਰ (ਨਿਰਮਲ)**- ਅੱਜ ਸਵੇਰ ਤੋਂ ਸ਼ਾਮ 5 ਵਜੇ ਤੱਕ ਫਿਲੌਰ ਇਲਾਕੇ ਵਿੱਚ ਕਿਤੇ ਭਾਰੀ ਤੇ ਕਿਤੇ ਹਲਕੀ ਵਰਖਾ ਹੋਣ ਦੇ ਸਮਾਚਾਰ ਪ੍ਰਾਪਤ ਹੋਏ ਹਨ। ਕਿਸਾਨ ਵਰਗ ਇਸ ਵਰਖਾ ਤੋਂ ਕਾਫੀ ਖੁਸ਼ ਨਜ਼ਰ ਆ ਰਿਹਾ ਸੀ। ਗਰੀਬ ਜਨਤਾ ਨੂੰ ਵੀ ਅੱਤ ਦੀ ਗਰਮੀ ਤੋਂ ਰਾਹਤ ਮਿਲੀ ਤੇ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਬਹਾਲ ਹੋਈ। ਕਿਸਾਨ ਦਰਸ਼ਨ ਸਿੰਘ, ਗੁਰਮੀਤ ਸਿੰਘ, ਬਲਕਾਰ ਸਿੰਘ ਆਦਿ ਨੇ ਦੱਸਿਆ ਕਿ ਇਹ ਵਰਖਾ ਝੋਨੇ ਦੀ ਫਸਲ ਲਈ ਭਾਰੀ ਲਾਭਕਾਰੀ ਸਿੱਧ ਹੋਵੇਗੀ । ਫਿਲੌਰ ਤੋਂ ਇਲਾਵਾ ਨਗਰ,ਥਲਾ, ਬਕਾਪੁਰ, ਖੈਹਿਰਾ, ਭੱਟੀਆਂ, ਬਛੋਵਾਲ, ਸੈਫਾਬਾਦ, ਬੁਰਜ ਪੁਖਤਾ, ਆਸ਼ਾ ਹੂਰ, ਝੰਡੀ ਪੀਰ, ਛਾਓਲੇ ਬਜਾੜ, ਗੰਨਾ ਪਿੰਡ, ਭੈਣੀ, ਹਰੀਪੁਰ, ਆਲੋਵਾਲ ਆਦੀ ਪਿੰਡਾਂ ਤੋਂ ਵਰਖਾ ਹੋਣ ਦੇ ਸਮਾਚਾਰ ਪ੍ਰਾਪਤ ਹੋਏ ਹਨ।

# ਪਰਵਾਰਕ ਮੈਂਬਰਾਂ ਨੂੰ ਬੰਧਕ ਬਣਾ ਹਥਿਆਰਬੰਦ ਲੁਟੇਰਿਆਂ ਨੇ ਚੋਰੀ ਦੀ ਵੱਡੀ ਵਾਰਦਾਤ ਨੂੰ ਦਿੱਤਾ ਅੰਜਾਮ

**ਅੱਡਾ ਸਰਾਂ/ ਟਾਂਡਾ ਉੜਮੁੜ (ਓਂਕਾਰ ਸਿੰਘ / ਜਸਵੀਰ ਕਾਜਲ)**- ਟਾਂਡਾ ਦੇ ਪਿੰਡ ਪੱਤੀ ਫਿਰੋਜ਼ ਵਿੱਚ ਬੀਤੀ ਰਾਤ 5 ਤੋਂ 6 ਹਥਿਆਰਬੰਦ ਲੁਟੇਰਿਆਂ ਨੇ ਲੁੱਟਖੋਹ ਤੇ ਚੋਰੀ ਦੀ ਵੱਡੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਘਰ ਵਿੱਚ ਪਈ ਨਗਦੀ, ਗਹਿਣੇ ਤੇ ਹੋਰ ਸਮਾਨ ਚੋਰੀ ਕਰ ਲਿਆ। ਇਸੇ ਦੌਰਾਨ ਹੀ ਲੁਟੇਰਿਆਂ ਨੇ ਚੋਰੀ ਵਾਲੇ ਘਰ ਦੇ ਪਰਵਾਰਕ ਮੈਂਬਰਾਂ ਨੂੰ ਬੰਧਕ ਬਣਾਉਂਦੇ ਹੋਏ ਬੁਰੀ ਤਰ੍ਹਾਂ ਮਾਰਕੁੱਟ ਵੀ ਕੀਤੀ।ਇਹ ਘਟਨਾ ਬੀਤੀ ਰਾਤ 1 ਵਜੇ ਦੀ ਦੱਸੀ ਜਾ ਰਹੀ ਹੈ ਜਦੋਂ ਹਥਿਆਰਬੰਦ ਲੁਟੇਰਿਆਂ ਨੇ ਕਰਮਜੀਤ ਸਿੰਘ ਪੁੱਤਰ ਬੱਗਾ ਸਿੰਘ ਦੇ ਘਰ 'ਤੇ ਧਾਵਾ ਬੋਲਦੇ ਹੋਏ ਪਰਵਾਰਕ ਮੈਂਬਰਾਂ ਨੂੰ ਬੰਧਕ ਬਣਾ ਲਿਆ ਅਤੇ ਉਹਨਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕਰਦੇ ਹੋਏ ਘਰ ਦੀ ਫੋਲਾ ਫਰਾਲੀ ਕੀਤੀ।ਲੁਟੇਰਿਆਂ ਨੇ ਹਥਿਆਰਾਂ ਦੇ ਬਲ 'ਤੇ ਇੱਕ ਚੇਨੀ, ਇੱਕ ਕੜਾ, 3 ਹਜ਼ਾਰ ਦੀ ਨਗਦੀ, ਅਮਰੀਕੀ ਡਾਲਰ, ਦੋ ਵਾਲੀਆਂ ਦੇ ਸੈੱਟ ਤੇ ਹੋਰ ਸਮਾਨ ਚੋਰੀ ਕਰ ਲਿਆ।ਲੁਟੇਰਿਆਂ ਨੇ ਘਰ ਦੇ ਪਰਵਾਰਕ ਮੈਂਬਰ ਦਲਜੀਤ ਕੌਰ ਪਤਨੀ ਕਰਮਜੀਤ ਸਿੰਘ ਤੇ ਉਨ੍ਹਾਂ ਦੇ ਪੁੱਤਰ ਨਾਲ ਬੁਰੀ ਤਰਾਂ ਕੁੱਟਮਾਰ ਕੀਤੀ, ਜਿਸ ਦੌਰਾਨ ਦਲਜੀਤ ਕੌਰ ਦੀਆਂ ਲੱਤਾਂ ਤੇ ਬਾਹਾਂ ਫੈਕਚਰ ਹੋ ਗਈਆਂ। ਇਸੇ ਦੌਰਾਨ ਹੀ ਲੁਟੇਰਿਆਂ ਨੇ ਘਰ ਵਿੱਚ ਖੜ੍ਹੀਆਂ ਗੱਡੀਆਂ ਦੀ ਵੀ ਭੰਨਤੋੜ ਕੀਤੀ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਲੁਟੇਰਿਆਂ ਕੋਲ ਪਿਸਤੌਲ, ਤੇਜ਼ਧਾਰ ਹਥਿਆਰ ਤੇ ਬੇਸਵਾਲ ਸਨ। ਇਸ ਚੋਰੀ ਦੀ ਸੂਚਨਾ ਮਿਲਦਿਆਂ ਹੀ ਡੀ.ਐਸ.ਪੀ ਟਾਂਡਾ ਦਵਿੰਦਰ ਸਿੰਘ ਬਾਜਵਾ, ਥਾਣਾ ਮੁਖੀ ਟਾਂਡਾ ਗੁਰਜਿੰਦਰਜੀਤ ਸਿੰਘ ਨਾਗਰਾ ਤੇ ਚੌਂਕੀ ਇੰਚਾਰਜ ਬਸਤੀ ਬੋਹੜਾ ਰਾਜੇਸ਼ ਕੁਮਾਰ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਅਤੇ ਪਿੰਡ ਵਿੱਚ ਲੱਗੇ ਹੋਏ ਸੀ ਸੀ ਟੀਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ। ਡੀ.ਐਸ.ਪੀ ਦਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਸਮੁੱਚਾ ਪੁਲਸ ਪ੍ਰਸ਼ਾਸਨ ਲੁਟੇਰਿਆਂ ਦੀ ਭਾਲ ਵਿੱਚ ਲੱਗਾ ਹੋਇਆ ਹੈ। ਉਧਰ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਨੇ ਟਾਂਡਾ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਮਾਰਕੁੱਟ ਦਾ ਸ਼ਿਕਾਰ ਹੋਈ ਦਲਜੀਤ ਕੌਰ ਦਾ ਹਾਲ ਜਾਣਿਆ ਅਤੇ ਲਗਾਤਾਰ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਟਾਂਡਾ ਪੁਲਸ ਨੇ ਇਸ ਚੋਰੀ 'ਚ ਲੁੱਟਖੋਹ ਦਾ ਸ਼ਿਕਾਰ ਹੋਏ ਅਮਰੀਕ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇ ਦੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।



## ਸਰਕਾਰ ਵਪਾਰੀਆਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰੇ : ਚਿੰਟੂ ਅਰੋੜਾ

**ਨਵਾਂਸ਼ਹਿਰ (ਮਨੋਜ ਲਾਡੀ)** ਅੱਜ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਦੇ ਵਪਾਰ ਮੰਡਲ ਦੇ ਪ੍ਰਧਾਨ ਚਿੰਟੂ ਅਰੋੜਾ ਨੇ ਵਪਾਰੀਆਂ ਦੇ ਭਖਦੇ ਮਸਲੇ ਸਬੰਧੀ ਪੰਜਾਬ ਟ੍ਰੇਡਰਸ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਦੇ ਸਾਹਮਣੇ ਰੱਖੇ ਵਪਾਰੀਆਂ ਤੇ ਪੈ ਰਹੇ ਜੀ ਐਸ ਟੀ ਦੇ ਛਾਪੇ, ਚੋਰੀਆਂ ਦੀ ਭਰਮਾਰ ਅਤੇ ਰੇਲਵੇ ਰੋਡ ਦੀ ਦੁਰਦਸ਼ਾ ਆਦਿ ਮਸਲੇ ਸਾਹਮਣੇ ਰੱਖੇ। ਉਨ੍ਹਾਂ ਕਿਹਾ ਕਿ ਨਵਾਂਸ਼ਹਿਰ ਦੇ ਵਪਾਰੀਆਂ ਵੱਲੋਂ ਜੀ ਐੱਸ ਟੀ ਟੈਕਸ ਦੇ ਰੂਪ ਵਿਚ ਪਿਛਲੇ ਸਾਲ ਨਾਲੋਂ ਵੱਧ ਪੈਸਾ ਸਰਕਾਰ ਨੂੰ ਦਿੱਤਾ ਗਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਪਾਰੀਆਂ ਦੇ ਮਸਲੇ ਪਹਿਲ ਦੇ ਆਧਾਰ ਤੇ ਹੱਲ ਕਰਨ ਅਤੇ ਵਪਾਰ ਲਈ ਮਾਹੌਲ ਨੂੰ ਸਹੀ ਬਣਾਇਆ ਜਾਵੇ, ਰੇਲਵੇ ਰੋਡ ਦੀ ਸੜਕ ਤੁਰੰਤ ਬਣਾਈ ਜਾਵੇ ਤਾਂ ਜੋ ਮਾਲਵੇ ਵੱਲੋਂ ਆਉਂਦੇ ਅਤੇ ਧਾਰਮਿਕ ਸਥਾਨਾਂ ਨੂੰ ਜਾਣ ਦੇ ਲੋਕ ਕਠਿਨਾਈਆਂ ਮਹਿਸੂਸ ਨਾ ਕਰਨ। ਇਸ ਮੌਕੇ ਅਨਿਲ ਠਾਕੁਰ ਨੇ ਬਹੁਤ ਹੀ ਸੰਜੀਦਗੀ ਨਾਲ ਇਨ੍ਹਾਂ ਮਸਲਿਆਂ ਨੂੰ ਸੁਣਿਆ ਅਤੇ ਰੇਲਵੇ ਰੋਡ ਦੀ ਸੜਕ ਨੂੰ ਦੋ ਮਹੀਨੇ 'ਚ ਬਣਾਉਣ ਦਾ ਭਰੋਸਾ ਦਿੱਤਾ ਅਤੇ ਬਾਕੀ ਦੇ ਮਸਲੇ ਵੀ ਪਹਿਲ ਦੇ ਆਧਾਰ ਤੇ ਹੱਲ ਕਰਾਉਣ ਲਈ ਵਿਸ਼ਵਾਸ ਦਵਾਇਆ ਅਤੇ ਪ੍ਰਧਾਨ ਨੂੰ ਹੋਰ ਵੀ ਕੋਈ ਮਸਲੇ ਹੋਣ ਤਾਂ ਚੰਡੀਗੜ੍ਹ ਆਉਣ ਦਾ ਸੱਦਾ ਦਿੱਤਾ। ਜਿਹੜੇ ਵਪਾਰੀਆਂ ਦੀ ਸਾਲਾਨਾ ਵਿਕਰੀ ਦੋ ਕਰੋੜ ਤੋਂ ਵੱਧ ਹੈ, ਉਨ੍ਹਾਂ ਨੂੰ 5 ਲੱਖ ਦਾ ਸਿਹਤ ਬੀਮਾ ਯੋਜਨਾ ਵਿਚ ਲਿਆਂਦਾ ਜਾਵੇ ਅਤੇ 21 ਮੈਂਬਰੀ ਐਡਵਾਈਜ਼ਰੀ ਕਮੇਟੀ ਬਣਾਉਣ ਲਈ ਕਿਹਾ।

## ਪਿੰਡ ਦਿਆਲਪੁਰ, ਮੁਰਾਰ ਵੱਲੋਂ 31ਵਾਂ ਸਾਲਾਨਾ ਲੰਗਰ ਹਿਮਾਚਲ ਪ੍ਰਦੇਸ਼ 'ਚ ਲਗਾਇਆ ਜਾਏਗਾ

**ਕਰਤਾਰਪੁਰ (ਹਰਮੇਸ਼ ਦੱਤ)**- ਪਿੰਡ ਦਿਆਲਪੁਰ,ਮੁਰਾਰ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 31 ਵਾਂ ਸਲਾਨਾ ਲੰਗਰ ਮਹਾਮਾਈ ਜੀ ਦੇ ਦਰਬਾਰ ਤੇ ਹਿਮਾਚਲ ਪ੍ਰਦੇਸ਼ ਵਿਖੇ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਪਿੰਡ ਦਿਆਲਪੁਰ ਦੇ ਮੇਨ ਬਾਜ਼ਾਰ ਦੇ ਸ਼ਿਵਾਲੇ ਮੰਦਿਰ ਵਿੱਚ ਪੰਡਿਤ ਅਤੇ ਕਮੇਟੀ ਮੈਂਬਰਾਂ ਵੱਲੋ ਪੂਜਾ ਅਰਚਨਾ ਕੀਤੀ ਗਈ। ਮਹਾਮਾਈ ਜੀ ਦੀ ਜੋਤ ਦੀ ਸੁੰਦਰ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ। ਸ਼ੋਭਾ ਯਾਤਰਾ ਬੈਂਡ ਬਾਜਿਆ ਨਾਲ ਸ਼ਿਵਾਲੇ ਮੰਦਿਰ ਤੋਂ ਸ਼ੁਰੂ ਹੋ ਕੇ ਪਿੰਡ ਦੀ ਪਰਿਕਰਮਾ ਕਰਦੀ ਹੋਈ ਬੂੰਗਾ ਮੰਦਰ ਵਿਖੇ ਪਹੁੰਚੀ। ਪਿੰਡ ਵਾਸੀਆਂ ਨੇ ਸ਼ੋਭਾ ਯਾਤਰਾ ਵਿੱਚ ਥਾਂ-ਥਾਂ ਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਹੋਏ ਸਨ। ਬੂੰਗੇ ਮੰਦਰ ਵਿੱਚ ਲੰਗਰ ਕਮੇਟੀ ਵੱਲੋਂ ਸੰਗਤਾਂ ਲਈ ਕੜੀ ਚੋਲ ਦਾ ਲੰਗਰ ਵੀ ਲਗਾਇਆ ਗਿਆ। 25 ਜੁਲਾਈ ਨੂੰ ਮਹਾਮਾਈ ਜੀ ਦੀ ਚੌਂਕੀ ਵੀ ਕਰਵਾਈ ਗਈ। ਲੰਗਰ 28,29,30,31ਅਤੇ 1ਅਗਸਤ ਨੂੰ ਬੰਬੇ ਪਿਕਨਿਕ ਸਪੌਟ, ਜੈਨ ਹਵੇਲੀ, ਪਿੱਪਲਾਂ ਵਾਲਾ ਢਾਬਾ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੇਵਾਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ।



## ਫਾਲਕਨ ਇੰਟਰਨੈਸ਼ਨਲ ਸਕੂਲ 'ਚ ਤੀਆਂ ਦੀਆਂ ਰੌਣਕਾਂ

**ਸੁਲਤਾਨਪੁਰ ਲੋਧੀ (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ । ਇਸ ਦੌਰਾਨ ਵਿਦਿਆਰਥੀਆਂ ਨੇ ਰੰਗੀਨ ਪਹਿਰਾਵੇ 'ਚ ਪੰਜਾਬੀ ਸਭਿਆਚਾਰ ਨੂੰ ਦਰਸਾਉਂਦਾ ਸ਼ਾਨਦਾਰ ਸਮਾਗਮ ਪੇਸ਼ ਕੀਤਾ । ਜਿਸ ਵਿਚ ਭੰਗੜਾ, ਗਿੱਧਾ, ਲੋਕ ਗੀਤ, ਕਵਿਤਾਵਾਂ ਆਦਿ ਆਈਟਮਾਂ ਪੇਸ਼ ਕੀਤੀਆਂ ਗਈਆਂ । ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਿੱਧੇ ਭੰਗੜੇ ਰਾਹੀਂ ਤੀਜ ਕੁਈਨ ਦਾ ਨਤੀਜਾ ਐਲਾਨਿਆ ਗਿਆ । ਦਸਵੀਂ ਜਮਾਤ ਦੀ ਖੁਸ਼ਪ੍ਰੀਤ ਕੌਰ ਮਿਸ ਤੀਜ ਦਾ ਖ਼ਿਤਾਬ ਹਾਸਲ ਕਰਨ 'ਚ ਸਫਲ ਰਹੀ । ਇਸੇ ਜਮਾਤ ਦੀ ਮਨਰੀਤ ਕੌਰ ਮਿਸ ਸੋਬਰ ਅਤੇ ਹਰਮੀਤ ਕੌਰ ਨੂੰ ਮਿਸ ਬਿਉਟੀਫੁੱਲ ਸਮਾਈਲ ਚੁਣੀ ਗਈ। ਪੰਜਵੀਂ ਜਮਾਤ ਦੀ ਏਕਮਪ੍ਰੀਤ ਕੌਰ ਨੇ ਮਿਸ ਗਿੱਧਾ ਕੁਈਨ ਦਾ ਖ਼ਿਤਾਬ ਹਾਸਲ ਕੀਤਾ । ਅੱਠਵੀਂ ਜਮਾਤ ਦੀ ਮੁਸਕਾਨ ਨੂੰ ਮਿਸ ਨੱਖਰਾ ਕੁਈਨ ਅਤੇ ਪੰਜਵੀ ਜਮਾਤ ਦੀ ਐਸ਼ਮੀਤ ਕੌਰ ਨੂੰ ਕਿਊਟ ਪੰਜਾਬਣ ਚੁਣਿਆ ਗਿਆ। ਗੁਰਦੀਪ ਕੌਰ ਢਿੱਲੋਂ, ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਨੇਜਿੰਗ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ । ਇਸ ਮੌਕੇ ਵਾਇਸ ਪ੍ਰਿੰਸੀਪਲ ਰਵਿੰਦਰਜੀਤ ਕੌਰ, ਐਕਟੀਵਿਟੀ ਇੰਚਾਰਜ ਮੈਡਮ ਚੰਚਲ, ਸ਼ਰਨਜੀਤ ਕੌਰ, ਰਜਨੀ ਧੀਰ, ਤਾਨੀਆ ਧੀਰ, ਪੂਜਾ, ਨੀਤਾ, ਸਿਮਰਨ ਆਦਿ ਸਟਾਫ ਮੈਂਬਰ ਹਾਜ਼ਰ ਸਨ।



## ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ ਬਾਰੇ ਬਹੁ-ਰਾਜੀ ਵਰਕਸ਼ਾਪ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨ.ਆਈ.ਸੀ.), ਪੰਜਾਬ ਨੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ (ਡੀ.ਪੀ.ਡੀ.ਪੀ.) ਐਕਟ ਬਾਰੇ ਵਿਆਪਕ ਵਰਕਸ਼ਾਪ ਕਰਵਾਈ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਸੀਨੀਅਰ ਸਰਕਾਰੀ ਅਧਿਕਾਰੀਆਂ ਨਾਲ ਇਸ ਨਵੇਂ ਕਾਨੂੰਨ ਦੇ ਲਾਗੂ ਕਰਨ ਸਬੰਧੀ ਰਣਨੀਤੀਆਂ 'ਤੇ ਚਰਚਾ ਕੀਤੀ।ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਦੇ ਡਾਇਰੈਕਟਰ ਅਮਿਤ ਤਲਵਾੜ ਨੇ ਸੈਸ਼ਨ ਦਾ ਉਦਘਾਟਨ ਕੀਤਾ ਅਤੇ ਸਰਕਾਰੀ ਵਿਭਾਗਾਂ ਵਿੱਚ ਯੋਜਨਾਬੱਧ ਡੇਟਾ ਸੁਰੱਖਿਆ ਢਾਂਚੇ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਵਰਕਸ਼ਾਪ ਦੌਰਾਨ ਸਰਕਾਰੀ ਆਈ.ਟੀ. ਐਪਲੀਕੇਸ਼ਨਾਂ ਅਤੇ ਡਿਜੀਟਲ ਸੇਵਾਵਾਂ ਵਿੱਚ ਡੀ.ਪੀ.ਡੀ.ਪੀ. ਐਕਟ ਦੀ ਪਾਲਣਾ ਦੇ ਵਿਹਾਰਕ ਪਹਿਲੂਆਂ ਬਾਰੇ ਚਰਚਾ ਕੀਤੀ ਗਈ।ਐਨ.ਆਈ.ਸੀ. ਹੈੱਡਕੁਆਰਟਰ ਤੋਂ ਡਿਪਟੀ ਡਾਇਰੈਕਟਰ ਜਨਰਲ ਪ੍ਰਸ਼ਾਂਤ ਕੁਮਾਰ ਮਿੱਤਲ ਨੇ ਡੀ.ਪੀ.ਡੀ.ਪੀ. ਐਕਟ ਦੇ ਉਪਬੰਧਾਂ ਅਤੇ ਨਿਯਮਾਂ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਸਟੇਟ ਇਨਫੋਰਮੈਟਿਕਸ ਅਫਸਰ ਵਿਵੇਕ ਵਰਮਾ (ਪੰਜਾਬ), ਸਰਬਜੀਤ ਸਿੰਘ (ਹਰਿਆਣਾ) ਅਤੇ ਰਮੇਸ਼ ਗੁਪਤਾ (ਚੰਡੀਗੜ੍ਹ) ਨੇ ਆਪਣੀਆਂ ਤਕਨੀਕੀ ਟੀਮਾਂ ਦੇ ਨਾਲ ਵਰਕਸ਼ਾਪ ਵਿੱਚ ਹਿੱਸਾ ਲਿਆ। ਇਸ ਸੈਸ਼ਨ ਵਿੱਚ ਡੇਟਾ ਗਵਰਨੈਂਸ ਅਤੇ ਰਣਨੀਤੀ ਡਵੀਜ਼ਨ ਦੇ ਮੁਖੀ ਮੁਕੇਸ਼ ਗੁਪਤਾ ਅਤੇ ਸਲਾਹਕਾਰ ਆਕਾਸ਼ ਅਗਰਵਾਲ ਨੇ ਗੋਪਨੀਯਤਾ ਢਾਂਚੇ ਦੇ ਕਾਨੂੰਨੀ, ਸੰਚਾਲਕੀ ਅਤੇ ਤਕਨੀਕੀ ਪਹਿਲੂਆਂ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ। ਇਸ ਵਰਕਸ਼ਾਪ ਨੇ ਅਧਿਕਾਰੀਆਂ ਨੂੰ ਸਰਕਾਰੀ ਪ੍ਰਣਾਲੀਆਂ ਵਿੱਚ ਡੀ.ਪੀ.ਡੀ.ਪੀ. ਉਪਬੰਧਾਂ ਨੂੰ ਲਾਗੂ ਕਰਨ ਬਾਰੇ ਵਿਹਾਰਕ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਇੱਕ ਮੰਚ ਪ੍ਰਦਾਨ ਕੀਤਾ। ਸਟੇਟ ਇਨਫੋਰਮੈਟਿਕਸ ਅਫਸਰ ਵਿਵੇਕ ਵਰਮਾ ਦੀ ਅਗਵਾਈ ਵਾਲੀ ਪ੍ਰਬੰਧਕੀ ਕਮੇਟੀ ਵਿੱਚ ਸੀਨੀਅਰ ਤਕਨੀਕੀ ਅਫਸਰ ਊਸ਼ਾ ਰਾਏ, ਦਿਨੇਸ਼ ਸ਼ਰਮਾ, ਸੰਜੇ ਸਾਹਨੀ ਅਤੇ ਪੰਕਜ ਜੈਨ ਸ਼ਾਮਲ ਸਨ, ਜਿਨ੍ਹਾਂ ਨੇ ਬਹੁ- ਅਧਿਕਾਰਤ ਸਿਖਲਾਈ ਪਹਿਲਕਦਮੀ ਵਿੱਚ ਤਾਲਮੇਲ ਕੀਤਾ।



## ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ: ਦੀ ਮਹੀਨਾਵਾਰ ਆਨਲਾਈਨ ਟ੍ਰੇਨਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੱਤਰਕਾਰੀ ਹਲਕਿਆਂ ਵਿੱਚ ਮਿਆਰੀ ਕੰਮ ਕਰਨਾ ਯਕੀਨੀ ਬਣਾਉਣ ਅਤੇ ਲੋਕਤੰਤਰ ਦੇ ਚੌਥੇ ਸਤੰਭ ਮੀਡੀਆ ਵਿੱਚ ਲੋਕਾਂ ਦਾ ਭਰੋਸਾ ਮੁੜ ਤੋਂ ਕਾਇਮ ਕਰਨ ਦੇ ਮਿਸ਼ਨ ਅਧੀਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ: ਪੰਜਾਬ ਆਫ ਇੰਡੀਆ ਵੱਲੋਂ ਪੰਜਾਬ ਪ੍ਰਧਾਨ ਪ੍ਰਿੰ: ਬਲਵੀਰ ਸਿੰਘ ਸੈਣੀ ਅਤੇ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਦੀ ਅਗਵਾਈ ਹੇਠ ਮਹੀਨਾਵਾਰ ਆਨਲਾਈਨ ਟ੍ਰੇਨਿੰਗ ਦੀ ਲੜੀ ਨੂੰ ਅੱਗੇ ਤੋਰਦਿਆਂ ਗੂਗਲ ਮੀਟ ਤੇ ਆਨਲਾਈਨ ਮੀਟਿੰਗ ਕੀਤੀ ਗਈ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪੱਤਰਕਾਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੀਟਿੰਗ ਦੀ ਮੇਜ਼ਬਾਨੀ ਕਰਦਿਆਂ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਨੇ ਆਪਣੇ ਪੱਤਰਕਾਰੀ ਦੇ 45 ਸਾਲਾਂ ਦੇ ਤਜਰਬੇ ਦੀ ਸਾਂਝ ਪਾਉਂਦਿਆਂ ਮੀਡੀਆ ਕਰਮੀਆਂ ਨੂੰ ਨਵੀਂ ਤਕਨੀਕ ਦੀ ਵਰਤੋਂ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਵੇਂ ਪੰਜਾਬੀ ਪੱਤਰਕਾਰੀ ਬਹੁਤ ਅੱਗੇ ਵਧ ਚੁੱਕੀ ਹੈ ਪਰ ਅਸੀਂ ਅਜੇ ਵੀ ਤਕਨੀਕੀ ਤੌਰ ਤੇ ਬਹੁਤ ਪਿੱਛੇ ਹੋਣ ਕਾਰਨ ਮਿਆਰੀ ਪੱਧਰ ਤੋਂ ਕਾਫੀ ਦੂਰ ਹਾਂ, ਇਸ ਲਈ ਸਾਨੂੰ ਆਰਟੀਫਿਸ਼ੀਅਲ ਇੰਟੈਲੀਜੈਂਸੀ (ਏ ਆਈ) ਵਰਗੀ ਤਕਨੀਕ ਨੂੰ ਅਪਣਾ ਲੈਣਾ ਚਾਹੀਦਾ ਹੈ । ਇਸ ਮੌਕੇ ਜਸਵਿੰਦਰ ਸਿੰਘ ਆਜ਼ਾਦ ਨੇ ਆਰਟੀਫਿਸ਼ੀਅਲ ਇੰਟੈਲੀਜੈਂਸੀ ਦੀ ਤਕਨੀਕ ਬਾਰੇ ਕੋਚਿੰਗ ਦਿੰਦਿਆਂ ਵੱਖ ਵੱਖ ਨੁਕਤਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਗੂਗਲ ਦੇ ਤਕਨੀਕੀ ਟੂਲ ਚੈਟ ਜੀਪੀਟੀ ਦੀ ਸੁਯੋਗ ਵਰਤੋਂ ਕਰਕੇ ਪ੍ਰਭਾਵਸ਼ਾਲੀ ਖ਼ਬਰ ਅਤੇ ਫੋਟੋ ਤਿਆਰ ਕਰਨ ਬਾਰੇ ਬੇਸ਼ਕੀਮਤੀ ਟਿੱਪਸ ਦਿੱਤੇ। ਇਸ ਮੌਕੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੀ ਇਸ ਆਨਲਾਈਨ ਟ੍ਰੇਨਿੰਗ ਵਿੱਚ ਪੱਤਰਕਾਰ ਸਾਥੀਆਂ ਨੂੰ ਆਪਣੇ ਨਿਤ ਦੇ ਕੰਮਾਂ ਨੂੰ ਸੁਖਾਲਾ ਕਰਨ ਅਤੇ ਉੱਚ ਪੱਧਰ 'ਤੇ ਲੈ ਕੇ ਜਾਣ ਲਈ ਜਸਵਿੰਦਰ ਸਿੰਘ ਆਜ਼ਾਦ ਸੂਬਾ ਚੇਅਰਮੈਨ ਵੱਲੋਂ ਬਹੁਤ ਪ੍ਰਭਾਵਸ਼ਾਲੀ ਟ੍ਰੇਨਿੰਗ ਦਿੱਤੀ ਗਈ ਹੈ। ਉਹਨਾਂ ਅਪੀਲ ਕੀਤੀ ਕਿ ਅਗਲੀ ਆਨਲਾਈਨ ਮੀਟਿੰਗ ਤੇ ਟ੍ਰੇਨਿੰਗ 3 ਅਗਸਤ ਨੂੰ ਰਾਤ 9 ਵਜੇ ਕੀਤੀ ਜਾਵੇਗੀ ਜਿਸ ਵਿੱਚ ਸਾਰੇ ਪੱਤਰਕਾਰ ਸਾਥੀ ਜ਼ਰੂਰ ਹਾਜ਼ਰ ਹੋਣਾ ਯਕੀਨੀ ਬਣਾਉਣ। ਇਸ ਮੀਟਿੰਗ ਵਿੱਚ ਵਧੀਕ ਜਨਰਲ ਸਕੱਤਰ ਤਰਸੇਮ ਦੀਵਾਨਾ, ਸੂਬਾ ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਬਲਵੀਰ ਸਿੰਘ ਕਰਮ, ਸਤਨਾਮ ਸਿੰਘ, ਰਣਜੀਤ ਸਿੰਘ ਬੈਂਸ ਪ੍ਰਧਾਨ ਯੂਨਿਟ ਆਦਮਪੁਰ, ਮਹਿੰਦਰ ਕੁਮਾਰ ਮਲਹੋਤਰਾ, ਦਲਬੀਰ ਸਿੰਘ ਕਲੋਈਆ ਆਦਿ ਸਮੇਤ ਹੋਰ ਪੱਤਰਕਾਰ ਸਾਥੀ ਵੀ ਮੌਜੂਦ ਸਨ ।




## ਐਂਟੀ ਰੇਬੀਜ਼ ਵੈਕਸੀਨ ਆਮ ਆਦਮੀ ਕਲੀਨਿਕਾਂ 'ਚ ਵੀ ਉਪਲਬਧ : ਡਾ. ਪ੍ਰੇਮ ਕੁਮਾਰ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਸਰਕਾਰ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਯਤਨ ਤਹਿਤ ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਬਲਾਕ ਢਿੱਲਵਾਂ ਦੇ ਸਾਰੇ ਆਮ ਆਦਮੀ ਕਲੀਨਿਕਾ ਵਿੱਚ ਐਂਟੀ ਰੈਬੀਜ਼ ਵੈਕਸੀਨ ਦੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ । ਜਿਨ੍ਹਾਂ ਵਿੱਚ ਆਮ ਆਦਮੀ ਕਲੀਨਿਕ ਢਿੱਲਵਾਂ, ਮਕਸੂਦਪੁਰ ਅਤੇ ਨਡਾਲਾ ਸ਼ਾਮਲ ਹਨ ।ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਦਮ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਚੁੱਕਿਆਂ ਗਿਆ ਹੈ, ਜਿਸ ਦਾ ਮੁੱਖ ਮਕਸਦ ਜਾਨਵਰਾਂ (ਕੁੱਤਾ, ਖ਼ਰਗੋਸ਼, ਬਿੱਲੀ, ਨਿਉਲਾ, ਗਿੱਦੜ ਜਾਂ ਹੋਰ ਜਾਨਵਰ) ਦੇ ਕੱਟਣ ਦੀ ਸਥਿਤੀ ਵਿੱਚ ਤੁਰੰਤ ਲੋਕਾਂ ਨੂੰ ਨਜ਼ਦੀਕ ਇਲਾਜ ਉਪਲਬਧ ਕਰਵਾਉਣਾ ਹੈ। ਉਨ੍ਹਾਂ ਦੱਸਿਆ ਢਿੱਲਵਾਂ ਅਧੀਨ ਤਿੰਨਾਂ ਆਮ ਆਦਮੀ ਕਲੀਨਿਕਾ ਵਿੱਚ ਐਂਟੀ ਰੈਬੀਜ਼ ਵੈਕਸੀਨ ਉਪਲਬਧ ਕਰਵਾ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਜਾਨਵਰਾਂ ਦੇ ਕੱਟਣ ਦੀ ਸਥਿਤੀ ਵਿੱਚ ਸਮੇਂ ਸਿਰ ਟੀਕਾਕਰਨ ਕਰਵਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਰੈਬੀਜ਼ ਇੱਕ ਘਾਤਕ ਬਿਮਾਰੀ ਹੈ। ਪਰ ਜੇਕਰ ਟੀਕਾਕਰਨ ਨਿਯਮਤ ਤਰੀਕੇ ਨਾਲ ਕਰਵਾਇਆ ਜਾਵੇ ਤਾਂ ਲੋਕ ਇਸ ਬਿਮਾਰੀ ਤੋਂ ਬਚ ਸਕਦੇ ਹਨ ।ਉਨ੍ਹਾਂ ਲੋਕਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਉਹ ਜਾਨਵਰ ਦੇ ਕੱਟਣ ਦੇ ਤੁਰੰਤ ਬਾਅਦ ਜ਼ਖ਼ਮ ਨੂੰ ਸਾਬਣ ਅਤੇ ਸਾਫ਼ ਵਗਦੇ ਪਾਣੀ ਵਿੱਚ ਚੰਗੀ ਤਰ੍ਹਾਂ ਧੋਅ ਕੇ ਐਂਟੀਸੈਪਟਿਕ ਲਗਾਉਣ ਤੋਂ ਬਾਅਦ ਨੇੜੇ ਦੇ ਆਮ ਆਦਮੀ ਕਲੀਨਿਕ ਜਾਂ ਸਰਕਾਰੀ ਹਸਪਤਾਲ ਵਿੱਚ ਇਲਾਜ ਸੰਬੰਧੀ ਸੇਵਾਵਾਂ ਲੈ ਕੇ ਸਕਦੇ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਕੋਈ ਜਾਨਵਰ ਵੱਢਦਾ ਹੈ ਤਾਂ ਚਾਰ ਟੀਕਿਆਂ ਦਾ ਕੋਰਸ (0,3,7,28 ਵੇਂ ਦਿਨ) ਕਰਨਾ ਲਾਜ਼ਮੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰੈਬੀਜ਼ ਦਾ ਪਹਿਲਾ ਟੀਕਾ ਮਰੀਜ਼ ਨੇ ਭਾਵੇਂ ਕਿਸੇ ਵੀ ਸਿਹਤ ਸੰਸਥਾ ਤੋਂ ਲਗਾਇਆ ਹੋਵੇ, ਤਾਂ ਵੀ ਬਾਕੀ ਦੇ ਟੀਕੇ ਆਪਣੇ ਨੇੜੇ ਦੇ ਆਮ ਆਦਮੀ ਕਲੀਨਿਕ ਵਿੱਚ ਲਗਵਾ ਸਕਦਾ ਹੈ।



## ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ ਸੱਭਿਆਚਾਰਕ ਮੇਲਾ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਬੀਤੇ ਦਿਨੀਂ ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ ਨੌਜਵਾਨ ਸਭਾ ਅਤੇ ਐਨ ਆਰ ਆਈ ਵੀਰਾਂ ਤੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਸਲਾਨਾ ਸੱਭਿਆਚਾਰਕ ਮੇਲਾ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਰਾਤ ਨੂੰ ਸੁੱਖਾ ਰਾਮ ਸਰੋਆ ਕਲਾ ਮੰਚ ਪੰਜਾਬ ਨੇ ਬੀਬੀ ਰਜਨੀ ਬਾਰੇ ਡਰਾਮਾ ਪੇਸ਼ ਕੀਤਾ । ਸੱਭਿਆਚਾਰਕ ਮੇਲੇ ਦੀ ਰਸਮ ਸਰਪੰਚ ਤੇ ਸਮੂਹ ਪੰਚਾਇਤ ਨੇ ਰੀਬਨ ਕੱਟ ਕੇ ਕੀਤੀ। ਇਸ ਮੌਕੇ ਗਾਇਕ ਬੀਬੀ ਜੋਤੀ ਸ਼ਰਮਾ ਨੇ ਵੰਗਾਂ ਚੜ੍ਹਾ ਲਾਓ ਕੁੜੀਓ ਦਾਤਾ ਦੇ ਦਰਬਾਰ ਦੀਆਂ 'ਤੇ ਸੂਫ਼ੀ ਗੀਤ ਗਾ ਕੇ ਵਾਹ ਵਾਹ ਖੱਟੀ, ਗਾਇਕ ਜੋੜੀ ਅਮਰੀਕ ਮਾਇਕਲ ਆਰ ਕੌਰ ਰੋਜ਼ੀ ਨੇ ਸੱਭਿਆਚਾਰਕ ਗੀਤ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ । ਜਗਤਾਰ ਤਾਰੀ ਨੇ ਰੂਹ ਤੇਰੀ ਤੇ ਬੁੱਤ ਮਾਹੀਂ ਦਾ, ਗੀਤ ਸੁਣਾਇਆ ਤੇ ਜਸਵੀਰ ਸ਼ੀਰਾ, ਆਰਤੀ ਅਨਮੋਲ, ਅੰਕੁਸ਼ ਅਤੇ ਗੁਰਨਾਮ ਸਿੰਘ ਪਾਂਧੀ ਨੇ ਵੀ ਗੀਤ ਸੁਣਾਏ। ਇਸ ਮੌਕੇ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਦੇ ਪ੍ਰਧਾਨ ਮਨਜੀਤ ਮਾਨ, ਲਖਵਿੰਦਰ ਸਿੰਘ ਆਧੀ, ਸਰਪੰਚ ਮਨਜੀਤ ਰਾਣੀ ਪਤਨੀ ਬਲਦੇਵ ਕੁਮਾਰ, ਹਰਨੇਕ ਸਿੰਘ ਸਾਬਕਾ ਪੰਚ, ਜਸਵਿੰਦਰ ਸਿੰਘ ਸਾਬਕਾ ਪੰਚ, ਗੁਰਦੀਪ ਚੰਦ ਸਾਬਕਾ ਪੰਚ, ਗੁਰਦੇਵ ਸਿੰਘ ਬਿੱਟੂ, ਆਸ਼ੂ ਪੰਡਿਤ, ਬਾਬਾ ਤੀਰਥ, ਸੰਤੋਖ ਸਿੰਘ, ਰਮਨ ਮੱਟੂ, ਲਵਪ੍ਰੀਤ, ਸੋਖਾ, ਨਿਸ਼ਾਨ, ਸੁਨੀਲ ਕੁਮਾਰ, ਵਿਕੀ, ਗੁਰਕਮਲ, ਅਰਸ਼, ਗੋਬਿੰਦ ਮੱਟੂ, ਮੀਕਾ, ਮਨਪ੍ਰੀਤ, ਅੰਕੁਸ਼ ਮੱਟੂ, ਅਮਨ, ਸੋਢੀ, ਜੀਤਾ ਆਦਿ ਹੋਰ ਵੀ ਬਹੁਤ ਸਾਰੇ ਲੋਕ ਹਾਜ਼ਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



## ਇਨੋਸੈਂਟ ਹਾਰਟਸ ਸਕੂਲ 'ਚ 'ਲਾਈਫ ਸਕਿਲਜ਼-ਐਡਵਾਂਸਡ' ਵਿਸ਼ੇ 'ਤੇ ਵਰਕਸ਼ਾਪ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਸ਼ਾਖਾ ਵੱਲੋਂ ਲਾਈਫ ਸਕਿਲਜ਼-ਐਡਵਾਂਸਡ ਵਿਸ਼ੇ ਤੇ ਸੀ.ਬੀ.ਐੱਸ.ਈ. ਵੱਲੋਂ ਮਨਜ਼ੂਰਸ਼ੁਦਾ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਦਾ ਸਫਲ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਭਾਵਨਾਤਮਕ, ਸਮਾਜਿਕ ਅਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਅਕਾਦਮਿਕ ਕਾਮਯਾਬੀ ਲਈ ਜ਼ਰੂਰੀ ਲਾਈਫ ਸਕਿਲਜ਼ ਨਾਲ ਲੈਸ ਕਰਨਾ ਸੀ। ਇਹ ਜਾਗਰੂਕਤਾ ਵਧਾਉਣ ਵਾਲਾ ਸੈਸ਼ਨ ਸੀ.ਬੀ.ਐੱਸ.ਈ. ਦੇ ਤਜਰਬੇਕਾਰ ਟ੍ਰੇਨਰ ਅਤੇ ਸੀਨੀਅਰ ਅਕੈਡਮਿਕ ਕੋਆਰਡੀਨੇਟਰ ਸ੍ਰੀ ਰਾਜੀਵ ਬੁਧਿਰਾਜਾ ਅਤੇ ਪ੍ਰਸਿੱਧ ਅਧਿਆਪਕ ਅਮਿਤ ਵੱਲੋਂ ਲੀਡ ਕੀਤਾ ਗਿਆ। ਅਧਿਆਪਕਾਂ ਨੇ ਵਰਕਸ਼ਾਪ ਦੌਰਾਨ ਗੰਭੀਰ ਚਰਚਾਵਾਂ ਵਿੱਚ ਭਾਗ ਲੈਂਦੇ ਹੋਏ ਆਤਮਚਿੰਤਨ ਕੀਤਾ। ਸੈਸ਼ਨ ਦੌਰਾਨ ਵਿਸ਼ੇਸ਼ ਤੌਰ ਤੇ ਕਰੀਟਿਕਲ ਥਿੰਕਿੰਗ, ਲੀਡਰਸ਼ਿਪ ਸਕਿਲਜ਼, ਵਿਸ਼ਲੇਸ਼ਣਾਤਮਕ ਸੋਚ, ਇਮੋਸ਼ਨਲ ਇੰਟੈਲੀਜੈਂਸ ਅਤੇ ਲਾਈਫ ਸਕਿਲਜ਼ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਉੱਤੇ ਜ਼ੋਰ ਦਿੱਤਾ ਗਿਆ। ਅਸਲ ਜ਼ਿੰਦਗੀ ਨਾਲ ਸੰਬੰਧਤ ਕੇਸ ਸਟੱਡੀਜ਼, ਮਾਈਂਡਫੁਲਨੈਸ ਐਕਸਰਸਾਈਜ਼ ਅਤੇ ਸਮੂਹਿਕ ਚਿੰਤਨ ਵਰਗੀਆਂ ਸਰਗਰਮੀਆਂ ਨੇ ਅਧਿਆਪਕਾਂ ਨੂੰ ਇਹ ਸਿੱਖਣ ਵਿੱਚ ਮਦਦ ਕੀਤੀ ਕਿ ਕਿਵੇਂ ਇਹ ਸਿਧਾਂਤ ਕਲਾਸ ਵਿੱਚ ਵਿਹਾਰਕ ਰੂਪ ਵਿੱਚ ਲਾਗੂ ਕੀਤੇ ਜਾਣ। ਵਰਕਸ਼ਾਪ ਦੇ ਸਮਾਪਨ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰਾਜੀਵ ਪਾਲੀਵਾਲ ਅਤੇ ਵਾਈਸ ਪ੍ਰਿੰਸੀਪਲ ਸ੍ਰੀ ਅਮਿਤ ਨੇ ਯਾਦਗਾਰੀ ਚਿੰਨ੍ਹ ਅਤੇ ਬੂਟੇ ਭੇਟ ਕੀਤੇ।



## ਗਿਆਰ੍ਹਵੀਂ ਜਮਾਤ ਲਈ ਚੋਣ ਵਾਸਤੇ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ

**ਖਰੜ (ਹਰਨਾਮ ਸਿੰਘ ਡੱਲਾ)**- ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਮੋਹਾਲੀ ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਅਗਲੇ ਵਿੱਦਿਅਕ ਸਾਲ 2026-2027 ਦੀ ਗਿਆਰ੍ਹਵੀਂ ਜਮਾਤ ਲਈ ਇਸ ਵਿੱਦਿਅਕ ਸਾਲ 2025-2026 ਵਿੱਚ ਦਸਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੁਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਦਸਵੀਂ ਜਮਾਤ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ। ਉਸ ਦਾ ਜਨਮ 01.06.2009 ਤੋਂ 31.07.2011 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ। ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ.ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਵਾਉਣ।ਉਨ੍ਹਾਂ ਕਿਹਾ ਕਿ ਆਨਲਾਈਨ ਲਿੰਕ http://cbseitms.nic.in/B@BE/nvsxi_AA 'ਤੇ ਰਜਿਸ਼ਟ੍ਰੇਸ਼ਨ ਕਰਵਾਉਣ ਦੀ ਆਖ਼ਰੀ ਮਿਤੀ 23.09.2025 ਹੈ। ਚੋਣ ਪ੍ਰੀਖਿਆ 07.02.2026 ਨੂੰ ਮੋਹਾਲੀ ਜ਼ਿਲ੍ਹੇ ਦੇ ਚੋਣ ਸੈਂਟਰਾਂ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੌਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ।

## ਕਾਰਗਿਲ ਵਿਜੇ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਇੰਪੀਰੀਅਲ ਸਕੂਲ ਗ੍ਰੀਨ ਕੈਂਪਸ, ਆਦਮਪੁਰ ਨੇ 'ਕਾਰਗਿਲ ਵਿਜੇ ਦਿਵਸ' ਮਨਾਇਆ। ਕਾਰਗਿਲ ਯੁੱਧ ਵਿੱਚ ਭਾਰਤ ਦੀ ਜਿੱਤ ਨੂੰ ਯਾਦ ਕਰਨ ਅਤੇ ਦੇਸ਼ ਦੀ ਰੱਖਿਆ ਲਈ ਆਪਣੀਆਂ ਜਾਨਾਂ ਦੇਣ ਵਾਲੇ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਹ ਦਿਨ ਮਨਾਇਆ ਗਿਆ। ਇਹ ਦਿਨ 1999 ਵਿੱਚ 60 ਦਿਨਾਂ ਤੱਕ ਚੱਲੇ 'ਆਪ੍ਰੇਸ਼ਨ ਵਿਜੇ' ਦੀ ਸਫਲਤਾ ਨੂੰ ਦਰਸਾਉਂਦਾ ਹੈ, ਜਦੋਂ ਭਾਰਤੀ ਸੈਨਿਕਾਂ ਨੇ ਬਹਾਦਰੀ ਨਾਲ ਕਾਰਗਿਲ ਦੀਆਂ ਉੱਚੀਆਂ ਚੋਟੀਆਂ ਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਖਾਸ ਦਿਨ 'ਤੇ ਪਾਇਨੀਅਰ ਹਾਊਸ ਦੇ ਵਿਦਿਆਰਥੀਆਂ ਨੇ ਆਪਣੇ ਹਾਊਸ ਵਾਰਡਨਾਂ ਦੀ ਅਗਵਾਈ ਹੇਠ ਇੱਕ ਸਵੇਰ ਦੀ ਸਭਾ ਦਾ ਆਯੋਜਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਸਭਾ ਨਾਲ ਹੋਈ, ਜਿਸ ਤੋਂ ਬਾਅਦ ਭਾਸ਼ਣ, ਕਵਿਤਾ, ਕੁਇਜ਼ ਅਤੇ ਸੈਨਿਕਾਂ ਦੀ ਬਹਾਦਰੀ ਬਾਰੇ ਇੱਕ ਨਾਚ ਅਤੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਗਏ। ਅਧਿਆਪਕਾਵਾਂ ਅਤੇ ਵਿਦਿਆਰਥੀਆਂ ਨੇ ਦੇਸ਼ ਦੀ ਸੁਰੱਖਿਆ ਲਈ ਆਪਣੀਆਂ ਜਾਨਾਂ ਦੇਣ ਵਾਲੇ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ।ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਪਸਰੀਚਾ ਨੇ ਕਿਹਾ, 'ਦੇਸ਼ ਭਗਤੀ ਇੱਕ ਮਹੱਤਵਪੂਰਨ ਗੁਣ ਹੈ, ਜਦੋਂ ਅਸੀਂ ਇਸ ਨੂੰ ਸਕੂਲ ਵਿੱਚ ਸਿਖਾਉਂਦੇ ਹਾਂ, ਤਾਂ ਇਹ ਬੱਚਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਵਿੱਚ ਮਦਦ ਕਰਦਾ ਹੈ।' ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਸ੍ਰੀ ਜਗਮੋਹਨ ਅਰੋੜਾ, ਪ੍ਰਿੰਸੀਪਲ ਸ਼੍ਰੀਮਤੀ ਸਵਿੰਦਰ ਕੌਰ ਮੱਲ੍ਹੀ , ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਠਾਕੁਰ ਅਤੇ ਮੁੱਖ ਅਕਾਦਮਿਕ ਸਲਾਹਕਾਰ ਸ਼੍ਰੀਮਤੀ ਸੁਸ਼ਮਾ ਵਰਮਾ ਵੀ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਅਤੇ ਉਤਸ਼ਾਹਿਤ ਕਰਨ ਲਈ ਮੌਜੂਦ ਸਨ।




# ਕਰੋੜਪਤੀ 78 ਸਾਲਾ ਬਿਰਧ ਔਰਤ ਨੂੰ ਇਕਲੌਤੇ ਪੁੱਤ ਨੇ ਘਰੋਂ ਕੱਢਿਆ

**ਮੋਹਾਲੀ (ਗੁਰਜੀਤ ਬਿੱਲਾ)**- ਮੋਹਾਲੀ ਦੇ ਖਰੜ ਸ਼ਹਿਰ ਵਿਚ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਵਾਲੀ ਇਕ ਘਟਨਾ ਸਾਹਮਣੇ ਆਈ ਹੈ, ਜਿਸ ਵਿਚ 78 ਸਾਲਾ ਬਿਰਧ ਮਾਂ, ਜੋ ਕਿ ਕਰੋੜਾਂ ਦੀ ਮਾਲਕ ਹੈ, ਨੇ ਆਪਣੇ ਇਕਲੌਤੇ ਪੁੱਤ ਉਤੇ ਬੜੇ ਸੰਗੀਨ ਇਲਜ਼ਾਮ ਲਗਾਏ ਹਨ ਕਿ ਜਾਇਦਾਦ ਹਥਿਆਉਣ ਪਿੱਛੇ ਸਕੇ ਪੁੱਤ ਵੱਲੋਂ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ, ਜਿਸ ਕਾਰਨ ਹੁਣ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ। ਮਾਂ ਵੱਲੋਂ ਇਨਸਾਫ ਲਈ ਸਰਕਾਰੇ-ਦਰਬਾਰੇ ਪਹੁੰਚ ਕਰਨ ਦੇ ਬਾਵਜੂਦ ਵੀ ਕੋਈ ਉਸ ਦੀ ਗੱਲ ਸੁਣਨ ਲਈ ਤਿਆਰ ਨਹੀਂ । ਇਥੇ ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਹੱਡਬੀਤੀ ਸੁਣਾਉਂਦਿਆਂ ਪੀੜਤ ਮਹਿਲਾ ਪਰਮਜੀਤ ਕੌਰ ਗਰੇਵਾਲ ਪਤਨੀ ਸਾਬਕਾ ਸੀਨੀਅਰ ਅਫਸਰ ਸਵ: ਚਰਨਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਅਸੀਂ ਆਪਣੇ ਪੁੱਤਰ ਨੂੰ ਪੜ੍ਹਾ ਲਿਖਾ ਕੇ ਇੰਜੀਨੀਅਰ ਬਣਾਇਆ ਅਤੇ ਆਪਣੀ ਕਰੋੜਾਂ ਰੁਪਿਆਂ ਦੀ ਜਾਇਦਾਦ ਵੇਚ ਕੇ ਖਰੜ ਵਿਚ ਹੀ ਉਸ ਨੂੰ ਇਕ ਨਿੱਜੀ ਸਕੂਲ ਖੋਲ੍ਹ ਕੇ ਪੈਰਾਂ ਉਤੇ ਖੜ੍ਹਾ ਕੀਤਾ।ਉਨ੍ਹਾਂ ਦੱਸਿਆ ਕਿ ਮੈਂ ਅਤੇ ਮੇਰਾ ਪੁੱਤਰ ਸਿਮਰਨਪ੍ਰੀਤ ਸਿੰਘ ਗਰੇਵਾਲ, ਪਤੀ ਦੇ ਦੇਹਾਂਤ ਤੋਂ ਬਾਅਦ ਪਰਵਾਰ ਦੀ 50-50 ਫੀਸਦੀ ਜਾਇਦਾਦ ਦੇ ਮਾਲਕ ਸਾਂ। ਜਦਕਿ ਮੇਰਾ ਪੁੱਤਰ ਸਿਮਰਨਪ੍ਰੀਤ ਸਿੰਘ ਗਰੇਵਾਲ ਬੀਤੇ 10-12 ਸਾਲਾਂ ਤੋਂ ਸਾਰੀ ਜਾਇਦਾਦ ਆਪਣੇ ਨਾਂਅ ਕਰਨ ਲਈ ਮੈਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਮੇਰੇ ਵੱਲੋਂ ਨਾਂਹ ਕਰਨ ਉਤੇ ਉਸ ਨੇ ਸਕੂਲ ਨੂੰ ਅੱਪਗ੍ਰੇਡ ਕਰਨ ਦੇ ਬਹਾਨੇ ਜ਼ਬਰਦਸਤੀ ਸਾਈਨ ਕਰਵਾ ਕੇ ਮੇਰੇ ਹਿੱਸੇ ਦੀ ਜਾਇਦਾਦ 30 ਸਾਲਾਂ ਲਈ ਲੀਜ਼, ਪੰਜਾਹ ਹਜ਼ਾਰ ਰੁਪਏ ਸਲਾਨਾ ਕਿਰਾਏ ਉਤੇ ਆਪਣੇ ਨਾਂਅ ਕਰਵਾ ਲਈ ਅਤੇ ਦੋਵੇਂ ਪਤੀ-ਪਤਨੀ ਆਪ ਮਾਲਕ ਬਣ ਗਏ। ਉਹਨਾਂ ਦੱਸਿਆ ਕਿ ਇਸ ਤੋਂ ਬਾਅਦ ਉਹ ਆਪਣੀ ਬੇਟੀ ਨੂੰ ਮਿਲਣ ਲਈ ਵਿਦੇਸ਼ ਚਲੇ ਗਈ। ਜਦੋਂ ਉਹ ਵਾਪਸ ਪਰਤੀ ਤਾਂ ਘਰ ਅੱਗੇ ਖੜ੍ਹੇ ਸਕਿਊਰਿਟੀ ਗਾਰਡ ਨੇ ਮੇਰੇ ਪੁੱਤ-ਨੂੰਹ ਦੇ ਕਹਿਣ ਉਤੇ ਘਰ ਅੰਦਰ ਦਾਖਲ ਨਹੀਂ ਹੋਣ ਦਿੱਤਾ। ਇਥੋਂ ਤੱਕ ਕਿ ਘਰ ਦੀ ਤਾਲੇ ਆਦਿ ਵੀ ਬਦਲ ਦਿੱਤੇ।ਉਹਨਾਂ ਆਪਣਾ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਸਕੂਲ ਦੀ ਆਮਦਨ ਵਿੱਚੋਂ ਇੱਕ ਵੀ ਪੈਸਾ ਨਹੀਂ ਦਿੱਤਾ ਅਤੇ ਮੈਨੂੰ ਆਪਣਾ ਗੁਜ਼ਾਰਾ ਕਰਨਾ ਵੀ ਔਖਾ ਹੈ। ਉਹਨਾਂ ਕਿਹਾ ਕਿ ਆਖਰ ਬੇਟੀਆਂ ਹੀ ਮਾਂ ਬਾਪ ਦਾ ਸਹਾਰਾ ਬਣਦੀਆਂ ਹਨ ਅਤੇ ਉਹ ਉਸ ਕੋਲ ਚਲੇ ਗਈ।ਉਹਨਾਂ ਅੱਗੇ ਦੱਸਿਆ ਕਿ ਉਹ ਅਤੇ ਉਸ ਦੀ ਬੇਟੀ ਪਿਛਲੇ ਚਾਰ ਮਹੀਨਿਆਂ ਤੋਂ ਇਨਸਾਫ ਲੈਣ ਲਈ ਐਸ.ਡੀ.ਐਮ. ਖਰੜ, ਪੰਜਾਬ ਮਹਿਲਾ ਕਮਿਸ਼ਨ ਅਤੇ ਉੱਪ ਪੁਲਸ ਕਪਤਾਨ ਖਰੜ ਨੂੰ ਲਿਖਤੀ ਅਪੀਲਾਂ ਕੀਤੀਆਂ ਹਨ, ਪਰ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਸਾਨੂੰ ਇਨਸਾਫ ਨਹੀਂ ਮਿਲਿਆ। ਉਹਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡੀ ਜੀ ਪੀ ਪੰਜਾਬ ਅਤੇ ਡੀ ਸੀ ਮੋਹਾਲੀ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਇਨਸਾਫ ਦਿਵਾਉਂਦਿਆਂ ਆਪਣੇ ਘਰ ਦਾ ਕਬਜ਼ਾ ਦਿੱਤਾ ਜਾਵੇ।ਜਦੋਂ ਪਰਮਜੀਤ ਕੌਰ ਗਰੇਵਾਲ ਦੇ ਪੁੱਤਰ ਸਿਮਰਨਪ੍ਰੀਤ ਸਿੰਘ ਗਰੇਵਾਲ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮਾਤਾ ਆਪਣੀ ਮਰਜ਼ੀ ਨਾਲ ਘਰ ਛੱਡ ਕੇ ਗਈ ਹੈ, ਕਿਉਂਕਿ ਉਹਨਾਂ ਦੀ ਇਕੋ ਇਕ ਭੈਣ ਦੀ ਉਹਨਾਂ ਦੇ ਪਰਵਾਰ ਵਿਚ ਨਜਾਇਜ਼ ਦਖਲਅੰਦਾਜ਼ੀ ਹੈ, ਜਿਸ ਕਾਰਨ ਰਿਸ਼ਤਿਆਂ ਵਿਚ ਦਰਾਰ ਪੈਦਾ ਹੋਈ ਹੈ। ਉਹਨਾਂ ਆਪਣੀ ਭੈਣ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਆਪਣੀ ਮਾਤਾ ਨੂੰ ਆਪਣੇ ਹੱਕ ਵਿਚ ਕਰਕੇ ਬੇਗੋਵਾਲ ਪਿੰਡ ਵਿਚ 10 ਕਿੱਲੇ ਖੇਤੀਬਾੜੀਯੋਗ ਜ਼ਮੀਨ ਅਤੇ ਚੰਡੀਗੜ੍ਹ ਵਿਚ ਇਕ ਫਲੈਟ ਪਹਿਲਾਂ ਹੀ ਹਥਿਆ ਚੁੱਕੀ ਹੈ ਅਤੇ ਹੁਣ ਉਸ ਦੀ ਨਜ਼ਰ ਸਾਡੇ ਰਿਹਾਇਸ਼ੀ ਘਰ ਅਤੇ ਸਕੂਲ ਨੂੰ ਹਥਿਆਉਣ ਦੀ ਹੈ। ਉਹਨਾਂ ਕਿਹਾ ਕਿ ਨਾ ਹੀ ਉਸ ਨੇ ਆਪਣੀ ਮਾਂ ਨੂੰ ਘਰੋਂ ਬਾਹਰ ਕੱਢਿਆ ਹੈ ਅਤੇ ਨਾ ਹੀ ਘਰ ਵਿਚ ਦਾਖਲ ਹੋਣ ਤੋਂ ਰੋਕਿਆ। ਉਹ ਜਦੋਂ ਮਰਜ਼ੀ ਘਰ ਆ ਸਕਦੇ ਹਨ ਪਰੰਤੂ ਉਹਨਾਂ ਆਪਣੀ ਭੈਣ ਨੂੰ ਘਰ ਵਿਚ ਦਾਖਲ ਹੋਣ ਰੋਕਿਆ ਹੈ।




## ਏ ਜੀ ਆਈ ਗਲੋਬਲ ਸਕੂਲ ਨੇ ਕਾਰਗਿਲ ਵਿਜੇ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਗਲੋਬਲ ਸਕੂਲ ਨੇ ਸਾਡੇ ਦੇਸ਼ ਦੇ ਬਹਾਦਰ ਸੈਨਿਕਾਂ ਦਾ ਸਨਮਾਨ ਕਰਨ ਲਈ ਡੂੰਘੇ ਸਤਿਕਾਰ ਅਤੇ ਉਤਸ਼ਾਹ ਨਾਲ ਕਾਰਗਿਲ ਵਿਜੇ ਦਿਵਸ ਮਨਾਇਆ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਹ ਦਿਨ ਭਾਰਤ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਖਾਸ ਸਥਾਨ ਰੱਖਦਾ ਹੈ ।ਬੱਚਿਆਂ ਨੂੰ ਯੁੱਧ ਦੇ ਪ੍ਰਭਾਵ ਅਤੇ ਸੱਚੀ ਬਹਾਦਰੀ ਦੇ ਅਰਥ ਨੂੰ ਸਮਝਣ ਵਿੱਚ ਮਦਦ ਕਰਨ ਲਈ ਮਿਡਲ ਸਕੂਲ ਦੇ ਵਿਦਿਆਰਥੀਆਂ ਨੇ ਕਾਰਗਿਲ ਯੁੱਧ 'ਤੇ ਆਧਾਰਿਤ ਇੱਕ ਸ਼ਕਤੀਸ਼ਾਲੀ ਅਤੇ ਭਾਵਨਾਤਮਕ ਸੰਗੀਤਕ ਨਾਟਕ ਪੇਸ਼ ਕੀਤਾ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਹਿੰਦੀ ਕਵਿਤਾ ਪਾਠ ਮੁਕਾਬਲੇ ਵਿੱਚ ਹਿੱਸਾ ਲਿਆ।ਇਸ ਮੌਕੇ ਸਕੂਲ ਦੀ ਡਾਇਰੈਕਟਰ ਹਰਲੀਨ ਮੋਹੰਤੀ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਕਾਰਗਿਲ ਯੁੱਧ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸੈਨਿਕਾਂ ਦੀਆਂ ਅਸਲ ਕਹਾਣੀਆਂ ਸਾਂਝੀਆਂ ਕੀਤੀਆਂ। ਸਕੂਲ ਦੀ ਪ੍ਰਿੰਸੀਪਲ ਆਰਤੀ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਨੇ ਜਿਸ ਤਰ੍ਹਾਂ ਪ੍ਰਦਰਸ਼ਨ ਕੀਤਾ ਉਹ ਭਾਰਤੀ ਫੌਜ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਪ੍ਰਤੀ ਉਨ੍ਹਾਂ ਦੀ ਡੂੰਘੀ ਸਮਝ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ। ਪੂਰੇ ਸਕੂਲ ਨੂੰ ਵਿਦਿਆਰਥੀਆਂ ਦੁਆਰਾ ਬਣਾਏ ਗਏ ਭਾਰਤੀ ਝੰਡੇ, ਪੋਸਟਰਾਂ ਅਤੇ ਡਰਾਇੰਗਾਂ ਨਾਲ ਸਜਾਇਆ ਗਿਆ ਸੀ। ਆਪਣੇ ਸੰਦੇਸ਼ ਵਿੱਚ ਸਕੂਲ ਦੀ ਚੇਅਰਪਰਸਨ ਸਲਵਿੰਦਰਜੀਤ ਕੌਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਸਿਰਫ਼ ਜਸ਼ਨ ਨਹੀਂ, ਇਹ ਦੇਸ਼ ਪ੍ਰਤੀ ਪਿਆਰ ਦੇ ਸਬਕ ਹਨ ਅਤੇ ਏ ਜੀ ਆਈ ਗਲੋਬਲ ਸਕੂਲ ਵਿਦਿਆਰਥੀਆਂ ਨੂੰ ਭਾਰਤ ਦੇ ਜ਼ਿੰਮੇਵਾਰ ਅਤੇ ਮਾਣਮੱਤੇ ਨਾਗਰਿਕ ਬਣਾਉਣ 'ਤੇ ਮਾਣ ਮਹਿਸੂਸ ਕਰਦਾ ਹੈ।



28 July Page 9.qxd 7/27/2025 11:01 PM Page 1



## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 21 ਪੁਲਸ ਅਧਿਕਾਰੀ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ)**-ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 21 ਪੁਲਸ ਅਧਿਕਾਰੀਆਂ ਨੂੰ ਕਲਾਸ-9 (33-1) ਨਾਲ ਸਨਮਾਨਤ ਕੀਤਾ ਗਿਆ। ਇਹ ਸਰਟੀਫਿਕੇਟ ਪ੍ਰਾਪਤ ਕਰਨ ਵਾਲਿਆਂ ਵਿੱਚ 4 ਸਬ-ਇੰਸਪੈਕਟਰ, 14 ਸਹਾਇਕ ਸਬ-ਇੰਸਪੈਕਟਰ ਅਤੇ 3 ਕਾਂਸਟੇਬਲ ਸ਼ਾਮਿਲ ਹਨ।ਇਥੇ ਪੁਲਿਸ ਲਾਈਨਜ਼ ਵਿਖੇ ਅੱਜ ਇੱਕ ਸਨਮਾਨ ਸਮਾਰੋਹ ਦੌਰਾਨ ਪੁਲਸ ਕਮਿਸ਼ਨਰ ਨੇ ਇਨ੍ਹਾਂ ਅਧਿਕਾਰੀਆਂ ਵੱਲੋਂ ਨਸ਼ਿਆਂ ਖਿਲਾਫ਼ ਲੜਾਈ ਵਿੱਚ ਨਿਭਾਈ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਇਨ੍ਹਾਂ ਦੀ ਲਗਨ, ਇਮਾਨਦਾਰੀ ਅਤੇ ਹਿੰਮਤ ਬੇਮਿਸਾਲ ਹੈ, ਜੋ ਜਲੰਧਰ ਪੁਲਸ ਦੇ ਨਸ਼ਾ ਮੁਕਤ ਸਮਾਜ ਸਿਰਜਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਨੂੰ ਦਰਸਾਉਂਦੀ ਹੈ।ਇਸ ਸਮਾਗਮ ਵਿੱਚ ਡੀ.ਸੀ.ਪੀ. (ਇਨਵੈਸਟੀਗੇਸ਼ਨ) ਮਨਪ੍ਰੀਤ ਸਿੰਘ ਢਿੱਲੋਂ ਅਤੇ ਏ.ਡੀ.ਸੀ.ਪੀ. ਹੈੱਡਕੁਆਰਟਰਜ਼ ਸੁਖਵਿੰਦਰ ਸਿੰਘ ਵੀ ਮੌਜੂਦ ਸਨ।

## ਕਾਰਗਿਲ ਵਿਜੇ ਦਿਵਸ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੀਨੀਅਰ ਵਿਦਿਆਰਥੀਆਂ ਨੇ 1999 ਦੀ ਕਾਰਗਿਲ ਜੰਗ ਵਿੱਚ ਭਾਰਤੀ ਸੈਨਿਕਾਂ ਦੀ ਬਹਾਦਰੀ ਅਤੇ ਕੁਰਬਾਨੀ ਬਾਰੇ ਜੋਸ਼ੀਲੇ ਭਾਸ਼ਣ ਦਿੱਤੇ, ਜਿਸ ਨਾਲ ਦੇਸ਼ਭਗਤੀ ਅਤੇ ਰਾਸ਼ਟਰੀ ਗੌਰਵ ਦੀ ਭਾਵਨਾ ਜਾਗ੍ਰਿਤ ਹੋਈ। ਜੂਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਫੌਜੀ ਵਰਦੀ ਪਾ ਕੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਜਲੀ ਦਿੱਤੀ। ਇਸ ਸੰਜੀਦਾ ਪਲ ਵਿੱਚ ਸਾਰਿਆਂ ਨੇ ਚੁੱਪ ਧਾਰਨ ਕਰਕੇ ਸ਼ਹੀਦਾਂ ਦੀ



ਕੁਰਬਾਨੀ ਨੂੰ ਯਾਦ ਕੀਤਾ। ਪ੍ਰਿੰਸੀਪਲ ਸ੍ਰੀ ਅਮਰੀਕ ਸਿੰਘ ਨੇ ਸਭਾ ਨੂੰ ਸੰਬੋਧਨ ਕਰਦਿਆਂ ਸੈਨਿਕਾਂ ਦੀ ਹਿੰਮਤ, ਇਮਾਨਦਾਰੀ ਅਤੇ ਨਿਸ਼ਕਾਮ ਸੇਵਾ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਵਿਰਾਸਤ ਨੂੰ ਅਪਣਾਉਣ ਅਤੇ ਰਾਸ਼ਟਰੀ ਮੁੱਲਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕੀਤਾ। ਸਾਰੇ ਸਮਾਜ ਨੇ ਦੇਸ਼ਭਗਤੀ ਨਾਅਰਿਆਂ, ਵਿਚਾਰਪੂਰਨ ਸ਼ਰਧਾਂਜਲੀ ਅਤੇ ਭਾਰਤੀ ਫੌਜ ਲਈ ਸਮੂਹਿਕ ਧੰਨਵਾਦ ਨਾਲ ਗੂੰਜ ਪਾਈ।ਸਮਾਗਮ ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਰਾਸ਼ਟਰੀ ਗੀਤ ਗਾਇਆ। ਇਹ ਸਮਾਂ ਬਲੀਦਾਨ ਅਤੇ ਵੀਰਤਾ ਦਾ ਇੱਕ ਸ਼ਕਤੀਸ਼ਾਲੀ ਯਾਦਗਾਰ ਪਲ ਬਣ ਗਿਆ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਬੀਬੀ ਨਾਨਕੀ ਜੀ ਵਿਖੇ ਕਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਮੁੱਦਿਆ ਤੇ ਅਹਿਮ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਕਿ ਸਤਵੇਂ ਪੇਅ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ।



ਡੀ.ਏ ਦੀਆਂ ਕਿਸ਼ਤਾਂ ਕੇਂਦਰੀ ਪੈਟਰਨ ਤੇ ਦਿੱਤੀਆਂ ਜਾਣ, ਅਤੇ ਉਨ੍ਹਾਂ ਦਾ ਬਣਦਾ ਬਕਾਇਆ ਵੀ ਤਰੁੰਤ ਦਿੱਤਾ ਜਾਵੇ, 66 ਮਹੀਨਿਆਂ ਦਾ ਬਕਾਇਆ ਇਕੱਠਾ ਦਿੱਤਾ ਜਾਵੇ, ਮੈਡੀਕਲ ਭੱਤਾ 2000 ਰੁਪੈ ਪ੍ਰਤੀ ਮਹੀਨਾ ਦਿੱਤਾ ਜਾਵੇ, 2.59 ਦੇ ਫਾਰਮੂਲੇ ਅਨੁਸਾਰ ਪੈਨਸ਼ਨ ਵਿੱਚ ਸੋਧ ਕੀਤੀ ਜਾਵੇ, ਲੈਂਡ ਪੂਲਿੰਗ ਦੀ ਨੀਤੀ ਰੱਦ ਕੀਤੀ ਜਾਵੇ, ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਹਮੇਸ਼ਾ ਹੀ ਪੈਨਸ਼ਨਰਜ਼ ਦੀਆਂ ਮੰਗਾਂ ਦੀ ਲੜਾਈ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਜ਼ ਐਸੋਸੀਏਸ਼ਨ ਯੂਨੀਅਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਕਰਨੈਲ ਸਿੰਘ, ਚਰਨ ਸਿੰਘ, ਜਗੀਰ ਸਿੰਘ, ਪਿਆਰਾ ਸਿੰਘ, ਅਜੀਤ ਸਿੰਘ, ਦਲਵਿੰਦਰ ਸਿੰਘ, ਹਰਜੀਤ ਸਿੰਘ, ਬਲਵੀਰ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਹਰਵਿੰਦਰ ਸਿੰਘ ਭੁੱਲਰ, ਗੁਰਚਮਨ ਲਾਲ, ਸਾਧੂ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਧਰਨੇ ਲਈ ਲੋਕਾਂ 'ਚ ਭਾਰੀ ਉਤਸ਼ਾਹ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੀਂ ਲੈਂਡ ਪੂਲਿੰਗ ਨੀਤੀ ਦੇ ਵਿਰੁੱਧ 28 ਜੁਲਾਈ ਨੂੰ ਮੁਹਾਲੀ ਦੇ ਗਮਾਡਾ ਦਫ਼ਤਰ ਸਾਹਮਣੇ ਦਿੱਤੇ ਜਾਣ ਵਾਲੇ ਧਰਨੇ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਹ ਦਾਅਵਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਮੁਹਾਲੀ ਹਲਕੇ ਦੇ ਇੰਚਾਰਜ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਇਸ ਖੇਤਰ ਦੇ ਪਿੰਡ ਦੁਰਾਲੀ, ਬਠਲਾਣਾ, ਨਗਾਰੀ, ਮੋਟੇਮਾਜਰਾ, ਤੰਗੌਰੀ,



ਬਾਕਰਪੁਰ, ਦੈੜੀ, ਬੜੀ ਅਤੇ ਮਨੌਲੀ ਪਿੰਡਾਂ ਵਿੱਚ ਧਰਨੇ ਦੀ ਲਾਮਬੰਦੀ ਲਈ ਰੱਖੀਆਂ ਮੀਟਿੰਗਾਂ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਜਥੇਦਾਰ ਸੋਹਾਣਾ ਨੇ ਕਿਹਾ ਕਿ ਧਰਨੇ ਵਿੱਚ ਕਿਸਾਨ ਅਤੇ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਕਿ ਧਰਨੇ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਸਮੁੱਚੀ ਲੀਡਰਸ਼ਿਪ ਸੰਬੋਧਨ ਕਰੇਗੀ।ਉਨ੍ਹਾਂ ਕਿਹਾ ਕਿ ਇਹ ਲੈਂਡ ਪੂਲਿੰਗ ਨੀਤੀ ਸਿਰਫ਼ ਅਤੇ ਸਿਰਫ਼ ਕਾਰਪੋਰੇਟਾਂ ਅਤੇ ਵੱਡੀਆਂ ਕੰਪਨੀਆਂ ਲਈ ਬਣਾਈ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 28 ਜੁਲਾਈ ਦੇ ਧਰਨੇ ਵਿੱਚ ਹੁੰਮ ਹੁੰਮਾ ਪਹੁੰਚਣ । ਇਕੱਠਾਂ ਦੌਰਾਨ ਪਿੰਡਾਂ ਦੇ ਵਸਨੀਕਾਂ ਨੇ ਪਰਵਿੰਦਰ ਸਿੰਘ ਸੋਹਾਣਾ ਦਾ ਸਨਮਾਨ ਵੀ ਕੀਤਾ।

## ਡੇਰਾਬੱਸੀ ਦੇ ਮੁਸਲਿਮ ਭਾਈਚਾਰੇ ਨੇ ਨਸ਼ਾ ਮੁਕਤੀ ਯਾਤਰਾ ਨੂੰ ਦਿੱਤਾ ਸਮਰਥਨ, ਨਸ਼ਿਆਂ ਖਿਲਾਫ਼ ਲੜਨ ਦੀ ਚੁੱਕੀ ਸਹੁੰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮਾਨ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੇਰਾਬੱਸੀ ਦੇ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਨਸ਼ਾ ਮੁਕਤੀ ਯਾਤਰਾ ਦਾ ਡੇਰਾਬੱਸੀ ਮੁਸਲਿਮ ਵੈੱਲਫੇਅਰ ਕਮੇਟੀ (ਰਜਿ. 8360) ਵੱਲੋਂ ਸਵਾਗਤ ਕੀਤਾ ਗਿਆ। ਕਮੇਟੀ ਨੇ ਮੁਹਿੰਮ ਦੇ ਨਾਲ ਇਕਸੁਰ ਹੋ



ਕੇ ਨਸ਼ੇ ਖ਼ਿਲਾਫ਼ ਸਹੁੰ ਚੁੱਕੀ। ਇਸ ਮੌਕੇ ਵਿਧਾਇਕ ਰੰਧਾਵਾ ਨੇ ਮੁਸਲਿਮ ਭਾਈਚਾਰੇ ਨੂੰ ਆਪਣਾ ਪਰਿਵਾਰ ਦੱਸਦਿਆਂ ਉਨ੍ਹਾਂ ਦੇ ਇਤਿਹਾਸਕ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਜਿਵੇਂ ਅੰਮ੍ਰਿਤਸਰ ਦੀ ਨੀਂਹ ਇੱਕ ਮੁਸਲਮਾਨ ਵੱਲੋਂ ਰਖਵਾਈ ਗਈ ਸੀ, ਉਸੇ ਤਰ੍ਹਾਂ ਇਤਿਹਾਸ ਭਰਪੂਰ ਹੈ ਮੁਸਲਿਮ ਭਾਈਚਾਰੇ ਦੀ ਭਾਈਚਾਰੇ ਦੀ ਸਾਂਝ, ਸਮਰਪਣ ਅਤੇ ਸੇਵਾ ਨਾਲ। ਉਨ੍ਹਾਂ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਅੰਤਿਮ ਸੰਸਕਾਰ ਲਈ ਜੋ ਮੋਹਰਾਂ ਵਿਛਾਈਆਂ ਗਈਆਂ, ਉਹ ਵੀ ਇੱਕ ਮੁਸਲਮਾਨ ਪਰਿਵਾਰ ਨੇ ਕੀਤੀਆਂ ਸਨ। ਇਸ ਪਰਿਵਾਰ ਨੇ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਲਈ ਆਪਣੀ ਜ਼ਿੰਦਗੀ ਸਮਰਪਿਤ ਕੀਤੀ।

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਨੇ ਮਨਾਇਆ ਤੀਆਂ ਦਾ ਤਿਉਹਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਡੇਰਾਬੱਸੀ ਵਿਖੇ ਸਾਉਣ ਮਹੀਨੇ ਦਾ ਤਿਉਹਾਰ 'ਤੀਆਂ ਤੀਜ ਦੀਆਂ' ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਕਰਵਾਏ ਗਏ ਸੱਭਿਆਚਾਰਕ ਸਮਾਗਮ ਵਿੱਚ ਸਕੂਲ ਦੇ ਬੱਚਿਆਂ ਨੇ ਤੀਜ ਦੇ ਤਿਉਹਾਰ ਨਾਲ ਸੰਬੰਧਿਤ ਕਵਿਤਾ ਵਾਚਨ, ਗੀਤ ਅਤੇ ਸਮੂਹਿਕ ਲੋਕ- ਨਾਚ



ਦਾ ਪ੍ਰਦਰਸ਼ਨ ਕੀਤਾ ਜਿਸ ਵਿੱਚ ਪੰਜਾਬ ਦੇ ਲੋਕ-ਨਾਚ ਝੂਮਰ,ਗਿੱਧੇ,ਸੰਮੀ ਅਤੇ ਭੰਗੜੇ ਨੇ ਸਭ ਦਾ ਮਨ ਮੋਹ ਲਿਆ।ਇਸ ਸੱਭਿਆਚਾਰਕ ਸਮਾਗਮ ਦੌਰਾਨ ਮਹਿੰਦੀ ਮੁਕਾਬਲੇ ਵੀ ਆਯੋਜਿਤ ਕੀਤੇ ਗਏ।ਪ੍ਰਿੰਸੀਪਲ ਕਵਿਤਾ ਅੱਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮੇਲੇ ਤੇ ਤਿਉਹਾਰ ਪੰਜਾਬ ਦੀ ਪੁਰਾਤਨ ਵਿਰਾਸਤ ਦੀ ਦੇਣ ਹਨ ਤੇ ਪੰਜਾਬੀਆਂ ਦੇ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਬਣਦੇ ਹਨ, ਮੌਜੂਦਾ ਦੌਰ 'ਚ ਨਵੀਂ ਪੀੜ੍ਹੀ ਨੂੰ ਇਹਨਾਂ ਮੇਲਿਆਂ ਅਤੇ ਤਿਉਹਾਰਾਂ ਨਾਲ ਜੋੜਨ ਲਈ ਅਜਿਹੇ ਪਰੰਪਰਾਗਤ ਦਿਹਾੜੇ ਮਨਾਉਣੇ ਚਾਹੀਦੇ ਹਨ।ਅੰਤ ਵਿੱਚ ਉਹਨਾਂ ਨੇ ਇਸ ਤਿਉਹਾਰ ਦੀਆਂ ਲੱਖ-ਲੱਖ ਵਧਾਈਆਂ ਦਿੰਦੇ ਹੋਏ ਬੱਚਿਆਂ ਦੇ ਅਗਲੇਰੇ ਭਵਿੱਖ ਦੀ ਕਾਮਯਾਬੀ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

## ਬਿਆਸ ਪਿੰਡ 'ਚ ਸਕੂਲਾਂ ਦੇ ਖੇਡ ਮੁਕਾਬਲੇ ਸ਼ੁਰੂ ਕਰਵਾਏ

**ਅਲਾਵਲਪੁਰ (ਮਦਨ ਬੰਗੜ)**- ਸਰਕਾਰੀ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾ ਰਹੇ ਬਲਾਕ ਅਲਾਵਲਪੁਰ ਦੇ ਸਕੂਲਾਂ ਦੇ ਖੇਡ ਮੁਕਾਬਲੇ ਸ਼ੁੱਕਰਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਆਸ ਪਿੰਡ ਵਿਖੇ ਸ਼ੁਰੂ ਕਰਵਾਏ ਗਏ। ਇਸ ਦਾ ਉਦਘਾਟਨ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਵਿਨਾਸ਼



ਕੁਮਾਰ, ਸਕੱਤਰ ਆਸ਼ਾ ਰਾਣੀ, ਸਰਪੰਚ ਊਸ਼ਾ ਰਾਣੀ ਅਤੇ ਪ੍ਰਿੰਸੀਪਲ ਆਸ਼ਾ ਰਾਣੀ ਵਲੋਂ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ ਗਿਆ। ਇਸ ਖੇਡ ਟੂਰਨਾਮੈਂਟ ਵਿੱਚ ਫੁੱਟਬਾਲ, ਕਬੱਡੀ, ਖੋ-ਖੋ ਅਤੇ ਵਾਲੀਬਾਲ ਦੇ ਖੇਡ ਮੁਕਾਬਲਿਆਂ ਵਿੱਚ ਲੜਕਿਆਂ ਅਤੇ ਲੜਕੀਆਂ ਦੀਆਂ ਅੰਡਰ 14, ਅੰਡਰ 17, ਅੰਡਰ 19 ਦੀਆਂ ਟੀਮਾਂ ਦੇ ਮੈਚ ਹੋਣਗੇ। ਅੰਡਰ 17 ਖੋ-ਖੋ ਦੇ ਉਦਘਾਟਨੀ ਮੈਚ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਆਸ ਪਿੰਡ ਨੇ ਹੇਮਕੁੰਟ ਪਬਲਿਕ ਸਕੂਲ ਨੂੰ ਹਰਾਇਆ। ਇਸ ਮੌਕੇ ਤੇ ਸਕੂਲ ਦਾ ਸਾਰਾ ਸਟਾਫ਼, ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਦੇ ਕੋਚ ਸਹਿਬਾਨ ਅਤੇ ਪਿੰਡ ਦੇ ਮੋਹਤਬਰ ਵਿਅਕਤੀ ਮੌਜੂਦ ਸਨ।

## ਭੇਦਭਰੇ ਹਾਲਾਤ 'ਚ ਇੱਕ ਦੀ ਮੌਤ ਦੂਜਾ ਗੰਭੀਰ ਜ਼ਖ਼ਮੀ

**ਬਲਾਚੌਰ (ਜਸਵਿੰਦਰ ਬੈਂਸ)**- ਨਗਰ ਕੌਂਸਲ ਬਲਾਚੌਰ ਵਿੱਚ ਪੈਂਦੇ ਵਾਰਡ ਨੰਬਰ 10 ਪਿੰਡ ਮਹਿੰਦੀਪੁਰ ਨਿਵਾਸੀ ਇੱਕ ਨੌਜਵਾਨ ਦੀ ਮੌਤ ਹੋ ਜਾਣ ਤੇ ਉਸ ਦੇ ਸਾਥੀ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਤਲਵਿੰਦਰ ਸਿੰਘ ਨਿਵਾਸੀ ਰੱਤੇਵਾਲ ਨੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੁੰਦਿਆਂ ਦੱਸਿਆ ਕਿ ਜਦ ਉਹ ਆਪਣੇ ਦੋਸਤ ਸੁਖਪਾਲ ਸਿੰਘ ਸੋਨੂੰ (40) ਪੁੱਤਰ ਦਰਸ਼ਨ ਸਿੰਘ ਨਿਵਾਸੀ ਪਿੰਡ ਮਹਿੰਦੀਪੁਰ ਜਿਹੜਾ ਕਿ ਦੋਵਾਂ ਲੱਤਾਂ ਤੋਂ ਦਿਵਿਆਂਗ ਹੈ, ਦੇ ਜੁਗਾੜੂ ਐਕਟਿਵਾ ਸਕੂਟਰ ਉਪਰ ਦੇਰ ਰਾਤ ਬਾਈਪਾਸ ਬਲਾਚੌਰ ਦੇ ਢਾਬੇ ਤੋਂ ਰੋਟੀ ਖਾ ਕੇ ਨਜ਼ਦੀਕ ਕੈਨਾਲਵਿਊ ਹੋਟਲ ਦੇ ਸਾਹਮਣੇ ਸੜਕ ਰਾਹੀਂ ਪਿੰਡ ਮਹਿੰਦੀਪੁਰ ਨੂੰ ਸੋਨੂੰ ਦੇ ਘਰ ਆ ਰਹੇ ਸਨ ਕਿ ਸੜਕ ਵਿੱਚ ਪਏ ਟੋਏ ਵਿੱਚ ਐਕਟਿਵਾ ਸਕੂਟਰ ਦਾ ਟਾਇਰ ਲੱਗਣ ਕਾਰਨ ਸੰਤੁਲਨ ਵਿਗੜ ਗਿਆ ਅਤੇ ਉਹ ਦੋਵੇਂ ਡਿਗ ਪਏ ਜਿਸ 'ਤੇ ਉਹ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਚਲੇ ਗਏ। ਜਦ ਤੜਕਸਾਰ ਉਸ ਨੂੰ ਹੋਸ਼ ਆਈ ਤਾਂ ਉਸ ਦਾ ਚੂਲਾ ਟੁੱਟ ਜਾਣ ਕਾਰਨ ਉਸ ਪਾਸੋਂ ਉੱਠ ਨਹੀਂ ਹੋਇਆ ਤਾਂ ਰਾਹਗੀਰਾਂ ਨੇ ਪੁਲਸ ਨੂੰ ਇਤਲਾਹ ਦਿੱਤੀ, ਜਿਸ 'ਤੇ ਮੌਕੇ 'ਤੇ ਪੁਲਸ ਪੁੱਜੀ ਤੇ ਐਂਬੂਲੈਂਸ ਰਾਹੀਂ ਹਸਪਤਾਲ ਦਾਖਲ ਦਾਖਲ ਕਰਾਇਆ ਜਦ ਕਿ ਉਸ ਦੇ ਦੋਸਤ ਸੁਖਪਾਲ ਸਿੰਘ ਸੋਨੂੰ ਦੇ ਜ਼ਿਆਦਾ ਸੱਟ ਲੱਗਣ ਕਾਰਨ ਉਸ ਦੀ ਮੌਤ ਹੋ ਗਈ ਸੀ। ਸੂਚਨਾ ਮਿਲਦੇ ਹੀ ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫਸਰ ਸਤਨਾਮ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਤੇ ਦੱਸਿਆ ਕਿ ਜਦ ਪੁਲਸ ਪਾਰਟੀ ਮੌਕੇ 'ਤੇ ਪੁੱਜੀ ਉਸ ਵੇਲੇ ਸੁਖਪਾਲ ਸਿੰਘ ਸੋਨੂੰ ਦੀ ਮੌਤ ਹੋ ਚੁੱਕੀ ਸੀ ਜਦ ਕਿ ਤਲਵਿੰਦਰ ਸਿੰਘ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਸੀ ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਬਲਾਚੌਰ ਵਿਖੇ ਦਾਖਲ ਕਰਾਇਆ ਗਿਆ ਜਦ ਕਿ ਸੁਖਪਾਲ ਸਿੰਘ ਸੋਨੂੰ ਦੀ ਲਾਸ਼ ਪੋਸਟ ਮਾਰਟਮ ਲਈ ਮੋਰਚਰੀ ਵਿੱਚ ਰਖਵਾ ਦਿੱਤੀ ਜਿਹੜੀ ਕਿ ਪੋਸਟ ਮਾਰਟਮ ਉਪਰੰਤ ਵਾਰਸਾਂ ਹਵਾਲੇ ਕੀਤੀ ਜਾਵੇਗੀ।ਮੌਕੇ 'ਤੇ ਇਕੱਤਰ ਹੋਏ ਲੋਕਾਂ ਦਾ ਕਹਿਣਾ ਸੀ ਕਿ ਦੁਰਘਟਨਾ ਵਾਲਾ ਸਥਾਨ ਖੂਨ ਨਾਲ ਲੱਥਪੱਥ ਸੀ ਅਤੇ ਇੰਝ ਜਾਪਦਾ ਹੈ ਕਿ ਇਹ ਕੋਈ ਦੁਰਘਟਨਾ ਨਹੀਂ ਬਲਕਿ ਕਤਲ ਹੈ । ਜਦ ਕਿ ਪੁਲਸ ਨੇ ਇਸ ਦੁਰਘਟਨਾ ਦੀ ਵੱਖ ਵੱਖ ਐਂਗਲਾਂ ਉਪਰ ਜਾਂਚ ਕੀਤੇ ਜਾਣ ਦੀ ਗੱਲ ਆਖੀ ਹੈ । ਮ੍ਰਿਤਕ ਨੌਜਵਾਨ ਸੁਖਪਾਲ ਸਿੰਘ ਸੋਨੂੰ ਸੇਵਾ ਮੁਕਤ ਪਟਵਾਰੀ ਦਰਸ਼ਨ ਸਿੰਘ ਦਾ ਪੁੱਤਰ ਸੀ। ਉਸ ਦੇ ਮਾਤਾ ਪਿਤਾ ਦੀ ਕਾਫੀ ਅਰਸਾ ਪਹਿਲਾਂ ਮੌਤ ਹੋ ਚੁੱਕੀ ਹੈ। ਇਹ ਨੌਜਵਾਨ ਘਰ ਵਿੱਚ ਇਕੱਲਾ ਹੀ ਰਹਿੰਦਾ ਸੀ।



## ਪਿੰਡਾਂ 'ਚ ਬਣੇ ਕੂੜਦਾਨਾਂ 'ਤੇ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਨਹੀਂ ਹੋ ਰਿਹਾ ਕੋਈ ਕੰਮ

**ਮੇਹਟੀਆਣਾ (ਜਗਤਾਰ ਸਿੰਘ ਡੂੰਗਰਨੀ)**- ਪਿੰਡਾਂ ਵਿਚ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼ ਤਹਿਤ ਪਿੰਡ ਪਿੰਡ ਬਣੇ ਕੂੜਾਦਾਨਾ ਨੂੰ ਨਾ ਸੰਭਾਲਣ ਕਾਰਨ ਮੱਖੀਆਂ-ਮੱਛਰਾਂ ਦੀ ਨਰਸਰੀ ਬਣ ਚੁੱਕੇ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼ 2000, ਤੋਂ 25 ਸਾਲਾਂ ਵਿਚ ਕਾਗਜਾਂ ਵਿਚ ਵਧ ਫੁਲ ਰਿਹਾ ਹੈ ਤੇ ਕਈ ਵਾਰ ਇਨਾਂ ਲਾਗੂ ਹੋਣ ਤੋਂ ਐਕਟ ਵਿਚ ਤਬਦੀਲੀਆਂ ਕੀਤੀਆਂ, ਪਰ ਗੰਦਗੀ ਦਾ ਪਨਿਆਲਾ ਉਥੇ ਦਾ ਉਥੇ ਹੀ ਖੜ੍ਹਾ ਹੈ।ਲੋਕ ਪਾਰਟੀ ਦੇ ਪ੍ਰਧਾਨ ਜੇ ਗੋਪਾਲ ਧੀਮਾਨ ਨੇ ਪਿੰਡ ਪਿੰਡ ਕੂੜਾ ਡੰਪ ਕਰਨ ਲਈ ਬਣੇ ਕੂੜਾਦਾਨਾਂ ਵਿਚ ਲੱਗੇ ਕੂੜੇ ਦੇ ਢੇਰਾਂ ਵੱਲ ਪੰਚਾਇਤੀ ਰਾਜ ਸੰਸਥਾਵਾਂ ਵਲੋਂ ਨਾ ਧਿਆਨ ਦੇਣ 'ਤੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸ਼ਹਿਰਾਂ ਵਾਂਗ ਪਿੰਡਾਂ ਦਾ ਵਿਕਾਸ ਵੀ ਅਤੇ ਕੂੜੇ ਦੀ ਸਾਂਭ ਸੰਭਾਲ ਕਾਗਜ਼ੀ ਘੋੜੇ ਦੁੜਾਅ ਕੇ ਕੀਤਾ ਜਾਂਦਾ ਲੋਕਾਂ ਲਈ ਸਿਰਦਰਦੀ ਪੈਦਾ ਕਰ ਰਹੀ ਹੈ।ਹਾਲਾਤ ਇਹ ਹਨ ਕਿ ਕੂੜੇਦਾਨ ਪੂਰੀ ਤਰ੍ਹਾਂ ਬਦਬੂ ਮਾਰਦੀ ਗੰਦਗੀ ਨਾਲ ਭਰੇ ਪਏ ਹਨ ਅਤੇ ਮੱਖੀਆਂ ਮੱਛਰਾਂ ਦੀ ਨਰਸਰੀ ਬਣਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੇ ਆਪਣੇ ਹਲਕਿਆਂ ਵਿਚ ਖਾਨਾਪੂਰਤੀ ਕਰਕੇ ਡੰਗ ਟਪਾਇਆ ਹੈ।ਬਹੁਤੇ ਪਿੰਡਾਂ ਵਿਚ ਪਿੰਡਾਂ ਦੀ ਵਸੋਂ ਦੇ ਵਿਚ ਹੀ ਬਣਾ ਦਿੱਤੇ ਤੇ ਬਹੁਤੇ ਪਿੰਡਾਂ ਵਿਚ ਬਹੁਤ ਦੂਰ ਬਣਾ ਦਿੱਤੇ ਤੇ ਕਈ ਪਿੰਡਾਂ ਵਿਚ ਕਾਗਜ਼ੀ ਬਣ ਗਏ ਤੇ ਕਈਆਂ ਵਿਚ ਕੂੜੇਦਾਨ ਅਧੂਰੇ ਪਏ ਹਨ।ਵਿਚ ਕੂੜੇ ਲਈ ਪਿੰਡਾਂ ਵਿਚ ਛੋਟੀਆਂ ਟਰਾਲੀਆਂ ਵੀ ਦਿੱਤੀਆਂ ਪਰ ਉਨ੍ਹਾਂ ਦੀ ਕਿਤੇ ਵੀ ਵਰਤੋਂ ਵੇਖਣ ਨੂੰ ਨਹੀਂ ਮਿਲ ਰਹੀ।ਧੀਮਾਨ ਨੇ ਕਿਹਾ ਕਿ ਸਰਕਾਰ ਦੀਆਂ ਅਤੇ ਉਚ ਅਧਿਕਾਰੀਆਂ ਦੀਆਂ ਅੱਖਾਂ ਵਿਚ ਕੰਪਿਊਟਰਾਂ ਵਿਚ ਸਭ ਕੁਝ ਠੀਕ ਵਿਖ ਕੇ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ।ਉਨ੍ਹਾਂ ਦਸਿਆ ਕਿ ਇਕ ਪਾਸੇ ਸਰਕਾਰ ਪ੍ਰਚਾਰ ਕਰ ਰਹੀ ਹੈ ਕਿ ਕੂੜੇ ਨੂੰ ਅਲੱਗ ਅਲੱਗ ਕਰਕੇ ਰੱਖਣਾ ਹੈ ਤੇ ਉਸ ਨੂੰ ਸੋਧਣਾ ਹੈ ਪਰ ਇਥੇ ਤਾਂ ਪਿੰਡਾਂ ਵਿਚ ਸਭ ਕੁਝ ਇਕੱਠਾ ਹੀ ਪਿਆ ਵੇਖਿਆ ਜਾ ਸਕਦਾ ਹੈ।ਇਹ ਕੂੜਾਦਾਨ ਪਲਾਸਟਿਕ ਦੇ ਢੇਰ ਬਣ ਚੁੱਕੇ ਹਨ ।ਧੀਮਾਨ ਨੇ ਕਿਹਾ ਕਿ ਇਸ ਸਭ ਲਈ ਸਰਕਾਰ ਦੀ ਮੈਨੇਜਮੈਂਟ ਅਨੇਕਾਂ ਖਾਮੀਆਂ ਦੀ ਸ਼ਿਕਾਰ ਹੈ।ਧੀਮਾਨ



ਨੇ ਕਿਹਾ ਕਿ ਪ੍ਰੈਕਟੀਕਲੀ ਕਿਤੇ ਵੀ ਕੁਝ ਵੀ ਨਹੀਂ ਹੋ ਰਿਹਾ, ਸਭ ਲੀਡਰਾਂ ਦੀ ਫਲੈਕਸਾਂ ਤੱਕ ਹੀ ਸੀਮਤ ਹੋ ਕੇ ਰਹਿ ਰਿਹਾ ਹੈ। ਡਿਜੀਟਲ ਇੰਡੀਆ, ਸਕਿਲ ਇੰਡੀਆ ਸਭ ਕੁਝ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।ਉਨ੍ਹਾਂ ਕਿਹਾ ਕਿ ਅਗਰ ਕੂੜੇ ਨੂੰ ਚੰਗੀ ਤਰ੍ਹਾਂ ਨਾ ਸੰਭਾਲਿਆ ਗਿਆ ਤੇ ਆਉਣ ਵਾਲੇ ਭੱਵਿਖ ਵਿਚ ਮਹਾਂਮਾਰੀ ਨੂੰ ਕੋਈ ਵੀ ਨਹੀਂ ਰੋਕ ਸਕਦਾ।ਕੂੜੇ ਦੇ ਢੇਰਾਂ ਉਤੇ ਕੋਈ ਵੀ ਐਂਟੀਬਾਓਟਿਕ ਸਪ੍ਰੇਅ ਨਹੀਂ ਕੀਤੀ ਜਾ ਰਹੀ ਹੈ ਤੇ ਨਾ ਹੀ ਉਸ ਨੂੰ ਸੋਧਿਆ ਜਾ ਰਿਹਾ ਹੈ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਵਿਖੇ ਮਨਾਇਆ ਕਾਰਗਿਲ ਵਿਜੇ ਦਿਵਸ



**ਅੱਡਾ ਸਰਾਂ (ਜਸਵੀਰ ਕਾਜਲ)**- ਗੁਰੂ ਗੋਬਿੰਦ ਸਿੰਘ ਐਜੂਕੇਸ਼ਨ ਸੋਸਾਇਟੀ, ਬੋਕਾਰੋ (ਝਾਰਖੰਡ) ਅਧੀਨ ਚੱਲ ਰਹੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਵਿੱਚ ਕਾਰਗਿਲ ਵਿਜੇ ਦਿਵਸ ਦੇ ਪਵਿੱਤਰ ਮੌਕੇ 'ਤੇ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ਼ (ਇੰਟੈਕ) ਦੇ ਹੁਸ਼ਿਆਰਪੁਰ ਚੈਪਟਰ ਦਾ ਉਦਘਾਟਨ ਕੀਤਾ ਗਿਆ । ਪ੍ਰਿੰਸੀਪਲ ਹਰਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਹੁਸ਼ਿਆਰਪੁਰ ਦੀ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਆਈ. ਏ.ਐੱਸ. ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਉਤਸ਼ਾਹਵਰਧਕ ਸੰਬੋਧਨ ਰਾਹੀਂ ਨੌਜਵਾਨਾਂ ਨੂੰ ਦੇਸ਼ ਪ੍ਰਤੀ ਸਮਰਪਿਤ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਦੇ ਪੰਜਾਬ ਕਨਵੀਨਰ ਮੇਜਰ ਜਨਰਲ (ਸੇਵਾ ਮੁਕਤ ) ਬਲਵਿੰਦਰ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਆਪਣੇ ਸ਼ਬਦਾਂ ਰਾਹੀਂ ਵਿਰਾਸਤ, ਸੱਭਿਆਚਾਰ, ਬਹਾਦੁਰੀ ਅਤੇ ਰਾਸ਼ਟਰੀ ਮਾਣ ਬਾਰੇ ਜਾਗਰੂਕ ਕੀਤਾ। ਇਸ ਖਾਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਵਲੋਂ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੂੰ ਟਰੱਸਟ ਦੇ ਹੁਸ਼ਿਆਰਪੁਰ ਚੈਪਟਰ ਦੇ ਕਨਵੀਨਰ ਵਜੋਂ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਸਮੇਂ ਪਰਮਵੀਰ ਸਿੰਘ ਨੂੰ ਡਿਪਟੀ ਕਨਵੀਨਰ ਵਜੋਂ ਨਿਯੁਕਤ ਕਰਕੇ ਨਿਵਾਜਿਆ ਗਿਆ। ਉਨ੍ਹਾਂ ਵਲੋਂ ਆਉਣ ਵਾਲੇ ਪ੍ਰਾਜੈਕਟਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਗਏ। ਇਸ ਭਾਵਪੂਰਨ ਸਮਾਰੋਹ ਵਿਚ ਬੱਚਿਆਂ ਨੇ ਦੇਸ਼ ਭਗਤੀ ਨਾਲ ਭਰਪੂਰ ਭਾਸ਼ਣ, ਇਕ ਮਾਈਮ ਐਕਟ, ਗੀਤ ਅਤੇ ਨਾਟਕ ਮੰਚਨ ਕਰਕੇ ਕਾਰਗਿਲ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਤਰਸੇਮ ਸਿੰਘ ਪ੍ਰਧਾਨ, ਸੁਰਿੰਦਰ ਪਾਲ ਸਿੰਘ ਸਕੱਤਰ, ਜਗਤਾਰ ਸਿੰਘ ਸੰਧੂ,ਰਾਜਿੰਦਰ ਸਿੰਘ ਢਿੱਲੋਂ ਅਤੇ ਸਾਰੇ ਪ੍ਰਬੰਧਨ ਅਤੇ ਮਹਿਮਾਨਾਂ ਵੱਲੋਂ ਸਕੂਲ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੂੰ ਇਸ ਯਾਦਗਾਰੀ ਸਮਾਰੋਹ ਦੀ ਸਫਲਤਾ ਲਈ ਵਧਾਈ ਦਿੱਤੀ ਗਈ। ਪ੍ਰਿੰਸੀਪਲ ਵਲੋਂ ਵੀ ਸਾਰੇ ਮਹਿਮਾਨਾਂ ਅਤੇ ਸਟਾਫ ਦਾ ਧੰਨਵਾਦ ਕੀਤਾ ਗਿਆ ਤੇ ਇਸ ਕਲੱਬ ਨੂੰ ਭਵਿੱਖ ਵਿਚ ਹੋਰ ਉੱਚਾਈਆਂ 'ਤੇ ਲੈ ਜਾਣ ਦਾ ਸੰਕਲਪ ਲਿਆ ਗਿਆ। ਇਹ ਸਮਾਗਮ ਸੱਚਮੁੱਚ ਕਾਰਗਿਲ ਸ਼ਹੀਦਾਂ ਲਈ ਇਕ ਯਾਦਗਾਰ ਸ਼ਰਧਾਂਜਲੀ ਸਾਬਤ ਹੋਇਆ, ਜਿਸ ਵਿੱਚ ਸਕੂਲ ਦਾ ਪੂਰਾ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਹਾਜ਼ਰ ਰਿਹਾ।

## ਸਰਕਾਰੀ ਸੀਨੀਅਰ ਸੈਕੰਡਰੀ ਕੋ ਐਜੂਕੇਸ਼ਨ ਸਕੂਲ 'ਚ ਬੂਟੇ ਲਗਾਏ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਐਨ ਸੀ ਸੀ ਦੀ ਸੋਸ਼ਲ ਸਰਵਿਸ ਐਂਡ ਕਮਿਊਨਿਟੀ ਡਿਵੈਲਪਮੈਂਟ ਐਕਟੀਵਿਟੀ ਤਹਿਤ ਗਰੁੱਪ ਕੈਪਟਨ ਮਨੀਸ਼ ਕੁਮਾਰ ਦੀ ਅਗਵਾਈ ਅਤੇ ਪ੍ਰਿੰਸੀਪਲ ਕਰੁਣ ਸ਼ਰਮਾ ਐਨ ਸੀ ਸੀ ਸੈਕਿੰਡ ਆਫਿਸਰ ਰੋਸ਼ਨ ਲਾਲ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋ ਐਜੂਕੇਸ਼ਨ ਹੁਸ਼ਿਆਰਪੁਰ ਵਿੱਚ ਬੇਸਟਲੈਂਡ ਅਤੇ ਕਲੀਨ ਐਂਡ ਗਰੀਨ ਐਕਟੀਵਿਟੀ ਤਹਿਤ ਫਲਦਾਰ ਬੂਟੇ ਲਗਾਏ ਗਏ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਕਰੁਣ ਸ਼ਰਮਾ ਅਤੇ ਐਨ ਸੀ ਸੀ ਸੈਕਿੰਡ ਅਫਸਰ ਰੋਸ਼ਨ ਲਾਲ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਅਤੇ ਪੰਜਾਬ ਰਾਜ ਵਿੱਚ ਜੰਗਲਾਂ ਦੀ ਅਤੇ ਰੁੱਖਾਂ ਦੀ ਬਹੁਤ ਘਾਟ ਪਾਈ ਜਾ ਰਹੀ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਫਲਦਾਰ ਬੂਟੇ ਲਗਾਏ ਗਏ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਵਧ ਰਹੇ ਤਾਪਮਾਨ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਜਿਆਦਾ ਤੋਂ ਜਿਆਦਾ ਰੁੱਖ ਲਗਾ ਕੇ ਆਪਣਾ ਢੁਕਵਾਂ ਯੋਗਦਾਨ ਪਾਇਆ ਜਾ ਸਕੇ ।ਇਸ ਮੌਕੇ ਉਹਨਾਂ ਨੇ ਦੱਸਿਆ ਕਿ ਮੈਡੀਕੇਟਡ ਪਲਾਂਟ ਅਤੇ ਉਹ ਬੂਟੇ ਜੋ ਦਿਨ ਰਾਤ ਜਿਆਦਾ ਆਕਸੀਜਨ ਛੱਡਦੇ ਹਨ, ਸਕੂਲ ਵਿੱਚ ਲਗਾਏ ਗਏ ਹਨ ਅਤੇ ਇਸ ਦੇ ਨਾਲ ਨਾਲ ਕੁਝ ਫਲਦਾਰ ਬੂਟੇ ਵੀ ਸਕੂਲ ਵਿੱਚ ਲਗਾਏ ਗਏ ਹਨ । ਉਨਾਂ ਨੇ ਸਾਰੇ ਬੱਚਿਆਂ ਨੂੰ ਤੇ ਉਹਨਾਂ ਦੇ ਮਾਪਿਆਂ ਨੂੰ ਵੀ ਇਸ ਮੌਕੇ ਇਹ



ਜਾਣਕਾਰੀ ਦਿੱਤੀ ਕਿ ਹਰ ਬੱਚਾ ਅਤੇ ਉਹਨਾਂ ਦੇ ਮਾਪੇ ਇੱਕ ਇੱਕ ਬੂਟਾ ਆਪਣੇ ਘਰ ਵਿੱਚ ਲਗਾ ਕੇ ਇਸ ਵਾਤਾਵਰਣ ਨੂੰ ਸ਼ੁੱਧ ਤੇ ਸਾਫ ਸੁਥਰਾ ਰੱਖਣ ਲਈ ਆਪਣਾ ਯੋਗਦਾਨ ਜ਼ਰੂਰ ਪਾਵੇ । ਇਸ ਮੌਕੇ ਮਾਸਟਰ ਸੁਰਜੀਤ ਰਾਜਾ ਮਾਸਟਰ ਜਤਿੰਦਰ ਸਿੰਘ , ਰਾਜ ਕਰਨ ਅਤੇ ਹੇਠ ਲਿਖੇ ਕੈਡਿਟ ਅਰਵਿੰਦ ਕੁਮਾਰ ,ਅਸ਼ੀਸ਼ ਕੁਮਾਰ , ਅਰਮਾਨ , ਰਾਜਨ ਕੁਮਾਰ , ਤੁਸ਼ਾਰ ਕੁਮਾਰ , ਰਾਜੇਸ਼ ਮਿਸਾਲ , ਅੰਕੁਸ਼ ਯਾਦਵ , ਪ੍ਰਦੀਪ ਸਿੰਘ , ਹਰਸ਼ਪ੍ਰੀਤ ਸਿੰਘ ,ਗਗਨ ਕੁਮਾਰ , ਕੋਮਲ , ਅਰਨਵ ਕੁਮਾਰ ,ਪ੍ਰਭਜੋਤ ਸਿੰਘ , ਸਰਬਜੀਤ ਤਰਨ ਕੁਮਾਰ ਰਵਿੰਦਰ ਹਰਸ਼ਿਤਾ ਅਤੇ ਗੁਰਲੀਨ ਆਦਿ ਹਾਜ਼ਰ ਸਨ ।

## ਦਿਵਿਆਂਗ ਤੇ ਸੀਨੀਅਰ ਸਿਟੀਜ਼ਨ ਨੂੰ ਵੋਟਰ ਸੂਚੀਆਂ 'ਚ ਸ਼ਾਮਲ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾਣ : ਵਧੀਕ ਡਿਪਟੀ ਕਮਿਸ਼ਨਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)-ਕਮ-ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਜਸਬੀਰ ਸਿੰਘ ਨੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਉਣ ਲਈ ਅਕਸੈਸੇਬਲ ਇਲੈਕਸ਼ਨ ਸਬੰਧੀ ਜ਼ਿਲ੍ਹਾ ਨਿਗਰਾਨ ਕਮੇਟੀ ਦੀ ਮੀਟਿੰਗ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਜੋ ਦਿਵਿਆਂਗ ਵਿਅਕਤੀ ਅਜੇ ਵੋਟਰ ਸੂਚੀ ਵਿੱਚ ਦਰਜ ਨਹੀਂ ਹਨ, ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਵੋਟਰ ਸੂਚੀਆਂ ਵਿੱਚ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹੇ ਵੋਟਰਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਿਲ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾਣ। ਉਨ੍ਹਾਂ ਕਿਹਾ ਕਿ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨ ਵੋਟਰਾਂ ਦੀ ਸਹੂਲਤ ਲਈ ਐੱਨ.ਸੀ.ਸੀ., ਐੱਨ.ਐੱਸ.ਐੱਸ., ਨਹਿਰੂ ਯੁਵਾ ਕੇਂਦਰਾਂ ਅਤੇ ਐੱਨ.ਜੀ.ਓਜ਼ ਨੂੰ ਵਿਸ਼ੇਸ਼ ਸਿਖ਼ਲਾਈ ਵੀ ਪ੍ਰਦਾਨ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਬੀ.ਐਲ.ਓਜ਼ ਨੂੰ ਦਿਵਿਆਂਗ ਵੋਟਰਾਂ ਲਈ ਘਰ-ਘਰ ਜਾ ਕੇ ਸਰਵੇਖਣ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਦਿਵਿਆਂਗ ਵੋਟਰਾਂ ਨੂੰ ਚੋਣ ਕਮਿਸ਼ਨ ਵਲੋਂ ਤਿਆਰ ਕੀਤੀ ਗਈ ਵਿਸ਼ੇਸ਼ ਐਪਲੀਕੇਸ਼ਨ 'ਸਕਸ਼ਮ ਈਸੀਆਈ' (SAKSHAM ECI) ਦੀ ਵੱਧ ਤੋਂ ਵੱਧ ਵਰਤੋਂ ਲਈ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨ ਵਿਅਕਤੀ ਵੋਟਰ ਸੂਚੀਆਂ ਵਿੱਚ ਰਜਿਸਟਰ ਹੋਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਇਸ ਮੌਕੇ ਕਮੇਟੀ ਮੈਂਬਰਾਂ ਨਾਲ ਦਿਵਿਆਂਗ ਵੋਟਰਾਂ ਲਈ ਵੱਖਰੀਆਂ ਕਤਾਰਾਂ, ਹੋਮ ਵੋਟਿੰਗ ਦੀ ਸਹੂਲਤ, ਵੀਲ੍ਹ ਚੇਅਰ ਅਤੇ ਰੈਂਪ, ਘਰ ਤੋਂ ਪੋਲਿੰਗ ਸਟੇਸ਼ਨ ਤੱਕ ਲਿਆਉਣ ਅਤੇ ਵੋਟ ਉਪਰੰਤ ਘਰ ਵਾਪਿਸ ਛੱਡਣ ਲਈ ਟਰਾਂਸਪੋਰਟ ਸਹੂਲਤ ਆਦਿ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਸਹਾਇਕ ਡਾਇਰੈਕਟਰ ਯੂਥ ਸਰਵਿਸਜ਼ ਰਵੀ ਦਾਰਾ, ਜ਼ਿਲ੍ਹਾ ਯੂਥ ਅਫ਼ਸਰ ਨਹਿਰੂ ਯੁਵਾ ਕੇਂਦਰ ਨੇਹਾ ਸ਼ਰਮਾ, ਸਹਾਇਕ ਸਵੀਪ ਨੋਡਲ ਅਫ਼ਸਰ, ਜਲੰਧਰ ਡਾ.ਅਸ਼ੋਕ ਸਹੋਤਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ, ਜ਼ਿਲ੍ਹਾ ਪੀ.ਡਬਲਿਊ.ਡੀਜ਼ ਕੋਆਰਡੀਨੇਟ ਮਨੀਸ਼ ਅਗਰਵਾਲ, ਪ੍ਰਧਾਨ ਚਾਨਣ ਐਸੋਸੀਏਸ਼ਨ ਓਪਿੰਦਰ ਕੌਰ, ਸਲਾਹਕਾਰ ਸ਼ਹੀਦ ਭਗਤ ਸਿੰਘ ਵੈੱਲਫੇਅਰ ਸੁਸਾਇਟੀ (ਸੁਡਾਨਾ) ਡਾ.ਸੁਰਜੀਤ ਲਾਲ, ਪ੍ਰਿੰਸੀਪਲ ਰੈਡ ਕਰਾਸ ਸਕੂਲ ਫਾਰ ਡੈਫ ਮਕਸੂਦਾਂ, ਜਲੰਧਰ ਪੁਸ਼ਪਿੰਦਰ ਨਾਥ ਸ਼ਰਮਾ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਦਫ਼ਤਰ ਤੋਂ ਸਰਬਜੀਤ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਤੋਂ ਕੰਚਨ ਬਾਲਾ ਵੀ ਮੌਜੂਦ ਸਨ।



## ਨਸ਼ਾ ਮੁਕਤ ਸਮਾਜ ਸਿਰਜਣ ਲਈ ਹਰ ਵਰਗ ਦੇ ਰਿਹਾ ਸਰਕਾਰ ਨੂੰ ਸਮਰਥਨ

**ਭਲਾਣ (ਹਰਭਜਨ ਢਿੱਲੋਂ)**- ਇਲੈਕਟ੍ਰਾਨਿਕ ਮੀਡੀਆ ਨੰਗਲ ਵੱਲੋਂ ਪੁਲਸ ਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਇੱਕ ਮੈਗਾ ਸੈਮੀਨਾਰ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸਮਾਗਮ 27 ਜੁਲਾਈ ਨੂੰ ਸਕੂਲ ਆਫ ਐਮੀਨੈਂਸ ਨੰਗਲ ਵਿਖੇ ਹੋਵੇਗਾ। ਇਸ ਨਿਵੇਕਲੀ ਪਹਿਲ ਦੀ ਸ਼ੁਰੂਆਤ ਸਵੇਰੇ 11 ਵਜੇ ਹੋਵੇਗੀ, ਜਿਸ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸ਼ਮੂਲੀਅਤ ਕਰਕੇ ਨੌਜਵਾਨਾਂ ਨੂੰ ਨਸ਼ੇ ਮੁਕਤ ਸਮਾਜ ਸਿਰਜਣ ਦਾ ਸੰਦੇਸ਼ ਦੇਣਗੇ। ਸੈਮੀਨਾਰ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵ ਤੋ ਜਾਗਰੂਕ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਤੇ ਸਮਾਜ ਵਿੱਚੋਂ ਨਸ਼ਾ ਖਤਮ ਕਰਨ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਦੀ ਪ੍ਰੇਰਨਾ ਦਿੱਤੀ ਜਾਵੇਗੀ। ਨੰਗਲ ਮੀਡੀਆ ਵੱਲੋਂ ਹਰ ਵਰਗ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਨਾਟਕ, ਚਰਚਾ ਅਤੇ ਨੌਜਵਾਨਾਂ ਦੀ ਭਾਗੀਦਾਰੀ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਸਮਾਗਮ ਦੌਰਾਨ ਸਵੇਰੇ 9 ਵਜੇ ਤੋਂ ਡ੍ਰਾਇੰਗ ਮੁਕਾਬਲੇ ਵੀ ਕਰਵਾਏ ਜਾਣਗੇ। ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਵੱਧ ਚੜ੍ਹ ਕੇ ਭਾਗ ਲੈਣ ਅਤੇ ਨਸ਼ਾ ਮੁਕਤ ਸਮਾਜ ਵੱਲ ਪਹਿਲ ਕਰਨ। ਹਫਤਾਵਾਰੀ ਜਨਤਾ ਦਰਬਾਰ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਲੋਕਾਂ ਦੀਆਂ ਮੁਸ਼ਕਿਲਾਂ ਸੁਣਨਗੇ। ਮੀਡੀਆ ਕੋਆਰਡੀਨੇਟਰ ਦੀਪਕ ਸੋਨੀ ਨੇ ਦੱਸਿਆ ਕਿ ਐਤਵਾਰ ਨੂੰ ਨੰਗਲ ਵਿਖੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵਲੰਟੀਅਰ ਦੀ ਤਰ੍ਹਾਂ ਕੰਮ ਕਰਦੇ ਹਨ, ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਹਲਕੇ ਦੇ ਲੋਕਾਂ ਦੀਆਂ ਸਾਂਝੀਆਂ ਸਮੱਸਿਆਵਾਂ ਪੰਚਾਇਤਾਂ ਦੇ ਕੰਮ, ਸਮਾਜਿਕ, ਧਾਰਮਿਕ ਸੰਗਠਨਾਂ ਦੀਆਂ ਯੋਗ ਮੰਗਾਂ ਅਤੇ ਲੋਕਾਂ ਦੇ ਨਿੱਜੀ ਕੰਮ ਪਹਿਲ ਦੇ ਅਧਾਰ 'ਤੇ ਕਰਵਾਉਂਦੇ ਹਨ। 27 ਜੁਲਾਈ ਨੂੰ ਨੰਗਲ ਵਿਚ ਹਰ ਐਤਵਾਰ ਦੀ ਤਰ੍ਹਾਂ ਇਸ ਵਾਰ ਵੀ ਹਫਤਾਵਾਰੀ ਜਨਤਾ ਦਰਬਾਰ 2 ਆਰ ਵੀ ਆਰ ਵਿੱਚ ਲੱਗ ਰਿਹਾ ਹੈ।ਉਨ੍ਹਾਂ ਨੇ ਦੱਸਿਆ ਕਿ ਨੰਗਲ 2 ਆਰ ਵੀ ਆਰ ਨੂੰ ਇਸ ਇਲਾਕੇ ਵਿਚ ਸੇਵਾ ਸਦਨ ਵੱਜੋਂ ਜਾਣਿਆ ਜਾਦਾ ਹੈ, ਜਿੱਥੇ ਲੋਕਾਂ ਨੂੰ ਸੇਵਾ ਦੀ ਭਾਵਨਾ ਦਾ ਅਹਿਸਾਸ ਹੁੰਦਾ ਹੈ।

## ਰਾਜਕੁਮਾਰ ਨੇ ਪੰਜਾਬ ਏਜੂਕੇਅਰ ਐਪ ਤੇ ਜੋੜੇ ਪੰਜਾਬੀ ਵਿਆਕਰਣ ਦੇ 19 ਅਧਿਆਇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿੱਖਿਆ ਦੇ ਖੇਤਰ ਵਿੱਚ ਡਿਜੀਟਲ ਸਮੱਗਰੀ ਦੇ ਵਾਧੇ ਅਤੇ ਗੁਣਵੱਤਾਪੂਰਕ ਅਧਿਐਨ ਸਮੱਗਰੀ ਮੁਹੱਈਆ ਕਰਵਾਉਣ ਵੱਲ ਇਕ ਮਹੱਤਵਪੂਰਨ ਪਹਿਲ ਕਰਦੇ ਹੋਏ ਸਰਕਾਰੀ ਹਾਈ ਸਕੂਲ ਨੈਨੋਵਾਲੇ ਜੱਟਾ ਵਿੱਚ ਸੇਵਾ ਨਿਭਾ ਰਹੇ ਪੰਜਾਬੀ ਅਧਿਆਪਕ ਰਾਜਕੁਮਾਰ ਨੇ ਪੰਜਾਬ ਏਜੂਕੇਅਰ ਐਪ ਤੇ ਪੰਜਾਬੀ ਵਿਆਕਰਣ ਨਾਲ ਸੰਬੰਧਤ 19 ਅਧਿਆਇ (ਸਲਾਈਡ) ਅਪਲੋਡ ਕੀਤੇ ਹਨ। ਇਹ ਮਹੱਤਵਪੂਰਨ ਯੋਗਦਾਨ ਦੀ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਲਲਿਤਾ ਅਰੋੜਾ ਵੱਲੋਂ ਖਾਸ ਤੌਰ ਤੇ ਤਿਆਰ ਕੀਤੀ ਪ੍ਰੈਜ਼ੇਂਟੇਸ਼ਨ ਰਾਹੀਂ ਸਮੀਖਿਆ ਕੀਤੀ ਗਈ ਅਤੇ ਰਾਜਕੁਮਾਰ ਦੀ ਕੋਸ਼ਿਸ਼ ਨੂੰ ਬੇਹੱਦ ਸਰਾਹਿਆ ਗਿਆ। ਪੇਸ਼ਕਸ਼ ਦੌਰਾਨ ਅਧਿਆਪਕ ਰਾਜਕੁਮਾਰ ਨੇ ਦੱਸਿਆ ਕਿ ਇਹ ਸਾਰੇ ਅਧਿਆਇ ਵਿਦਿਆਰਥੀਆਂ ਦੀ ਸਮਝ ਦੇ ਪੱਧਰ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਹੀ ਸਰਲ ਭਾਸ਼ਾ ਅਤੇ ਚਿੱਤਰਾਂ ਦੀ ਮਦਦ ਨਾਲ ਤਿਆਰ ਕੀਤੇ ਗਏ ਹਨ। ਉਨ੍ਹਾਂ ਦਾ ਮਕਸਦ ਵਿਦਿਆਰਥੀਆਂ ਲਈ ਪੰਜਾਬੀ ਵਿਆਕਰਣ ਦੇ ਔਖੇ ਵਿਸ਼ਿਆਂ ਨੂੰ ਅਸਾਨ ਅਤੇ ਦਿਲਚਸਪ ਢੰਗ ਨਾਲ ਸਮਝਾਉਣਾ ਹੈ। ਇਸ ਮੌਕੇ ਲਲਿਤਾ ਅਰੋੜਾ ਨੇ ਕਿਹਾ, 'ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਸਾਡੇ ਜ਼ਿਲ੍ਹੇ ਦੇ ਅਧਿਆਪਕ ਵੱਲੋਂ ਤਿਆਰ ਕੀਤਾ ਗਿਆ ਕੰਟੈਂਟ ਵਿਭਾਗੀ ਪੱਧਰ ਤੇ ਮਾਨਤਾ ਪ੍ਰਾਪਤ ਕਰਕੇ ਪੰਜਾਬ ਏਜੂਕੇਅਰ ਐਪ ਤੇ ਪ੍ਰਕਾਸ਼ਤ ਹੋਇਆ ਹੈ।' ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਹੋਰ ਅਧਿਆਪਕਾਂ ਨੂੰ ਵੀ ਇਸ ਉੱਦਮ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਸਿੱਖਿਆ ਦੇ ਡਿਜੀਟਲੀਕਰਨ ਵੱਲ ਇਹ ਇਕ ਮਿਸਾਲੀ ਕਦਮ ਹੈ। ਇਸ ਮੌਕੇ ਪ੍ਰਿੰਸੀਪਲ ਸੰਜੀਵ ਕੁਮਾਰ,ਰਿਟਾਇਰਡ ਅਧਿਆਪਕ ਸੁਨੀਲ ਕੁਮਾਰ, ਨਰਿੰਦਰ ਸੋਹਲ, ਸਤਵਿੰਦਰ ਸਿੰਘ, ਕੁਲਦੀਪ ਸਿੰਘ ਤੇ ਹੋਰ ਸਿੱਖਿਆਸ਼ਾਸਤਰੀ ਅਤੇ ਵਿਭਾਗੀ ਅਧਿਕਾਰੀ ਵੀ ਮੌਜੂਦ ਸਨ, ਜਿਨ੍ਹਾਂ ਨੇ ਰਾਜਕੁਮਾਰ ਦੀ ਇਸ ਪਹਲ ਨੂੰ ਸਲਾਹਯੋਗ ਅਤੇ ਪ੍ਰੇਰਣਾਦਾਇਕ ਦੱਸਿਆ ਅਤੇ ਕਿਹਾ ਕਿ ਇਸ ਨਾਲ ਨਾ ਸਿਰਫ਼ ਵਿਦਿਆਰਥੀਆਂ ਨੂੰ ਲਾਭ ਹੋਵੇਗਾ, ਸਗੋਂ ਸੂਬੇ ਵਿੱਚ ਪਾਠਨ-ਪਾਠਨ ਦੀ ਗੁਣਵੱਤਾ ਵਿੱਚ ਵੀ ਨਿਖਾਰ ਆਵੇਗਾ।



## ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਖ਼ਿਲਾਫ਼ ਮੁਹਿੰਮ ਲਗਾਤਾਰ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)**- ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ (ਆਈ ਏ ਐਸ) ਵੱਲੋ ਪ੍ਰੋਜੇਕਟ ਜੀਵਨ ਜੋਤ ਨੂੰ ਲਾਗੂ ਕਰਨ ਲਈ ਜਿਲੇ ਵਿੱਚ ਬਾਲ ਭਿਖਿਆ ਖਿਲਾਫ ਚਲ ਰਹੀ ਮੁਹਿੰਮ ਅਧੀਨ ਜਿਲ੍ਹੇ ਵਿਚੋਂ ਬਾਲ ਭਿਖਿਆ ਨੂੰ ਜੜ ਤੋਂ ਮਿਟਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਚਲਦੇ ਮਿਤੀ 24 ਜੁਲਾਈ ਨੂੰ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀ ਜਗਰੂਪ ਸਿੰਘ ਦੀ ਅਗਵਾਈ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਨਵਾਂ ਸ਼ਹਿਰ ਅਧੀਨ ਬਲਾਚੌਰ ਬਲੋਕ ਭੱਦੀ ਰੋਡ,ਬਸ ਸਟੈਂਡ , ਦਾਣਾ ਮੰਡੀ ਅਤੇ ਕੰਗਣਾ ਭੇਟ ਰੋਡ ਤੇ ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਖ਼ਿਲਾਫ਼ ਟੀਮ ਵੱਲੋਂ ਵਿਸ਼ੇਸ਼ ਚੈਕਿੰਗ ਕੀਤੀ ਗਈ। ਚੈਕਿੰਗ 18 ਸਾਲ ਤੋਂ ਘੱਟ ਉਮਰ ਦੇ ਇੱਕ ਬੱਚੇ ਨੂੰ ਬਾਲ ਭਿੱਖਿਆ ਤੋਂ ਮੁਕਤ ਕਰਵਾਇਆ ਗਿਆ ਅਤੇ ਇਸ ਦੇ ਨਾਲ ਹੀ ਇੱਕ ਹੀ ਬੱਚੇ ਨੂੰ (ਉਮਰ ਲਗਭਗ 16 ਸਾਲ) ਬਾਲ ਮਜਦੂਰੀ ਤੋਂ ਮੁਕਤ ਕਰਵਾਇਆ ਗਿਆ। ਬੱਚਿਆਂ ਨੂੰ ਰੈਸਕਿਊ ਕਰਨ ਉਪਰੰਤ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਅਤੇ ਬਾਲ ਮਜ਼ਦੂਰੀ ਕਰਵਾਉਣਾ ਕਾਨੂੰਨੀ ਤੌਰ ਤੇ ਅਪਰਾਧ ਹੈ । ਇਸ ਮੌਕੇ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਵੱਲੋਂ ਸਰਕਾਰ ਵੱਲੋਂ ਲੋੜਵੰਦ ਬੱਚਿਆਂ ਲਈ ਚਲਾਈ ਜਾ ਰਹੀ ਸਪੋਂਸਰਸ਼ਿਪ ਸਕੀਮ ਸਬੰਧੀ ਵੀ ਜਾਣੂ ਕਰਵਾਇਆ ਗਿਆ ਜਿਸ ਦੇ ਤਹਿਤ ਲੋੜਵੰਦ ਅਤੇ ਬੇਸਹਾਰਾ ਬੱਚਿਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਵਿੱਤੀ ਸਹਾਇਤਾ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਦਿੱਤੀ ਜਾਂਦੀ ਹੈ। ਚੈਕਿੰਗ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ, ਲੇਬਰ ਅਫਸਰ ਸ਼੍ਰੀ ਹਰਵਿੰਦਰ ਸਿੰਘ, ਪੁਲਿਸ ਵਿਭਾਗ ਤੋਂ ਲਵਪ੍ਰੀਤ ਸਿੰਘ ਐਸ ਆਈ ਅਤੇ ਊਸ਼ਾ ਰਾਣੀ ਲੇਡੀ ਕਾਂਸਟੇਬਲ,ਸਿਹਤ ਵਿਭਾਗ ਤੋਂ ਸੁਰਿੰਦਰ ਲਾਲ, ਪ੍ਰਾਇਮਰੀ ਟੀਚਰ ਪ੍ਰਿੰਸ ਕੁਮਾਰ ਦੇ ਨਾਲ ਐਮ ਸੀ ਦਫਤਰ ਤੋਂ ਬਲਜੀਤ ਕੁਮਾਰ ਮੌਜੂਦ ਸਨ।



## ਟਰੈਫਿਕ ਪੁਲਸ ਨੇ ਨਾਕਾਬੰਦੀ ਕਰਕੇ ਸਕੂਲ ਬੱਸਾਂ ਦੀ ਕੀਤੀ ਜਾਂਚ

**ਆਦਮਪੁਰ (ਪਰਮਜੀਤ ਸਿੰਘ)**- ਬੀਤੇ ਦਿਨੀਂ ਆਦਮਪੁਰ ਵਿਖੇ ਸਕੂਲ ਬੱਸ ਹਾਦਸੇ ਵਿੱਚ ਬੱਚੀ ਦੀ ਮੌਤ ਤੋਂ ਬਾਅਦ ਅੱਜ ਪ੍ਰਸ਼ਾਸਨ ਸਖਤ ਐਕਸ਼ਨ ਵਿੱਚ ਨਜ਼ਰ ਆਇਆ ਅਤੇ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਟਰੈਫਿਕ ਪੁਲਸ ਵੱਲੋਂ ਨਾਕਾਬੰਦੀ ਕਰ ਸਕੂਲ ਬੱਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਕੂਲ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਅੱਜ ਐੱਸ.ਡੀ.ਐੱਮ ਆਦਮਪੁਰ ਵਿਵੇਕ ਮੋਦੀ ਵੱਲੋਂ ਵੱਖ-ਵੱਖ ਸਕੂਲਾਂ ਦਾ ਜਾਇਜ਼ਾ ਲਿਆ ਗਿਆ । ਉਹਨਾਂ ਵੱਲੋਂ ਬੱਸਾਂ ਦੇ ਡਰਾਈਵਰਾਂ ਦੀਆਂ ਵਰਦੀਆਂ ,ਨੰਬਰ ਪਲੇਟ , ਲਾਈਸੈਂਸ, ਗੱਡੀ ਦੇ ਸਾਰੇ ਪੇਪਰ,ਟੈਕਸ, ਬੱਸਾਂ ਵਿੱਚ ਲੱਗੇ ਕੈਮਰਾ ਆਦਿ ਸਭ ਚੈੱਕ ਕੀਤੇ ਗਏ । ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ ਆਦਮਪੁਰ ਵਿਵੇਕ ਮੋਦੀ ਨੇ ਦੱਸਿਆ ਕਿ ਬੱਚੀ ਨਾਲ ਹੋਏ ਹਾਦਸੇ ਤੋਂ ਬਾਅਦ ਪ੍ਰਸ਼ਾਸਨ ਦੇ ਸਖਤ ਆਦੇਸ਼ਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਿਸ ਵੀ ਬੱਸ ਅੰਦਰ ਡਰਾਈਵਰ ਅਤੇ ਕੰਡਕਟਰ ਲਾਇਸੈਂਸ ਸਮੇਤ,ਸੁਰੱਖਿਆ ਉਪਕਰਣ ਪੂਰੇ ਅਤੇ ਕਾਗਜਾਤ ਘਾਟ ਹੋਣਗੇ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਤੇ ਆਦਮਪੁਰ ਦੇ ਰੇਨਬੋ ਪਬਲਿਕ ਸਕੂਲ, ਐਸ. ਟੀ. ਐਂਟੋਨੀ ਕੌਨਵੈਂਟ ਸਕੂਲ ਆਦਿ ਸਬ ਦੀ ਚੈਕਿੰਗ ਕੀਤੀ ਗਈ । ਇਸ ਮੌਕੇ ਤੇ ਰਾਮ ਆਸਰਾ ਸਟੇਟ ਐਵਾਰਡੀ ਸਕੂਲ ਆਫ ਐਮੀਨੈਂਸ ਆਦਮਪੁਰ ,ਇੰਦਰਜੀਤ ਰਾਣਾ ਆਪ ਆਗੂ, ਰਾਮ ਲਾਲ ਸਰਪੰਚ ਚੁੰਮੋ, ਅਸ਼ੋਕ ਕੁਮਾਰ ਪ੍ਰਧਾਨ ਦੁਆਬਾ ਸਰਪੰਚ ਯੂਨੀਅਨ, ਇੰਦਰਜੀਤ ਸਿੰਘ ਸੈਕਰਟਰੀ, ਮਨਜੀਤ ਸਿੰਘ ਸਰਪੰਚ ਕੰਦੋਲਾ, ਅਵਤਾਰ ਸਿੰਘ ਭਾਟੀਆ ਸਾਬਕਾ ਸਰਪੰਚ ਕਿਸ਼ਨਪੁਰ, ਆਦਿ ਮੁੱਖ ਹਾਜ਼ਰ ਸਨ।



## ਕੇਂਦਰ ਸਰਕਾਰ ਵੱਲੋਂ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਨ 'ਤੇ 25 ਓ ਟੀ ਪਲੇਟਫਾਰਮਾਂ 'ਤੇ ਰੋਕ ਸ਼ਲਾਘਾਯੋਗ : ਸੰਜੀਵਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਕੇਂਦਰ ਸਰਕਾਰ ਵੱਲੋਂ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਨੇ ਗ੍ਰਹਿ, ਮਹਿਲਾ ਅਤੇ ਬਾਲ ਵਿਕਾਸ, ਇਲੈਕਟ੍ਰਾਨਿਕਸ, ਸੂਚਨਾ ਤਕਨੀਕੀ ਅਤੇ ਕਾਨੂੰਨ ਮੰਤਰਾਲਾ, ਉਦਯੋਗ, ਸੰਗਠਨ ਫਿੱਕੀ, ਸੀ. ਆਈ. ਈ. ਅਤੇ ਮਹਿਲਾ ਤੇ ਬਾਲ ਅਧਿਕਾਰ ਖੇਤਰ ਦੇ ਮਾਹਿਰਾਂ ਦੀ ਸਲਾਹ ਨਾਲ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਨ ਕਰਕੇ ਅਲਟ, ਉੱਲੂ, ਦੇਸੀਫਲਿਕਸ, ਬਿੱਗ ਸ਼ਾਟਸ ਐਪ, ਬੂਮੈਕਸ, ਕੰਗਨ ਐਪ ਬੁੱਲ, ਨਰਵਸ ਲਾਇਟ, ਗੁਲਾਬ ਐਪ, ਕੰਗਨ ਐਪ, ਬੁੱਲ ਐਪ, ਜਲਵਾ ਐਪ ਸਮੇਤ 25 ਓ. ਟੀ. ਟੀ. ਮੰਚਾਂ ਦੀਆਂ ਵੈਸਾਇਟਾਂ ਅਤੇ ਐਪਸ ਨੂੰ ਬੰਦ ਕਰਨ ਦਟੇ ਫੈਸਲੇ ਦੀ ਸ਼ਲਾਘਾ ਕਰਦਿਆਂ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਓ. ਟੀ. ਟੀ. ਪਲੇਟਫਾਰਮਾਂ ਦੀਆਂ ਵੈਬਸਾਇਟਾਂ ਅਤੇ ਐਪਸ ਦੇ ਕਈ ਮੰਚ ਅਸ਼ਲੀਲ ਅਤੇ ਲੱਚਰ ਸਮੱਗਰੀ ਪ੍ਰਸਾਰਿਤ ਕਰਕੇ ਸਾਡੀਆਂ ਨੌਜਵਾਨੀ ਅਤੇ ਆਉਂਣ ਵਾਲੀਆਂ ਨਸਲਾਂ ਨੂੰ ਤਬਾਹ ਕਰ ਰਹੀਆਂ ਹਨ ਪਰ ਅਸ਼ਲੀਲਤਾ, ਲਚੱਰਤਾ, ਨਸ਼ਿਆਂ ਅਤੇ ਹਥਿਆਰਾਂ ਦਾ ਪ੍ਰਚਾਰ ਕਰ ਰਹੀ ਗੀਤਕਾਰੀ ਅਤੇ ਗਾਇਕੀ ਅਤੇ ਪਬਜੀ ਵਰਗੇ ਮੰਚਾਂ ਉਪਰ ਵੀ ਪਬੰਧੀ ਲਾਉਣ ਲਈ ਕੇਂਦਰ ਸਰਕਾਰ ਗੰਭੀਰਤਾ ਨਾਲ ਸੋਚੇ ਕਿਉਂਕਿ ਇਸ ਕਿਸਮ ਦੀ ਗਾਇਕੀ ਅਤੇ ਗੀਤਕਾਰੀ ਵੀ ਸਮਾਜ ਵਿਚ ਨਸ਼ਿਆਂ, ਅਪਰਾਧਿਕ ਮਾਮਲਿਆਂ ਅਤੇ ਔਰਤਾਂ ਪ੍ਰਤੀ ਅਪਰਾਧਾਂ ਨੂੰ ਵਧਾਉਣ ਵਿਚ ਸਹਾਈ ਹੋ ਰਹੀ ਹੈ।ਅਤੇ ਪਬਜੀ ਵਰਗੇ ਪਲੇਟਫਾਰਮ ਸਮਾਜ ਖਾਸ ਤੌਰ 'ਤੇ ਅਲੜ ਉਮਰ ਦੇ ਬੱਚਿਆਂ ਵਿਚ ਹਿੰਸਕ ਪ੍ਰਵਿਰਤੀ ਅਤੇ ਰੁਝਾਨ ਵਧਾ ਰਹੇ ਹਨ।

## ਸਿਹਤ ਮੰਤਰੀ ਬਿਹਾਰ ਤੇ ਮੱਧ ਪ੍ਰਦੇਸ਼ ਦੀ ਤਰਜ਼ 'ਤੇ ਕੀਤਾ ਵਾਅਦਾ ਜਲਦ ਪੂਰਾ ਕਰੇ : ਮੈਡੀਕਲ ਪ੍ਰੈਕਟੀਸ਼ਨਰਜ਼

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮੈਡੀਕਲ ਪ੍ਰੈਕਟੀਸ਼ਨਰਜ਼ ਦਾ ਮਸਲਾ ਪੰਜਾਬ ਸਰਕਾਰ ਵਲੋਂ ਊਠ ਦੇ ਬੁੱਲ੍ਹ ਵਾਂਗ ਲਮਕਾਉਣ ਤੇ ਪੰਜਾਬ ਦੀਆਂ 15 ਜਥੇਬੰਦੀਆਂ ਦੀ ਸ਼ਹੀਦ ਭਗਤ ਸਿੰਘ ਦੀ ਸਮਾਰਕ ਤੇ ਮੀਟਿੰਗ ਕਰਕੇ ਕਰਾਂਗੇ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ। ਕੌਮੀ ਪ੍ਰਧਾਨ ਡਾ. ਰਮੇਸ਼ ਬਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਕੀਤੇ ਵਾਅਦੇ ਤੇ ਨਹੀਂ ਉੱਤਰ ਰਹੀ। ਜਦ ਕਿ 2015 ਵਿੱਚ ਬਿਹਾਰ ਸਰਕਾਰ ਨੇ 3 ਸਾਲ ਦਾ ਤਜਰਬਾ ਤੈਅ ਕਰਕੇ ਇੱਕ ਸਾਲ ਦੀ ਟ੍ਰੇਨਿੰਗ ਕਰਵਾ ਕੇ ਪ੍ਰੈਕਟਿਸ ਕਰਨ ਦਾ ਅਧਿਕਾਰ ਦਿੱਤਾ ਹੈ। ਮੁੱਖ ਮੰਤਰੀ ਬਿਹਾਰ ਨੇ 20 ਹਜ਼ਾਰ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਹੀ ਮੱਧ ਪ੍ਰਦੇਸ਼ ਸਰਕਾਰ ਪੰਜ ਸਾਲ ਦਾ ਤਜਰਬਾ ਤੈਅ ਕਰਕੇ 12ਵੀਂ ਪਾਸ ਲਈ ਸਰਕਾਰੀ ਯੂਨੀਵਰਸਿਟੀ ਤੋਂ ਇੱਕ ਸਾਲ ਦਾ ਕੋਰਸ ਕਰਨ ਤੇ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਕਰਨ ਦਾ ਅਧਿਕਾਰ ਦਿੱਤਾ ਹੈ ਤੇ ਸਰਕਾਰੀ ਨੌਕਰੀ ਦੇ ਯੋਗ ਬਣਾ ਦਿੱਤਾ ਹੈ। ਫਿਰ ਪੰਜਾਬ ਵਿੱਚ ਵੀ ਇਹ ਕੀਤਾ ਜਾਣਾ ਚਾਹੀਦਾ ਹੈ। ਜਦ ਕਿ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਤਿੰਨ ਮੀਟਿੰਗਾਂ ਤੇ ਸਿਹਤ ਮੰਤਰੀ ਪੰਜਾਬ ਨਾਲ ਚਾਰ ਮੀਟਿੰਗਾਂ ਹੋ ਚੁੱਕੀਆਂ ਹਨ।ਸਿਹਤ ਮੰਤਰੀ ਪੰਜਾਬ ਬਿਹਾਰ ਤੇ ਮੱਧ ਪ੍ਰਦੇਸ਼ ਦੀ ਤਰਜ਼ ਤੇ ਜੋ ਵਾਅਦਾ ਕੀਤਾ ਜਲਦ ਤੋਂ ਜਲਦ ਪੂਰਾ ਕਰੇ। ਅਗਰ ਸਰਕਾਰ ਮਸਲੇ ਨੂੰ ਲਮਕਾਉਂਦੀ ਰਹੇਗੀ ਤਾਂ ਪੰਜਾਬ ਦੀਆਂ 15 ਜਥੇਬੰਦੀਆਂ ਤਿੱਖਾ ਸੰਘਰਸ਼ ਕਰਨਗੀਆਂ।



28-JULY-PAGE-10.qxd 7/27/2025 10:42 PM Page 1



## ਵਿਧਾਇਕ ਸੁਖਾਨੰਦ ਦੇ ਗ੍ਰਹਿ ਪੁੱਜੇ ਡਾ. ਗੁਰਪ੍ਰੀਤ ਕੌਰ ਮਾਨ ਨਾਲ ਪਵਨ ਗੁਪਤਾ ਤੇ ਸੋਨੀਆ ਨੇ ਕੀਤੀਆਂ ਸਿਆਸੀ ਵਿਚਾਰਾਂ

### ਅਕਾਲ ਸਿੱਧੂ ਦੇ ਜਨਮ ਦਿਨ ਦੀ ਵਿਧਾਇਕ ਸੁਖਾਨੰਦ ਨੂੰ ਪ੍ਰਧਾਨ ਸੋਨੀਆ ਗੁਪਤਾ ਤੇ ਪਵਨ ਗੁਪਤਾ ਨੇ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਮਾਨ ਬੀਤੇ ਦਿਨੀਂ ਮੋਗਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਸੁਖਾਨੰਦ ਵਿਖੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਘਰ ਉਨ੍ਹਾਂ ਦੇ ਬੇਟੇ ਦੇ ਜਨਮ ਦਿਨ ਦੀ ਖ਼ੁਸ਼ੀ 'ਚ ਰੱਖੇ ਗਏ ਸਮਾਗਮ ਵਿੱਚ ਸ਼ਮੂਲੀਅਤ ਕਰਨ ਪੁੱਜੇ ਸਨ, ਜਿਸ ਵਿੱਚ ਹਲਕਾ ਧਰਮਕੋਟ ਦੇ ਵਿਧਾਇਕਾਂ ਸਮੇਤ ਵੱਡੀ ਗਿਣਤੀ ਵਿੱਚ ਹਲਕੇ ਦੀ ਸਮੁੱਚੀ ਲੀਡਰਸ਼ਿੱਪ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਹਲਕਾ ਬਾਘਾ ਪੁਰਾਣਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਦਾ ਪਹਿਲੀ ਵਾਰ ਪੁੱਜਣ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ ਤੇ ਨਗਰ ਕੌਂਸਲ ਦੇ ਪ੍ਰਧਾਨ ਸੋਨੀਆ ਗੁਪਤਾ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਇਸ ਮੌਕੇ ਉਨ੍ਹਾਂ ਵੱਲੋਂ ਸਿਆਸੀ ਵਿਚਾਰਾਂ ਵੀ ਕੀਤੀਆਂ ਗਈਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।ਸਮਾਗਮ ਉਪਰੰਤ ਪੱਤਰਕਾਰਾਂ ਦੇ ਨਾਲ ਵਿਸ਼ੇਸ਼ ਵਾਰਤਾ ਦੌਰਾਨ ਡਾ. ਗੁਰਪ੍ਰੀਤ ਕੌਰ ਮਾਨ ਨੇ ਆਖਿਆ ਕਿ ਜਿਸ ਤਰ੍ਹਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਾਸੀਆਂ ਨੇ ਇਕਤਰਫ਼ਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਿਆਰ ਕਰਦਿਆਂ ਉਨ੍ਹਾਂ ਸਾਥ ਦਿੱਤਾ, ਉਸੇ ਤਰ੍ਹਾਂ ਹੀ ਆਉਣ ਵਾਲੀਆਂ 2027 ਦੀਆਂ ਪੰਜਾਬ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਹਿਲਾਂ ਨਾਲੋਂ ਵੱਧ ਚੜ੍ਹ ਕੇ ਇਕਤਰਫ਼ਾ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ ਤੇ ਨਗਰ ਕੌਂਸਲ ਪ੍ਰਧਾਨ ਸੋਨੀਆ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਖੁਸ਼ਹਾਲ ਤਰੱਕੀ ਵੱਲ ਵਧ ਰਿਹਾ ਹੈ।ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪੰਜਾਬ ਦੇ ਵਸਨੀਕ ਬਾਗੋਬਾਗ ਹਨ ਤੇ ਪੰਜਾਬ ਵਾਸੀ ਪੰਜਾਬ ਅੰਦਰ ਮੁੜ 2027 'ਚ ਆਪ ਪਾਰਟੀ ਦੇ ਹੱਕ ਵਿੱਚ ਆਪਣਾ ਫਤਵਾ ਦੇਣਗੇ। ਪ੍ਰਧਾਨ ਸੋਨੀਆ ਗੁਪਤਾ ਵੱਲੋਂ ਡਾ. ਗੁਰਪ੍ਰੀਤ ਕੌਰ ਮਾਨ ਨਾਲ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਸਿਆਸੀ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ।

ਪਵਨ ਗੁਪਤਾ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਹਲਕਾ ਬਾਘਾ ਪੁਰਾਣਾ ਅੰਦਰ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਹਲਕੇ ਅੰਦਰ ਜੰਗੀ ਪੱਧਰ 'ਤੇ ਸਰਬਪੱਖੀ ਵਿਕਾਸ ਹੋ ਰਿਹਾ ਹੈ ਤੇ ਹਲਕੇ ਦੇ ਲੋਕ ਮਾਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਖ਼ੁਸ਼ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜਿਸ ਤਰ੍ਹਾਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਬਾਘਾ ਪੁਰਾਣਾ ਤੋਂ ਆਪ ਉਮੀਦਵਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੇ ਸਨ ਅਤੇ ਉਸੇ ਤਰ੍ਹਾਂ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਬਾਘਾ ਪੁਰਾਣਾ ਦੀ ਸੀਟ ਜਿੱਤ ਕੇ ਆਪ ਦੀ ਝੋਲੀ ਪਾਈ ਜਾਵੇਗੀ।ਇਸ ਮੌਕੇ ਵੱਡੀ ਗਿਣਤੀ ਵਿੱਚ ਆਪ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## ਯਾਦਵਿੰਦਰ ਸਿੰਘ ਧਨੌਰੀ ਬਣੇ ਕਿਸਾਨ ਕਾਂਗਰਸ ਪੰਜਾਬ ਦੇ ਉਪ ਪ੍ਰਧਾਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਤੋਂ ਕਾਂਗਰਸ ਪਾਰਟੀ ਦੇ ਬਹੁਤ ਹੀ ਮਿਹਨਤੀ ਤੇ ਜੁਝਾਰੂ ਆਗੂ ਯਾਦਵਿੰਦਰ ਸਿੰਘ ਧਨੌਰੀ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਕਿਸਾਨ ਕਾਂਗਰਸ ਪੰਜਾਬ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਸਾਬਕਾ ਵਿਧਾਇਕ ਰਜਿੰਦਰ ਸਿੰਘ ਵੱਲੋਂ ਸ੍ਰ. ਧਨੌਰੀ ਨੂੰ ਨਿਯੁਕਤੀ ਪੱਤਰ ਸੌਂਪਿਆ ਗਿਆ ਤੇ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ ਗਈ।ਉਨ੍ਹਾਂ ਉਮੀਦ ਜਤਾਈ ਕਿ ਯਾਦਵਿੰਦਰ ਸਿੰਘ ਧਨੌਰੀ ਕਿਸਾਨਾਂ ਦੀ ਆਵਾਜ਼ ਨੂੰ ਅੱਗੇ ਲੈ ਕੇ ਜਾਣਗੇ ਤੇ ਸੂਬੇ ਦੇ ਕਿਸਾਨਾਂ ਦੀ ਬਿਹਤਰੀ ਲਈ ਹਰ ਸਮੇਂ ਤਤਪਰ ਰਹਿਣਗੇ।ਇਸ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਯਾਦਵਿੰਦਰ ਸਿੰਘ ਧਨੌਰੀ ਨੇ ਸ੍ਰ. ਰਜਿੰਦਰ ਸਿੰਘ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਦਿ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੀ ਪੂਰੀ ਮਿਹਨਤ ਤੇ ਤਨਦੇਹੀ ਨਾਲ ਇਸ ਜ਼ਿੰਮੇਵਾਰੀ ਨੂੰ ਨਿਭਾਉਣਗੇ।ਇਸ ਮੌਕੇ ਸ਼ਿਵ ਕੁਮਾਰ ਘੱਗਾ, ਯਤਿਨ ਵਰਮਾ ਕੌਂਸਲਰ, ਸੁਮਿਤ ਸੈਣੀ, ਦਰਸ਼ਨ ਮਿੱਤਲ ਕੌਂਸਲਰ, ਰਜਿੰਦਰ ਬੱਲੀ, ਵਿਸ਼ਾਲ ਵਰਮਾ, ਜੱਸ ਬੱਬੂ ਕੌਂਸਲਰ, ਜੀਵਨ ਗਰਗ, ਅਸ਼ਵਨੀ ਦਿਆਲਗੜ੍ਹੀਆ, ਕੁਲਦੀਪ ਦੀਪਾ, ਅਭਿਸ਼ੇਕ ਮਿੱਤਲ, ਪਵਨ ਖੁਰਾਣਾ, ਮਦਨ, ਹਰੀਚੰਦ ਵਰਮਾ, ਭਗਵਾਨ ਦਾਸ, ਗਗਨ ਸਿੰਗਲਾ, ਹਨੀ ਕਾਂਸਲ, ਦੀਪਕ ਅਨੇਜਾ ਤੇ ਨੰਨ੍ਹੂ ਸ਼ਰਮਾ ਆਦਿ ਮੌਜੂਦ ਰਹੇ।

## ਜੀ ਹੋਲੀ ਹਾਰਟ ਪਬਲਿਕ ਸਕੂਲ 'ਚ ਪਿਕਨਿਕ ਤੇ ਤੀਜ ਮੇਲਾ ਮਨਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿੱਚ ਪਿਕਨਿਕ ਤੇ ਤੀਜ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ।ਇਸ ਪ੍ਰੋਗਰਾਮ ਦੀ ਸਭ ਤੋਂ ਵਿਸ਼ੇਸ਼ ਖਾਸੀਅਤ ਸੱਭਿਆਚਾਰਕ ਪ੍ਰਦਰਸ਼ਨੀ ਰਹੀ, ਜਿਸ ਵਿੱਚ ਪੰਜਾਬ ਦੇ ਵਿਰਾਸਤੀ ਰੀਤੀ-ਰਿਵਾਜਾਂ, ਲੋਕ ਜੀਵਨ ਤੇ ਸੰਸਕਾਰਾਂ ਦੀ ਝਲਕ ਪੇਸ਼ ਕੀਤੀ ਗਈ।ਵਿਦਿਆਰਥੀਆਂ ਵੱਲੋਂ ਰਵਾਇਤੀ ਪੰਜਾਬੀ ਕਸੀਦੇ, ਪੁਰਾਣੇ ਬਰਤਨ, ਲੋਕ ਪਹਿਰਾਵੇ, ਟਰੈਕਟਰ, ਬੈਲ ਗੱਡੀ ਦੀ ਪ੍ਰਦਰਸ਼ਨੀ ਤੇ ਗੱਡੇ-ਗਿੱਧੇ ਨੂੰ ਮੰਚ 'ਤੇ ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਤੀਜ ਮੇਲੇ ਦੀ ਰੌਣਕ ਵਧਾਉਂਦੀਆਂ ਹੋਰ ਵੀ ਕਈ ਆਕਰਸ਼ਕ ਗਤੀਵਿਧੀਆਂ ਰਹੀਆਂ ਜਿਵੇਂ ਕਿ ਜਾਦੂ, ਹਾਸੇ-ਮਜ਼ਾਕ ਨਾਲ ਭਰਪੂਰ ਜੋਕਰ ਦੀਆਂ ਗੱਲਾਂ ਤੇ ਕਿਰਿਆਵਾਂ ਅਤੇ ਰੋਮਾਂਚਕ ਰਾਈਡਾਂ, ਸਵਾਦੀ ਭੋਜਨ ਦੀ ਸਟਾਲ ਆਦਿ ਦਾ ਵਿਦਿਆਰਥੀਆਂ ਨੇ ਆਨੰਦ ਮਾਣਿਆ।ਸਕੂਲ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਦੂਰਦਰਸ਼ੀ ਸੋਚ ਤੇ ਪ੍ਰਿੰਸੀਪਲ ਮੈਡਮ ਗਿਤਿਕਾ ਸ਼ਰਮਾ ਦੀ ਯੋਗ ਅਗਵਾਈ ਹੇਠ ਇਹ ਪੂਰਾ ਪ੍ਰੋਗਰਾਮ ਬੜੀ ਸਫਲਤਾ ਨਾਲ ਆਯੋਜਿਤ ਕੀਤਾ ਗਿਆ।ਸਕੂਲ ਦੇ ਡਾਇਰੈਕਟਰ ਮੈਡਮ ਰਚਨਾ ਗੋਇਲ ਨੇ ਵੀ ਆਪਣੀ ਵਿਸ਼ੇਸ਼ ਹਾਜ਼ਰੀ ਲਵਾਈ।ਪ੍ਰੋਗਰਾਮ ਦੀ ਰਚਨਾ ਤੇ ਪ੍ਰਬੰਧਨ ਵਿੱਚ ਸਕੂਲ ਦੀ ਸੀਨੀਅਰ ਕੋਆਰਡੀਨੇਟਰ ਮੈਡਮ ਪਰਦੀਪ ਕੌਰ ਗਰੇਵਾਲ ਨੇ ਵੀ ਵਿਸ਼ੇਸ਼ ਭੂਮਿਕਾ ਨਿਭਾਈ।ਉਨ੍ਹਾਂ ਦੀ ਮਿਹਨਤ ਕਾਰਨ ਇਹ ਸਮਾਰੋਹ ਹੋਰ ਵੀ ਜ਼ਿਆਦਾ ਰੰਗੀਨ ਤੇ ਯਾਦਗਾਰੀ ਬਣ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਚੇਅਰਮੈਨ ਅਮਨ ਜਿੰਦਲ, ਡਾਇਰੈਕਟਰ ਰਾਕੇਸ਼ ਬਾਂਸਲ ਤੇ ਨਿਤਿਨ ਜਿੰਦਲ ਨੇ ਪ੍ਰਿੰਸੀਪਲ ਤੇ ਸਟਾਫ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਦੇ ਸਰਬਪੱਖੀ ਸਾਰਥਕ ਵਿਕਾਸ ਵੱਲ ਉਠਾਏ ਜਾ ਰਹੇ ਇਹ ਕਦਮਾਂ ਦੀ ਖੁੱਲ੍ਹ ਕੇ ਸਰਾਹਨਾ ਕੀਤੀ।

## ਐੱਚ ਐੱਮ ਈ ਐੱਲ ਨੇ ਸਥਾਪਨਾ ਦਿਵਸ ਖੂਨਦਾਨ ਕੈਂਪ ਲਾ ਕੇ ਮਨਾਇਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਦੇਸ਼ ਦੇ ਊਰਜਾ ਖੇਤਰ ਦੀ ਅਗਵਾਈ ਕਰਨ ਵਾਲੀ ਕੰਪਨੀ ਐੱਚ ਪੀ ਸੀ ਐੱਲ-ਮਿੱਤਲ ਐਨਰਜੀ ਲਿਮਿਟਿਡ (ਐੱਚ ਐੱਮ ਈ ਐੱਲ) ਨੇ ਆਪਣਾ 18ਵਾਂ ਸਥਾਪਨਾ ਦਿਵਸ ਬੜੇ ਉਤਸ਼ਾਹ, ਇੱਕਜੁਟਤਾ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨਾਲ ਮਨਾਇਆ।ਇਸ ਮੌਕਾ ਗੁਰੂ ਗੋਬਿੰਦ ਸਿੰਘ ਰਿਫਾਈਨਰੀ (ਬਠਿੰਡਾ), ਨੋਇਡਾ ਕਾਰਪੋਰੇਟ ਦਫ਼ਤਰ ਤੇ ਪਾਈਪਲਾਈਨ ਦਫ਼ਤਰ 'ਤੇ ਇਕੱਠੇ ਤੌਰ 'ਤੇ ਮਨਾਇਆ ਗਿਆ।ਇਨ੍ਹਾਂ ਸਾਰੇ ਥਾਵਾਂ 'ਤੇ ਕਰਮਚਾਰੀਆਂ ਤੇ ਸੀਨੀਅਰ ਲੀਡਰਸ਼ਿਪ ਵੱਲੋਂ ਸਾਂਝੀ ਸ਼ੁਭ ਲੈਣ ਦਾ ਸਮਾਰੋਹ ਕੀਤਾ ਗਿਆ, ਜਿਸ ਰਾਹੀਂ ਉਨ੍ਹਾਂ ਐੱਚ ਐੱਮ ਈ ਐੱਲ ਦੇ ਮੂਲ ਮੁੱਲਿਆਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।ਇਸ ਮੌਕੇ ਉੱਚ ਪ੍ਰਬੰਧਨ ਨੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਨਿਰੰਤਰ ਤੇ ਯਤਨਾਂ ਲਈ ਸ਼ਲਾਘਾ ਦਿੱਤੀ ਅਤੇ ਕੰਪਨੀ ਦੀ 18 ਸਾਲਾਂ ਦੀ ਯਾਤਰਾ ਦੌਰਾਨ ਹਾਸਲ ਕੀਤੀਆਂ ਮਹੱਤਵਪੂਰਨ ਉਪਲਬਧੀਆਂ ਸਾਂਝੀਆਂ ਕੀਤੀਆਂ।ਇਸ ਮੌਕੇ ਬਠਿੰਡਾ ਸਥਿਤ ਓਕਿਊਪੇਸ਼ਨਲ ਹੈਲਥ ਸੈਂਟਰ ਵਿਖੇ ਇੱਕ ਖੂਨਦਾਨ ਕੈਂਪ ਲਗਾਇਆ ਗਿਆ, ਜਿਸ 'ਚ 165 ਕਰਮਚਾਰੀਆਂ ਤੇ ਠੇਕੇਦਾਰ ਕਰਮਚਾਰੀਆਂ ਨੇ ਖੂਨ ਦਾਨ ਕੀਤਾ।ਇਸ ਦੌਰਾਨ ਬਠਿੰਡਾ ਸਰਕਾਰੀ ਹਸਪਤਾਲ ਦੇ ਬਲੱਡ ਬੈਂਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਖੂਨ ਇਕੱਤਰ ਕੀਤਾ ਤੇ ਖੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

## ਜਸਵੰਤ ਸਿੰਘ ਇੰਸਾਂ ਦੀ ਬਰਸੀ 'ਤੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਲਾਕ ਭੁੱਚੋ ਮੰਡੀ ਦੇ ਪਿੰਡ ਨਾਥਪੁਰਾ ਦੇ ਵਸਨੀਕ ਸੱਚਖੰਡ ਵਾਸੀ ਪ੍ਰੇਮੀ ਜਸਵੰਤ ਸਿੰਘ ਇੰਸਾਂ ਦੀ ਬਰਸੀ ਨੂੰ ਮਨਾਉਂਦੇ ਹੋਏ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ 5 ਲੋੜਵੰਦ ਪਰਿਵਾਰਾਂ ਨੂੰ ਇੱਕ-ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ। ਬਲਾਕ ਪ੍ਰੇਮੀ ਰਣਜੀਤ ਸਿੰਘ ਇੰਸਾਂ ਨੇ ਦੱਸਿਆ ਕਿ ਜਸਵੰਤ ਸਿੰਘ ਇੰਸਾਂ ਦੇ ਪਰਿਵਾਰਕ ਮੈਂਬਰਾਂ ਚਰਨਪ੍ਰੀਤ ਸਿੰਘ ਇੰਸਾਂ, ਜਸਪ੍ਰੀਤ ਕੌਰ ਇੰਸਾਂ, ਚਰਨਜੀਤ ਕੌਰ ਇੰਸਾਂ, ਅਮਰਜੀਤ ਕੌਰ ਇੰਸਾਂ ਤੇ ਅਰਸ਼ਦੀਪ ਸਿੰਘ ਇੰਸਾਂ ਨੇ ਡੇਰਾ ਸੱਚਾ ਸੌਦਾ ਦੀ ਪਾਵਨ ਸਿੱਖਿਆ 'ਤੇ ਚਲਦਿਆਂ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦਿੱਤਾ। ਰਾਸ਼ਨ ਲੈਣ ਵਾਲੇ ਪਰਿਵਾਰਾਂ ਨੇ ਪ੍ਰੇਮੀ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ 85 ਮੈਂਬਰ ਸ਼ਮਸ਼ਾਦ ਰਾਏ ਇੰਸਾਂ, ਮਲਕੀਤ ਸਿੰਘ ਇੰਸਾਂ, ਰਵੀ ਕੁਮਾਰ ਇੰਸਾਂ, ਮਹੀਪਾਲ ਇੰਸਾਂ ਤੇ ਨਛੱਤਰ ਸਿੰਘ ਇੰਸਾਂ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਹਾਜ਼ਰ ਸਨ।

## ਹਲਕਾ ਸਮਾਣਾ ਦੀਆਂ ਪੰਚਾਇਤਾਂ ਵੱਲੋਂ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਉਣ 'ਤੇ ਹਰਚੰਦ ਸਿੰਘ ਬਰਸਟ ਦਾ ਧੰਨਵਾਦ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਈ ਗਈ ਹੈ, ਜਿਸ ਨਾਲ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਇਲਾਕਾ ਨਿਵਾਸੀਆਂ ਨੇ ਸਰਕਾਰੀ ਬਸ ਸ਼ੁਰੂ ਕਰਵਾਉਣ ਲਈ ਸ੍ਰ. ਬਰਸਟ ਦਾ ਧੰਨਵਾਦ ਕੀਤਾ ਹੈ। ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਟਿਆਲਾ ਦਫ਼ਤਰ ਵਿਖੇ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ ਤੇ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਉਣ ਲਈ ਧੰਨਵਾਦ ਕੀਤਾ ਗਿਆ।ਇਸ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੀ ਸਾਡੀ ਤਰਜੀਹ ਹੈ।ਇਲਾਕਾ ਨਿਵਾਸੀਆਂ ਵੱਲੋਂ ਕੁੱਝ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਜਾਣ ਲਈ ਸਰਕਾਰੀ ਬੱਸ ਰੂਟ ਬਹਾਲ ਕਰਵਾਇਆ ਜਾਵੇ, ਤਾਂ ਜੋ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਦੌਰਾਨ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦਾ ਨਿਪਟਾਰਾ ਹੋ ਸਕੇ ਅਤੇ ਸਿਹਤ, ਸਿੱਖਿਆ ਤੇ ਹੋਰ ਜ਼ਰੂਰੀ ਕਾਰਜਾਂ ਲਈ ਪਟਿਆਲਾ ਜਾਂ ਸਮਾਣਾ ਜਾਣਾ ਆਸਾਨ ਹੋ ਸਕੇ।ਇਲਾਕਾ ਨਿਵਾਸੀਆਂ ਦੀ ਮੰਗ ਨੂੰ ਪੂਰਾ ਕਰਦਿਆਂ ਹੋਇਆ ਇਸ ਰੂਟ 'ਤੇ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਉਹ ਹਰ ਸਮੇਂ ਹਲਕਾ ਸਮਾਣਾ ਵਾਸੀਆਂ ਦੇ ਨਾਲ ਖੜੇ ਹਨ।ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੌੜ, ਬਲਕਾਰ ਸਿੰਘ ਡਕਾਲਾ, ਜਸਬੀਰ ਸਿੰਘ ਸਰਪੰਚ ਤਰੈਂ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾ, ਅਵਤਾਰ ਸਿੰਘ ਸਰਪੰਚ ਮੰਦੋ-ਮਾਜਰਾ, ਜਗਦੀਪ ਸਿੰਘ ਸਰਪੰਚ ਬਿਸ਼ਨਪੁਰ ਛੰਨਾ ਸਮੇਤ ਹੋਰ ਲੋਕ ਮੌਜੂਦ ਰਹੇ।

## ਬਾਇਓ ਗੈਸ ਫੈਕਟਰੀਆਂ ਅਸਲ 'ਚ ਕੈਂਸਰ ਗੈਸ ਫੈਕਟਰੀਆਂ : ਡਾ. ਔਲਖ/ਡਾ. ਸੈਣੀ



**ਜਗਰਾਉਂ (ਨਛੱਤਰ ਸੰਧੂ)**-ਲੁਧਿਆਣਾ ਜ਼ਿਲ੍ਹੇ 'ਚ ਲੱਗਣ ਜਾ ਰਹੇ ਬਾਇਓ ਗੈਸ ਪਲਾਂਟਾਂ ਖਿਲਾਫ ਬੀਤੇ ਸਵਾ 16 ਮਹੀਨਿਆਂ ਤੋਂ ਸੰਘਰਸ਼ ਕਰ ਰਹੀ ਬਾਇਓ ਗੈਸ ਪਲਾਂਟਾਂ ਵਿਰੋਧੀ ਸੰਘਰਸ਼ ਤਾਲਮੇਲ ਕਮੇਟੀ ਦੀ ਮੀਟਿੰਗ ਬੀਬੀ ਅਮਰ ਕੌਰ ਯਾਦਗਾਰ ਲਾਇਬਰੇਰੀ ਵਿਖੇ ਕੋਆਰਡੀਨੇਟਰ ਸੁਖਦੇਵ ਸਿੰਘ ਭੂੰਦੜੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਕਮੇਟੀ ਮੈਂਬਰ ਕੰਵਲਜੀਤ ਖੰਨਾ ਨੇ ਦੱਸਿਆ ਕਿ ਮੀਟੰਗ ਵਿੱਚ ਅਖਾੜਾ, ਭੂੰਦੜੀ, ਮੁਸ਼ਕਾਬਾਦ, ਬੱਗਾ ਕਲਾਂ/ਚਾਹੜ ਪਲਾਂਟਾਂ ਖਿਲਾਫ ਸੰਘਰਸ਼ਸ਼ੀਲ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ।ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਇੱਕਲੇ ਇੱਕਲੇ ਪਲਾਂਟ ਦੀ ਕਮੇਟੀ ਨੂੰ ਸੱਦ ਕੇ ਮੀਟਿੰਗਾਂ ਕਰਨ 'ਤੇ ਪ੍ਰਤੀਕਰਮ ਦਿੰਦਿਆਂ ਸਮੂਹ ਕਮੇਟੀ ਮੈਂਬਰਾਂ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ 5 ਜੁਲਾਈ ਨੂੰ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਇਨ੍ਹਾਂ ਪਲਾਂਟਾਂ ਦੀ ਵਿਗਿਆਨਕ ਤੇ ਤਕਨੀਕੀ ਖੋਜ ਪੜਤਾਲ ਲਈ ਸਾਂਝੀ ਕਮੇਟੀ ਬਣ ਚੁੱਕੀ ਹੈ ਤਾਂ ਉਨੀ ਦੇਰ ਤੱਕ ਇੱਕਲੇ ਇੱਕਲੇ ਨੂੰ ਸੱਦ ਕੇ ਮੀਟਿੰਗ ਕਰਨ ਦੀ ਕੋਈ ਤੁੱਕ ਨਹੀਂ ਬਣਦੀ ਹੈ।ਜਦੋਂ ਕਿ ਤਾਲਮੇਲ ਕਮੇਟੀ ਵੱਲੋਂ ਕਈ ਵੇਰ ਮੰਗ ਕੀਤੀ ਜਾ ਚੁੱਕੀ ਹੈ ਕਿ ਸਰਕਾਰ ਇਨ੍ਹਾਂ ਪਲਾਂਟਾਂ ਦੇ ਸਾਰੇ ਦਸਤਾਵੇਜ਼, ਸਰਕਾਰ ਨਾਲ ਹੁਣ ਤੱਕ ਹੋਈਆਂ ਸਾਰੀਆ ਮੀਟਿੰਗਾਂ ਦੇ ਮਿਨਟਸ, ਪਲਾਟਾਂ ਨੂੰ ਸਰਕਾਰ ਤੇ ਪ੍ਰਦੂਸ਼ਣ ਰੋਕਥਾਮ ਅਤੇ ਹੋਰਨਾਂ ਅਦਾਰਿਆਂ ਵੱਲੋਂ ਜਾਰੀ ਨਾ-ਇਤਰਾਜ਼ ਸਰਟੀਫਿਕੇਟਾਂ ਦੀਆਂ ਨਕਲਾਂ ਮੁੱਹਈਆ ਕਰਵਾਵੇ।ਮੀਟਿੰਗ 'ਚ ਸ਼ਾਮਲ ਨੁਮਾਇੰਦਿਆਂ ਨੇ ਕਿਹਾ ਕਿ ਤਾਲਮੇਲ ਕਮੇਟੀ ਵੱਲੋਂ ਪਹਿਲਾਂ ਸਰਕਾਰ ਨਾਲ ਹੋਈਆਂ ਚਾਰ ਮੀਟਿੰਗਾਂ 'ਚ ਸਾਬਿਤ ਹੋ ਚੁੱਕਾ ਹੈ ਕਿ ਇਹ ਬਾਇਓ ਗੈਸ ਪਲਾਂਟ ਅਸਲ 'ਚ ਕੈਂਸਰ ਪਲਾਂਟ ਹਨ, ਜੋ ਕਿ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦਿੱਤੇ ਜਾਣਗੇ।ਸਮੁੱਚੇ ਪਿੰਡ ਆਰ ਪਾਰ ਦੀ ਲੜਾਈ ਲਈ ਤਿਆਰ ਬਰ ਤਿਆਰ ਹਨ।ਮੀਟਿੰਗ ਵਿੱਚ ਮੁਸ਼ਕਾਬਾਦ ਪਲਾਂਟ ਦਾ ਖੋਜ ਰਿਪੋਰਟ ਆਉਣ ਤੱਕ ਉਸਾਰੀ ਕੰਮ ਬੰਦ ਕਰਨ ਦੀ ਮੰਗ ਕੀਤੀ।ਮੀਟਿੰਗ ਨੇ ਸਾਰੇ ਮੋਰਚਿਆਂ 'ਤੇ ਲੋਕ ਸੰਘਰਸ਼ ਮਘਦਾ ਰੱਖਣ ਦਾ ਭਰੋਸਾ ਦਿਵਾਇਆ।ਇਸ ਸਮੇਂ ਲਛਮਣ ਸਿੰਘ ਕੂੰਮ ਕਲਾਂ, ਗੁਰਤੇਜ ਸਿੰਘ ਅਖਾੜਾ, ਡਾ. ਬਲਵਿੰਦਰ ਔਲਖ, ਡਾ. ਵੀ ਕੇ ਸੈਣੀ, ਸੁਰਜੀਤ ਸਿੰਘ ਭੂੰਦੜੀ, ਅਮਰੀਕ ਸਿੰਘ ਭੂੰਦੜੀ, ਹਰਮੇਲ ਸਿੰਘ, ਰੂਪ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਸਿੰਘ ਚਾਹੜ, ਹਰਪਾਲ ਸਿੰਘ, ਸਤਨਾਮ ਸਿੰਘ ਸਰਪੰਚ, ਸਤਨਾਮ ਸਿੰਘ ਆਦਿ ਹਾਜ਼ਰ ਸਨ।

## ਧੋਖਾਧੜੀ ਦੇ ਮਾਮਲੇ 'ਚ ਦੋ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੋੜਾਂ ਰੁਪਏ ਦੇ ਲੈਣ-ਦੇਣ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਅਮਲੋਹ ਦੀ ਪੁਲਸ ਵੱਲੋਂ ਪਿਓ-ਪੁੱਤਰ ਵਿਰੁੱਧ ਧੋਖਾਧੜੀ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਖੁਸ਼ਵੀਰ ਕੌਰ ਭੁੱਲਰ ਵਾਸੀ ਚੰਡੀਗੜ੍ਹ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਾਏ ਸਨ ਕਿ ਇੱਕ ਕੰਪਨੀ ਚਲਾ ਰਹੇ ਵੀਰੇਨ ਚੰਦਨਾ ਤੇ ਧੰਨੇਦਰ ਚੰਦਨਾ ਨੇ ਉਨ੍ਹਾਂ ਤੋਂ ਵੱਖ-ਵੱਖ ਮਿਤੀਆਂ ਨੂੰ ਨਕਦ ਤੇ ਬੈਂਕ ਟਰਾਂਸਫਰ ਰਾਹੀਂ ਪੈਸੇ ਲਏ ਸਨ, ਜੋ ਵਿਆਜ ਸਮੇਤ 11,80,67,000/- ਰੁਪਏ ਬਣਦੇ ਹਨ, ਜਿਸ ਸਬੰਧੀ ਉਨ੍ਹਾਂ ਨਾਲ ਕੀਤੇ ਗਏ ਰਾਜ਼ੀਨਾਮੇ ਮੁਤਾਬਕ ਉਕਤ ਧਿਰ ਵੱਲੋਂ ਉਨ੍ਹਾਂ ਨੂੰ 6 ਕਰੋੜ 60 ਲੱਖ ਰੁਪਏ ਦਿੱਤੇ ਜਾਣੇ ਸਨ, ਜਿਸ ਦੀ ਸਕਿਊਰਟੀ ਵਜੋਂ ਚੈੱਕ ਵੀ ਦਿੱਤੇ ਗਏ।ਪਰ ਉਕਤ ਵਿਅਕਤੀਆਂ ਵੱਲੋਂ ਰਾਜ਼ੀਨਾਮੇ ਮੁਤਾਬਕ ਹੁਣ ਤੱਕ ਉਨ੍ਹਾਂ ਦੀ ਬਣਦੀ ਰਕਮ ਨਹੀਂ ਮੋੜੀ ਗਈ।ਅਜਿਹਾ ਕਰਕੇ ਉਕਤ ਵਿਅਕਤੀਆਂ ਵੱਲੋਂ ਉਨ੍ਹਾਂ ਨਾਲ ਧੋਖਾਧੜੀ ਕੀਤੀ ਗਈ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਰੇਨ ਚੰਦਨਾ ਅਤੇ ਧੰਨੇਦਰ ਚੰਦਨਾ ਵਾਸੀਆਨ ਅਬੋਹਰ ਵਿਰੁੱਧ ਅ/ਧ 420,120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਸਿੰਗਲ ਵਿੰਡੋ 'ਤੇ ਆਈਆਂ 98 ਪ੍ਰਤੀਸ਼ਤ ਸ਼ਿਕਾਇਤਾਂ ਦਾ ਕੀਤਾ ਨਿਪਟਾਰਾ : ਪ੍ਰਧਾਨ ਕੁੰਦਰਾ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਯੋਗ ਅਗਵਾਈ ਵਿੱਚ ਨਗਰ ਕੌਂਸਲ ਮਾਛੀਵਾੜਾ ਸਾਹਿਬ 'ਤੇ ਕਾਬਜ਼ ਪ੍ਰਧਾਨ ਮੋਹਿਤ ਕੁੰਦਰਾ ਦੀ ਟੀਮ ਨੂੰ 6 ਮਹੀਨੇ ਪੂਰੇ ਹੋ ਗਏ ਹਨ, ਜਿਸ ਤਹਿਤ ਸ਼ਹਿਰ 'ਚ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਖੋਲ੍ਹੀ ਗਈ ਸ੍ਰੀ ਗੁਰੂ ਰਵਿਦਾਸ ਸਿੰਗਲ ਵਿੰਡੋ 'ਤੇ ਆਈਆਂ 98 ਪ੍ਰਤੀਸ਼ਤ ਸ਼ਿਕਾਇਤਾਂ ਦਾ ਨਿਪਟਾਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਿੰਗਲ ਵਿੰਡੋ 'ਤੇ 5 ਮਹੀਨਿਆਂ ਅੰਦਰ 1000 ਦੇ ਕਰੀਬ ਸ਼ਿਕਾਇਤਾਂ ਆਈਆਂ, ਜਿਨ੍ਹਾਂ 'ਚੋਂ 5 ਤੋਂ 10 ਸ਼ਿਕਾਇਤਾਂ ਟੈਂਡਰ ਪ੍ਰਕਿਰਿਆ ਮੁਕੰਮਲ ਨਾ ਹੋਣ ਕਾਰਨ ਬਾਕੀ ਹਨ। ਉਨ੍ਹਾਂ ਕਿਹਾ ਕਿ ਸਿੰਗਲ ਵਿੰਡੋ ਖੁੱਲ੍ਹਣ ਨਾਲ ਜਿੱਥੇ ਲੋਕਾਂ ਨੂੰ ਭਾਰੀ ਨਿਜ਼ਾਤ ਮਿਲੀ ਹੈ, ਉੱਥੇ ਕੌਂਸਲਰਾਂ ਤੇ ਨਗਰ ਕੌਂਸਲ ਸਟਾਫ਼ ਦੇ ਸਿਰ ਤੋਂ ਵੀ ਭਾਰ ਘਟਿਆ ਹੈ, ਕਿਉਂਕਿ ਲੋਕਾਂ ਨੂੰ ਪਹਿਲਾਂ ਕੰਮ ਕਰਨ ਕਰਵਾਉਣ ਲਈ ਕੌਂਸਲਰਾਂ ਤੱਕ ਪਹੁੰਚ ਕਰਨੀ ਪੈਂਦੀ ਸੀ। ਪ੍ਰਧਾਨ ਕੁੰਦਰਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਮੇਂ ਸਮੇਂ ਸਿਰ ਜਾ ਕੇ ਸਿੰਗਲ ਵਿੰਡੋ 'ਤੇ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਕੋਈ ਸ਼ਿਕਾਇਤ ਪੈਂਡਿੰਗ ਨਾ ਰਹਿ ਸਕੇ। ਉਨ੍ਹਾਂ ਦੱਸਿਆ ਕਿ ਸਿੰਗਲ ਵਿੰਡੋ 'ਚ ਸਭ ਤੋਂ ਵੱਧ ਸ਼ਿਕਾਇਤਾਂ ਸਫ਼ਾਈ, ਸੀਵਰੇਜ, ਲਾਈਟਾਂ ਦੀਆਂ ਸਮੱਸਿਆਵਾਂ ਸਬੰਧੀ ਆਉਂਦੀਆਂ ਹਨ, ਜਿਨ੍ਹਾਂ ਨੂੰ ਤੁਰੰਤ ਨਿਪਟਾ ਦਿੱਤਾ ਜਾਂਦਾ ਹੈ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਅੱਜ ਖਾਲਸਾ ਚੌਕ ਦੇ ਨਵੀਨੀਕਰਨ ਦਾ ਟੈਂਡਰ ਖੁੱਲ੍ਹ ਗਿਆ ਹੈ, ਜਿਸ ਦੀ ਆਉਣ ਵਾਲੇ ਦਿਨਾਂ ਵਿੱਚ ਦਿੱਖ ਨੂੰ ਸੁੰਦਰ ਬਣਾਇਆ ਜਾਵੇਗਾ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਸਬੰਧੀ ਗੱਲ ਕਰਦਿਆਂ ਦੱਸਿਆ ਕਿ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਸਦਕਾ 3 ਕਰੋੜ ਦੀ ਲਾਗਤ ਨਾਲ ਫੁੱਟਬਾਲ, ਹਾਕੀ, ਬੈਡਮਿੰਟਨ, ਵਾਲੀਬਾਲ, ਬਾਸਕਟਬਾਲ, ਕ੍ਰਿਕਟ ਦੇ ਮੈਦਾਨ ਤਿਆਰ ਕੀਤੇ ਜਾਣਗੇ ਜਿੱਥੇ ਹਰੇਕ ਖਿਡਾਰੀ ਆ ਕੇ ਖੇਡ ਸਕਦਾ ਹੈ। ਇਸ ਤੋਂ ਇਲਾਵਾ ਸਬ ਤਹਿਸੀਲ ਨਾਲ ਖਾਲੀ ਪਈ ਜਗ੍ਹਾ 'ਤੇ ਔਰਤਾਂ ਲਈ ਇੱਕ ਵੱਖਰਾ ਜਿੰਮ ਤੇ ਬੱਚਿਆਂ ਲਈ ਬੈਡਮਿੰਟਨ ਗਰਾਊਂਡ ਬਣਾਇਆ ਜਾਵੇਗਾ, ਜਿਸ ਦਾ ਮਤਾ ਪਾਸ ਹੋ ਚੁੱਕਾ ਹੈ ਤੇ ਜਲਦ ਕੰਮ ਸ਼ੁਰੂ ਹੋ ਜਾਵੇਗਾ। ਪ੍ਰਧਾਨ ਕੁੰਦਰਾ ਨੇ ਦੱਸਿਆ ਕਿ ਇਤਿਹਾਸਕ ਸ਼ਹਿਰ ਦੀ ਪਵਿੱਤਰਤਾ ਦੇ ਮੱਦੇਨਜ਼ਰ ਵਿਕਾਸ ਕਾਰਜਾਂ ਵਿੱਚ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਨੀਰਜ ਕੁਮਾਰ ਤੇ ਕਿਸ਼ੋਰ ਕੁਮਾਰ ਮੌਜੂਦ ਸਨ।

## ਗੁੱਡ ਮੌਰਨਿੰਗ ਕਲੱਬ ਵੱਲੋਂ ਡਿਵਾਈਡਰ ਦੀ ਮੁਰੰਮਤ ਦਾ ਕੰਮ ਸ਼ੁਰੂ

### ਡਿਵਾਈਡਰ ਦੀ ਸਾਂਭ ਸੰਭਾਲ ਲਈ ਦੁਕਾਨਦਾਰ ਕਰਨ ਸਹਿਯੋਗ : ਪੱਪੂ ਲਹੌਰੀਆ



**ਕੋਟਕਪੂਰਾ (ਰਛਪਾਲ ਭੁੱਲਰ)**-ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਚੀਫ ਪੈਟਰਨ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀਆਂ ਹਦਾਇਤਾਂ 'ਤੇ ਕਲੱਬ ਵੱਲੋਂ ਸਥਾਨਕ ਫਰੀਦਕੋਟ ਸੜਕ 'ਤੇ ਸਥਿੱਤ ਡਿਵਾਈਡਰ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਜਨਰਲ ਸਕੱਤਰ ਪ੍ਰੋ. ਐੱਚ ਐੱਸ ਪਦਮ ਮੁਤਾਬਿਕ ਉਕਤ ਡਿਵਾਈਡਰ ਦੀ ਮੁਰੰਮਤ ਕਰਾਉਣ ਉਪਰੰਤ ਉਸ ਨੂੰ ਰੰਗ ਰੋਗਨ ਕਰਵਾ ਕੇ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਇਸ ਪ੍ਰੋਜੈਕਟ ਦੇ ਇੰਚਾਰਜ ਤੇ ਕਲੱਬ ਚੇਅਰਮੈਨ ਵਿਨੋਦ ਕੁਮਾਰ ਪੱਪੂ ਲਹੌਰੀਆ ਨੇ ਦੱਸਿਆ ਕਿ ਉਕਤ ਡਿਵਾਈਡਰ ਤੋਂ ਇਲਾਵਾ ਬੱਤੀਆਂ ਵਾਲਾ ਚੌਕ ਵਿੱਚ ਸਥਿੱਤ ਚਾਰ ਚੁਫੇਰੇ ਬਣੇ ਡਿਵਾਈਡਰਾਂ ਦੇ ਛੋਟੇ ਛੋਟੇ ਹਿੱਸਿਆਂ ਨੂੰ ਵੀ ਨਵਾਂ ਰੂਪ ਦਿੱਤਾ ਜਾਵੇਗਾ।ਮੁਰੰਮਤ ਦੇ ਕੰਮ ਬਾਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਮੀਤਾ ਤੇ ਸਹਾਇਕ ਪ੍ਰੈੱਸ ਸਕੱਤਰ ਸਰਨ ਕੁਮਾਰ ਨੇ ਦੱਸਿਆ ਕਿ ਪੱਪੂ ਲਹੌਰੀਆ ਦੀ ਨਿਗਰਾਨੀ ਹੇਠ ਕਰਵਾਏ ਜਾ ਰਹੇ ਉਕਤ ਕਾਰਜਾਂ ਉਪਰ ਕਲੱਬ ਦੇ ਹੋਰ ਮੈਂਬਰ ਵੀ ਨਜ਼ਰ ਰੱਖ ਰਹੇ ਹਨ।ਉਨ੍ਹਾ ਦੱਸਿਆ ਕਿ ਫਰੀਦਕੋਟ ਤੋਂ ਪੁਲ ਉੱਤਰ ਕੇ ਸ਼ਹਿਰ ਵਾਲੇ ਪਾਸੇ ਆਉਣ ਵਾਲੇ ਤੇਜ਼ ਰਫਤਾਰ ਵਾਹਨਾਂ ਦੀ ਸਹੂਲਤ ਲਈ ਰਿਫਲੈਕਟਰ ਵਾਲੇ ਬੋਰਡ ਵੀ ਲਾਏ ਜਾਣਗੇ ਤਾਂ ਜੋ ਕੋਈ ਤੇਜ਼ ਰਫਤਾਰ ਵਾਹਨ ਡਿਵਾਈਡਰ ਵਿੱਚ ਵੱਜ ਕੇ ਹਾਦਸਾਗ੍ਰਸਤ ਨਾ ਹੋਵੇ।ਡਿਵਾਈਡਰਾਂ ਦੀ ਸੁੰਦਰਤਾ ਤੇ ਸਾਂਭ ਸੰਭਾਲ ਲਈ ਆਸ-ਪਾਸ ਦੇ ਦੁਕਾਨਦਾਰਾਂ, ਵਾਹਨ ਚਾਲਕਾਂ, ਰਾਹਗੀਰਾਂ ਤੇ ਆਮ ਲੋਕਾਂ ਨੂੰ ਵੀ ਗੁੱਡ ਮੌਰਨਿੰਗ ਕਲੱਬ ਦੇ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਸੁਨੀਲ ਕੁਮਾਰ ਬਿੱਟਾ ਗਰੋਵਰ, ਠੇਕੇਦਾਰ ਪ੍ਰੇਮ ਮੈਣੀ, ਜਸਕਰਨ ਸਿੰਘ ਭੱਟੀ, ਡਾ. ਦੇਵ ਰਾਜ, ਓਮ ਪ੍ਰਕਾਸ਼ ਗੁਪਤਾ, ਡਾ. ਰਵਿੰਦਰਪਾਲ ਕੋਛੜ, ਮਾ. ਮੁਖਤਿਆਰ ਸਿੰਘ ਮੱਤਾ ਆਦਿ ਨੇ ਅਪੀਲ ਕੀਤੀ ਹੈ।

## ਕੌਰ ਸਿੰਘ ਥਾਣਾ ਸਦਰ ਦਾ ਐੱਸ ਐੱਚ ਓ ਨਿਯੁਕਤ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਨਸਾ ਜ਼ਿਲ੍ਹੇ ਦੇ ਐੱਸ ਐੱਸ ਪੀ ਭਗੀਰਥ ਸਿੰਘ ਮੀਨਾ ਨੇ ਕੌਰ ਸਿੰਘ ਨੂੰ ਥਾਣਾ ਸਦਰ ਦਾ ਐੱਸ ਐੱਚ ਓ ਨਿਯੁਕਤ ਕੀਤਾ ਹੈ।ਇਸ ਮੌਕੇ ਥਾਣਾ ਸਦਰ ਦੇ ਨਵ-ਨਿਯੁਕਤ ਐੱਸ ਐੱਚ ਓ ਕੌਰ ਸਿੰਘ ਨੇ ਅਹੁਦਾ ਸੰਭਾਲਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨਯੋਗ ਐੱਸ ਐੱਸ ਪੀ ਭਗੀਰਥ ਸਿੰਘ ਮੀਨਾ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੀ ਜ਼ਜੰਮੇਵਾਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਤਿਆਗ ਕਰਕੇ ਇੱਕ ਚੰਗਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਤੇ ਬੇਝਿਜਕ ਹੋ ਕੇ ਕੋਈ ਵੀ ਕੰਮ ਹੋਵੇ ਤਾਂ ਥਾਣੇ ਆ ਕੇ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇ।ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਿਆਂ ਤੋਂ ਦੂਰੀ ਬਣਾ ਕੇ ਰੱਖਣ ਦੀ ਅਪੀਲ ਕੀਤੀ ਤੇ ਨੌਜਵਾਨਾਂ ਨੂੰ ਨਸ਼ਾ ਮੁਕਤੀ ਲਈ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ, ਜੇਕਰ ਕੋਈ ਨਸ਼ਾ ਕਰਦਾ ਹੈ ਜਾਂ ਵੇਚਦਾ ਹੈ, ਉਸ ਦੀ ਇਤਲਾਹ ਥਾਣੇ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲਣ 'ਚ ਪੀ ਯੂ ਦੀ ਮਿਸਾਲੀ ਭੂਮਿਕਾ : ਪ੍ਰੋ. ਬਲਜਿੰਦਰ ਕੌਰ

### ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਇਆ 'ਤੀਆਂ ਦੀਆਂ ਰੌਣਕਾਂ' ਪ੍ਰੋਗਰਾਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿਖੇ ਇੰਪਲਾਈਜ਼ ਯੂਨਿਟੀ ਫਰੰਟ, ਮਹਿਲਾ ਵਿੰਗ ਵੱਲੋਂ ਕਲਾ ਭਵਨ ਵਿਖੇ 'ਤੀਆਂ ਦੀਆਂ ਰੌਣਕਾਂ' ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਦੌਰਾਨ ਲੋਕ ਨਾਚ ਗਿੱਧਾ, ਭੰਗੜਾ, ਮਲਵਈ ਗਿੱਧਾ, ਸੰਮੀ, ਝੂੰਮਰ, ਕਿੱਕਲੀ, ਲੋਕ ਗੀਤ, ਲੋਕ ਬੋਲੀਆਂ ਆਦਿ ਦੀ ਪੇਸ਼ਕਾਰੀ ਹੋਈ।ਪੰਜਾਬ ਸਰਕਾਰ ਤੋਂ ਕੈਬਨਿਟ ਮੰਤਰੀ ਚੀਫ਼ ਵ੍ਹਿਪ ਪ੍ਰੋ. ਬਲਜਿੰਦਰ ਕੌਰ, ਜਗਰਾਉਂ ਵਿਧਾਨ ਸਭਾ ਤੋਂ ਵਿਧਾਇਕ ਸਰਬਜੀਤ ਕੌਰ ਮਾਣੂਕੇ, ਨਾਭਾ ਤੋਂ ਵਿਧਾਇਕ ਗੁਰਦੇਵ ਦੇਵ ਮਾਨ, ਬਠਿੰਡਾ ਦਿਹਾਤੀ ਤੋਂ ਵਿਧਾਇਕ ਸ੍ਰੀ ਅਮਿਤ ਰਤਨ ਤੋਂ ਇਲਾਵਾ ਵਿਧਾਨ ਸਭਾ ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੇ ਧਰਮਪਤਨੀ ਸ੍ਰੀਮਤੀ ਸਿਮਰਨਜੀਤ ਕੌਰ ਪਠਾਨਮਾਜਰਾ ਤੇ ਘਨੌਰ ਤੋਂ ਵਿਧਾਇਕ ਗੁਰਲਾਲ ਸਿੰਘ ਦੇ ਧਰਮਪਤਨੀ ਸ੍ਰੀਮਤੀ ਸ਼ਮਿੰਦਰ ਕੌਰ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਕੈਬਨਿਟ ਮੰਤਰੀ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਆਪਣੇ ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲ਼ਣ ਵਿੱਚ ਪੰਜਾਬੀ ਯੂਨੀਵਰਸਿਟੀ ਇੱਕ ਮਿਸਾਲੀ ਭੂਮਿਕਾ ਨਿਭਾਅ ਰਹੀ ਹੈ।ਉਨ੍ਹਾਂ ਕਿਹਾ ਕਿ ਉਹ ਇਸ ਗੱਲ 'ਤੇ ਹਮੇਸ਼ਾ ਮਾਣ ਕਰਦੇ ਹਨ ਕਿ ਉਹ ਉਸ ਯੂਨੀਵਰਸਿਟੀ ਦੀ ਪੈਦਾਇਸ਼ ਹਨ, ਜੋ ਪੰਜਾਬ ਦੀ ਰੂਹ ਨਾਲ਼ ਜੁੜੀ ਹੋਈ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਸਾਡੇ ਵਿਰਸੇ ਦੀਆਂ ਗੀਤਾਂ ਰਵਾਇਤਾਂ ਨੂੰ ਜ਼ਿੰਦਾ ਰੱਖਣਾ ਸਾਡਾ ਸਭ ਦਾ ਫਰਜ਼ ਹੈ।ਸਾਨੂੰ ਵੱਖ-ਵੱਖ ਢੰਗਾਂ ਨਾਲ਼ ਇਹ ਫਰਜ਼ ਨਿਭਾਉਂਦੇ ਰਹਿਣਾ ਚਾਹੀਦਾ ਹੈ।ਵਿਧਾਇਕ ਸਰਬਜੀਤ ਕੌਰ ਮਾਣੂਕੇ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਉਣ ਦੇ ਮਹੀਨੇ ਦਾ ਕੁੜੀਆਂ ਦੀ ਜ਼ਿੰਦਗੀ ਵਿੱਚ ਵਿਸ਼ੇਸ਼ ਮਹੱਤਵ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਤੀਆਂ ਦਾ ਤਿਉਹਾਰ ਵੱਖ-ਵੱਖ ਥਾਵਾਂ ਉੱਤੇ ਸਹੁਰੇ ਜਾ ਵਸੀਆਂ ਕੁੜੀਆਂ ਦੇ ਆਪਸ ਵਿੱਚ ਮਿਲਣ ਦਾ ਸਬੱਬ ਸਿਰਜਦਾ ਹੈ।ਵਿਧਾਇਕ ਗੁਰਦੇਵ ਮਾਨ ਨੇ ਵੀ ਪੰਜਾਬੀ ਯੂਨੀਵਰਸਿਟੀ ਪ੍ਰਤੀ ਆਪਣਾ ਸਤਿਕਾਰ ਪ੍ਰਗਟਾਉਂਦਿਆਂ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ।ਉਨ੍ਹਾਂ ਇਸ ਮੌਕੇ ਕੁੱਝ ਸੱਭਿਆਚਾਰਕ ਗੀਤਾਂ ਦੀ ਪੇਸ਼ਕਾਰੀ ਵੀ ਦਿੱਤੀ।ਸਵਾਗਤੀ ਸ਼ਬਦਾਂ ਦੌਰਾਨ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਹਰ ਸਾਲ ਮਨਾਏ ਜਾਂਦੇ ਤੀਆਂ ਦੇ ਇਸ ਤਿਉਹਾਰ ਵਿੱਚ ਸ਼ਾਮਲ ਹੋਣ ਲਈ ਸਾਰੀਆਂ ਮਹਿਲਾ ਕਰਮਚਾਰੀਆਂ ਦੇ ਮਨ ਵਿੱਚ ਪੇਕੇ ਜਾਣ ਵਰਗਾ ਚਾਅ ਹੁੰਦਾ ਹੈ।ਪ੍ਰੋਗਰਾਮ ਦੌਰਾਨ ਪਟਿਆਲਾ ਦੇ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਆਈ. ਏ. ਐੱਸ. ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਰਜਿਸਟਰਾਰ ਡਾ. ਸੰਜੀਵ ਪੁਰੀ ਤੇ ਡੀਨ ਵਿਦਿਆਰਥੀ ਭਲਾਈ ਪ੍ਰੋ. ਮਮਤਾ ਸ਼ਰਮਾ ਵੀ ਸ਼ਾਮਲ ਹੋਏ।

## ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਵਿਗਿਆਨ ਪ੍ਰਦਰਸ਼ਨੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ 'ਸਾਇੰਸ ਪ੍ਰਦਰਸ਼ਨੀ' ਪ੍ਰੋਗਰਾਮ ਕੀਤਾ ਗਿਆ।ਇਸ ਕਾਰਜਕ੍ਰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਦਿਲਚਸਪੀ ਵਧਾਉਣ, ਨਵੀਨ ਆਵਿਸ਼ਕਾਰਾਂ ਬਾਰੇ ਜਾਣਕਾਰੀ ਦੇਣ ਤੇ ਵਿਗਿਆਨਕ ਸੋਚ ਨੂੰ ਉਤਸ਼ਾਹਤ ਕਰਨਾ ਸੀ।ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਵਿਗਿਆਨਕ ਮਾਡਲ, ਪ੍ਰਦਰਸ਼ਨ ਤੇ ਪ੍ਰਯੋਗ ਪੇਸ਼ ਕੀਤੇ।ਕਈ ਵਿਦਿਆਰਥੀਆਂ ਨੇ ਸਵੈ-ਨਿਰਮਿਤ ਪ੍ਰੋਜੈਕਟ ਵੀ ਦਿਖਾਏ ਜਿਵੇਂ ਕਿ ਹਾਈਡ੍ਰੋਲਿਕ ਜੈਕ, ਸੋਲਰ ਊਰਜਾ ਮਾਡਲ, ਵਰਤੋਂਯੋਗ ਰੀਸਾਈਕਲ ਮਾਡਲ ਆਦਿ।ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਸਕੂਲ ਪ੍ਰਿੰਸਿਪਲ ਮਿਸ ਮਿਲੀ ਬੋਸ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਗਿਆਨ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਬਲਕਿ ਇਸ ਨੂੰ ਜੀਵਨ ਵਿੱਚ ਵੀ ਅਮਲ 'ਚ ਲਿਆਉਣਾ ਜ਼ਰੂਰੀ ਹੈ।ਪ੍ਰੋਗਰਾਮ ਦੇ ਅੰਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਕਾਮਰੇਡ ਵਿੱਕੀ ਅਬਦਾਲ ਨੂੰ ਜਨਮ ਦਿਨ ਮੌਕੇ ਜਥੇਬੰਦੀਆਂ ਵੱਲੋਂ ਸ਼ੁੱਭਕਾਮਨਾਵਾਂ ਭੇਟ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਜ਼ੋਨ ਸਕੱਤਰ (ਸਟੇਟ ਬੈਂਕ ਆਫ ਇੰਡੀਆ ਸਟਾਫ ਐਸੋਸੀਏਸ਼ਨ, ਆਰਗੇਨਾਈਜ਼ਿੰਗ ਸਕੱਤਰ ਐਨਸੀਬੀਈ ਕਾਂਮਰੇਡ ਵਿੱਕੀ ਅਬਦਾਲ (ਕੰਬੋਜ) ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਵੱਖ ਵੱਖ ਜਥੇਬੰਦੀਆਂ ਵੱਲੋਂ ਜਨਮ ਦਿਨ ਦੀਆਂ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ ਗਈਆਂ।ਕਾਮਰੇਡ ਵਿੱਕੀ ਅਬਦਾਲ (ਕੰਬੋਜ) ਨੂੰ ਕਾਮਰੇਡ ਇਕਬਾਲ ਸਿੰਘ ਮੱਲ੍ਹੀ ਜਰਨਲ ਸਕੱਤਰ ਸਟੇਟ ਬੈਂਕ ਆਫ਼ ਇੰਡੀਆ ਸਟਾਫ ਐਸੋਸੀਏਸ਼ਨ ਚੰਡੀਗੜ੍ਹ ਸਰਕਲ ਵੱਲੋਂ ਆਪਣੀਆਂ ਸ਼ੁੱਭ-ਕਾਮਨਾਵਾਂ ਭੇਜੀਆਂ ਗਈਆਂ ਤੇ ਜਥੇਬੰਦੀ ਦੇ ਹਿੱਤ ਲਈ ਲਗਾਤਾਰ ਕਿੱਤੇ ਜਾ ਰਹੇ ਕਾਰਜਾਂ ਲਈ ਸਰਾਹਨਾ ਵੀ ਭੇਜੀ ਅਤੇ ਜ਼ਿਲ੍ਹਾ ਸੰਗਰੂਰ ਦੇ ਖੇਤਰੀ ਮੈਨੇਜਰ ਵਿਪਿਨ ਕੌਸ਼ਲ ਵੱਲੋਂ ਵੀ ਵਧਾਈਆ ਭੇਜੀਆਂ ਗਈਆਂ।ਇਸ ਮੌਕੇ ਸੰਗਰੂਰ ਜ਼ਿਲ੍ਹੇ ਦੀ ਸਾਰੀ ਲੀਡਰਸ਼ਿਪ ਤੇ ਸਾਥੀਆਂ ਵੱਲੋਂ ਵਿੱਕੀ ਅਬਦਾਲ (ਕੰਬੋਜ) ਦਾ ਜਨਮ ਦਿਨ ਮਨਾਇਆ ਗਿਆ।ਸਟੇਟ ਬੈਂਕ ਆਫ ਇੰਡੀਆ ਦੇ ਆਗੂ ਰਿਜਨ ਸਕੱਤਰ ਰਾਜੀਵ ਵਰਮਾ, ਸੀਸੀ ਮੈਂਬਰ ਹੇਮੰਤ ਸ਼ਰਮਾ, ਅਵਤਾਰ ਸਿੰਘ, ਹਰਜਿੰਦਰ ਸਿੰਘ, ਦੀਪ ਬਾਠ (ਓਬੀਸੀ ਦੇ ਰਿਜਨ ਸਕੱਤਰ), ਅਮਰਿੰਦਰ ਸਿੰਘ ਸੰਧੂ, ਰਵੀ ਘੱਗਾ, ਗਗਨਦੀਪ ਸਿੰਘ ਰਵਿੰਦਰ ਸਿੰਘ ਨੇ ਵਿੱਕੀ ਅਬਦਾਲ ਨੂੰ ਜਨਮ ਦਿਨ ਦੀ ਵਧਾਈ ਦਿੱਤੀ।ਇਸ ਮੌਕੇ ਵਿੱਕੀ ਅਬਦਾਲ ਨੇ ਵਧਾਈ ਦੇਣ ਵਾਲਿਆਂ ਦਾ ਧੰਨਵਾਦ ਕੀਤਾ।

## ਸੰਤ ਕਬੀਰ ਸਕੂਲ 'ਚ ਬੱਚਿਆਂ ਵੱਲੋਂ ਤਿਆਰ ਪ੍ਰੋਜੈਕਟਾਂ ਦੀ ਪ੍ਰਦਰਸ਼ਨੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਚਿਆਂ ਦੁਆਰਾ ਛੁੱਟੀਆ ਦੌਰਾਨ ਤਿਆਰ ਕੀਤੇ ਪ੍ਰੋਜੈਕਟਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਕਲਾ, ਸਾਇੰਸ ਦੇ ਰਿਡਿਊਸ, ਰੀਸਾਈਕਲ ਰੀਯੂਜ਼, ਪੰਜਾਬੀ ਵਿਰਸਾ ਤੇ ਖੇਡ-ਖੇਡ ਵਿੱਚ ਸਿੱਖੋ ਗਣਿਤ ਤੇ ਸਮਾਜਿਕ ਵਿਗਿਆਨ ਦੇ ਵਿਸ਼ੇ ਨਾਲ ਸਬੰਧਤ ਮਾਡਲ ਪੇਸ਼ ਕੀਤੇ ਗਏ। ਇਸ ਮੌਕੇ ਡਾਕਟਰ ਦੀਪਕ ਬਾਂਸਲ ਮੁੱਖ ਮਹਿਮਾਨ ਦੇ ਰੂਪ ਵਿੱਚ ਪਹੁੰਚੇ। ਮੁੱਖ ਮਹਿਮਾਨ ਤੇ ਮਾਪਿਆਂ ਨੇ ਪ੍ਰਦਰਸ਼ਨੀ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਦੀਪਕ ਬਾਂਸਲ ਨੇ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅੱਜ ਦਾ ਨੌਜਵਾਨ ਕੱਲ੍ਹ ਦੇ ਭਾਰਤ ਦਾ ਭਵਿੱਖ ਹੈ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ, ਡਾਇਰੈਕਟਰ ਨੰਦਿਤਾ ਗਰੋਵਰ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੀਆਂ ਵਿਗਿਆਨਕ ਗਤੀਵਿਧੀਆਂ ਬੱਚਿਆਂ ਨੂੰ ਸਰਵਪੱਖੀ ਵਿਕਾਸ ਵੱਲ ਲੈ ਜਾਂਦੀਆਂ ਹਨ ਤੇ ਉਨ੍ਹਾਂ ਦੀ ਕਾਬਲੀਅਤ ਨੂੰ ਵਧਾਉਂਦੀਆਂ ਹਨ। ਪ੍ਰੋਫੈਸਰ ਅਰੋੜਾ ਨੇ ਦੱਸਿਆ ਕਿ ਸਕੂਲ ਵਿੱਚ ਵਧੀਆ ਸਿੱਖਿਆ ਦੇ ਨਾਲ-ਨਾਲ ਕਿੱਤਾ ਮੁਖੀ ਸਿੱਖਿਆ ਵੱਲ ਵੀ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਕੁਲਵੰਤ ਕੌਰ, ਹੈੱਡ ਮਿਸਟ੍ਰੈੱਸ ਸੋਨੀਆ ਧਵਨ ਤੇ ਰਚਨਾ ਜਿੰਦਲ ਸਮੇਤ ਸਟਾਫ ਮੈਂਬਰਜ਼ ਮੌਜੂਦ ਸਨ।

## ਜੀ ਬੀ ਇੰਟਰਨੈਸ਼ਨਲ ਸਕੂਲ 'ਚ ਹਰਿਆਲੀ ਤੀਜ ਮਨਾਇਆ




**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਵਿੱਚ ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਦੀ ਅਗਵਾਈ ਹੇਠ ਹਰਿਆਲੀ ਤੀਜ ਮਹਾਉਤਸਵ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਉਤਸਵ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਤਾ-ਪਿਤਾ ਨੇ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ।ਵਿਦਿਆਰਥੀਆਂ ਨੇ ਰਵਾਇਤੀ ਪਹਿਰਾਵੇ ਪਾ ਕੇ ਨਾਚ-ਪ੍ਰਦਰਸ਼ਨ ਰਾਹੀਂ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ।ਤੀਜ ਸੰਬੰਧੀ ਸਮੂਹਕ ਗਾਇਨ ਵਿੱਚ ਵੀ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਸਤੁਤੀ ਨੇ ਦਰਸ਼ਕਾਂ ਦੀ ਖੂਬ ਵਾਹ-ਵਾਹ ਲੁੱਟੀ।ਇਸੇ ਦੌਰਾਨ ਮਾਤਾ-ਪਿਤਾ ਨੇ ਰੈਂਪ ਵਿੱਚ, ਭੰਗੜਾ ਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਮੁਕਾਬਲਿਆਂ ਵਿੱਚ ਭਾਗ ਲੈ ਕੇ ਸਮਾਰੋਹ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ।ਸਕੂਲ ਵਿੱਚ ਸਜਾਏ ਗਏ 'ਸੈਲਫੀ ਕੌਰਨਰ, ਝੂਲਾ ਕੌਰਨਰ, ਪੰਜਾਬੀ ਵਿਰਸਾ ਤੇ ਮਹਿੰਦੀ ਸਟੇਸ਼ਨ' ਵਰਗੇ ਥੀਮ ਕੋਨੇ ਭਾਰਤੀ ਸੱਭਿਆਚਾਰ ਨੂੰ ਉਤਸ਼ਾਹਤ ਕਰ ਰਹੇ ਸਨ।ਕਾਰਜਕ੍ਰਮ ਦੇ ਸਮਾਪਨ ਮੌਕੇ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਵਿਜੇਤਾ ਮਾਪਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਤੇ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਰੋਹਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਨਾ ਤੇ ਸਮੂਹਕਤਾ ਨੂੰ ਮਜ਼ਬੂਤ ਕਰਨਾ ਹੁੰਦਾ ਹੈ।ਸਕੂਲ ਦੀ ਉਪ ਪ੍ਰਿੰਸੀਪਲ ਸ੍ਰੀਮਤੀ ਦਿਵਿਆ ਸ਼ਰਮਾ ਨੇ ਤੀਜ ਦੀ ਸੱਭਿਆਚਾਰਕ ਮਹੱਤਤਾ ਉੱਤੇ ਚਾਨਣ ਪਾਇਆ ਅਤੇ ਵਿਦਿਆਰਥੀਆਂ ਤੇ ਮਾਪਿਆਂ ਦੇ ਸਾਂਝੇ ਯਤਨਾਂ ਦੀ ਖੂਬ ਪ੍ਰਸੰਸਾ ਕੀਤੀ।

## ਬਾਲਾਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ : ਡਾ. ਪ੍ਰੀਤੀ ਯਾਦਵ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ ਵਿੱਚ ਬਾਲ ਭਿੱਖਿਆ ਦੇ ਖਾਤਮੇ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅੱਜ ਖ਼ੁਦ ਸੜਕਾਂ 'ਤੇ ਉੱਤਰੇ ਤੇ ਵੱਖ-ਵੱਖ ਚੌਕਾਂ ਸਮੇਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਤੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਬਾਹਰ ਜਾਇਜ਼ਾ ਲਿਆ।ਇਸ ਮੌਕੇ 21 ਨੰਬਰ ਫਾਟਕ ਦੇ ਪੁਲ ਤੋਂ ਪਹਿਲਾਂ ਲਹਿਲ ਚੌਂਕ ਵਿੱਚ ਅਜਿਹੇ ਦੋ ਬੱਚੇ ਮਿਲੇ, ਜਿਨ੍ਹਾਂ ਦੇ ਨਾਲ ਦੇ ਦਿਵਿਆਂਗ ਵਿਅਕਤੀ ਨੇ ਦੱਸਿਆ ਕਿ ਉਸ ਦੇ ਤਿੰਨ ਬੱਚੇ ਹਨ ਤੇ ਇਨ੍ਹਾਂ ਦੀ ਮਾਤਾ ਦੀ ਮੌਤ ਹੋ ਚੁੱਕੀ ਹੈ, ਪ੍ਰੰਤੂ ਉਹ ਆਪਣੇ ਬੱਚਿਆਂ ਤੋਂ ਭੀਖ ਨਹੀਂ ਮੰਗਵਾਉਂਦਾ।ਇਸ 'ਤੇ ਡਿਪਟੀ ਕਮਿਸ਼ਨਰ ਨੇ ਇਸ ਵਿਅਕਤੀ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਤੇ ਇਸ ਦੇ ਮੁੜ ਵਸੇਬੇ ਲਈ ਸਬੰਧਤ ਵਿਭਾਗ ਨੂੰ ਤੁਰੰਤ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ, ਜਦੋਂਕਿ ਮੰਦਰ ਸ੍ਰੀ ਕਾਲੀ ਦੇਵੀ ਵਿਖੇ ਦੋ ਬੱਚੇ ਬੰਸਰੀਆਂ ਵੇਚਦੇ ਪਾਏ ਗਏ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਇਨ੍ਹਾਂ ਬੱਚਿਆਂ ਨਾਲ ਗੱਲ ਕਰਕੇ ਇਨ੍ਹਾਂ ਦੀ ਪੜ੍ਹਾਈ ਤੇ ਇਨ੍ਹਾਂ ਨੂੰ ਹੁਨਰਮੰਦ ਬਣਾਉਣ ਲਈ ਵੀ ਨਿਰਦੇਸ਼ ਦਿੱਤੇ।ਡਿਪਟੀ ਕਮਿਸ਼ਨਰ ਨੇ ਚੌਂਕਾਂ ਵਿਖੇ ਤਾਇਨਾਤ ਪੀ.ਸੀ.ਆਰ. ਤੇ ਟ੍ਰੈਫਿਕ ਪੁਲਸ ਟੀਮਾਂ ਨੂੰ ਵੀ ਹਦਾਇਤ ਕੀਤੀ ਕਿ ਜਦੋਂ ਵੀ ਕੋਈ ਬੱਚਾ ਖ਼ੁਦ ਭੀਖ ਮੰਗਦਾ ਨਜ਼ਰ ਆਉਂਦਾ ਹੈ ਜਾਂ ਕੋਈ ਸ਼ੱਕੀ ਵਿਅਕਤੀ ਉਸ ਤੋਂ ਭੀਖ ਮੰਗਵਾ ਰਿਹਾ, ਦਿਸੇ ਤਾਂ ਤੁਰੰਤ ਇਸ ਨੂੰ ਰੋਕਿਆ ਜਾਵੇ ਅਤੇ ਅਜਿਹੇ ਬੱਚਿਆਂ ਦੀ ਸੂਚਨਾ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ ਦੇ ਮੋਬਾਇਲ ਨੰਬਰ 9646006027, ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਦੇ ਫੋਨ ਨੰਬਰ 7087409494 ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਚਾਈਲਡ ਕੇਅਰ ਨੰਬਰ 1098 'ਤੇ ਕਾਲ ਕਰਕੇ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ ਤੇ ਅਜਿਹੇ ਅਨਸਰਾਂ ਵਿਰੁੱਧ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਲੋਕਾਂ ਦੇ ਸਾਥ ਨਾਲ ਹੋਵੇਗਾ ਨਸ਼ਿਆਂ ਦਾ ਖਾਤਮਾ : ਵਿਧਾਇਕ ਪੰਡੋਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ। ਪਿੰਡ ਕੈਰੇ, ਕਲਾਲਾ ਤੇ ਬਖਤਗੜ੍ਹ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਹੋਈ ਇਕੱਤਰਤਾ ਵਿੱਚ ਹਲਕਾ ਵਿਧਾਇਕ ਤੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਵਿਧਾਨ ਸਭਾ ਕੁਲਵੰਤ ਸਿੰਘ ਪੰਡੋਰੀ ਵੱਲੋਂ ਸ਼ਮੂਲੀਅਤ ਕੀਤੀ ਗਈ।ਪਿੰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁਟ ਹੋ ਕੇ ਲੜਨ ਦੀ ਸਹੁੰ ਵੀ ਚੁਕਾਈ ਗਈ।ਵਿਧਾਇਕ ਪੰਡੋਰੀ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਤੇ ਇਸ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡਾਂ ਜਾਂ ਆਲੇ-ਦੁਆਲੇ ਨਸ਼ੇ ਵੇਚਣ ਵਾਲਿਆਂ ਦੀ ਇਤਲਾਹ ਪੁਲਿਸ ਨੂੰ ਜਾਂ ਵਟਸਐਪ ਨੰਬਰ 97791-00200 ਉੱਪਰ ਦੇਣ।ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

28-Junly-PAGE-11-Majha-25.qxd 7/27/2025 11:04 PM Page 1



# ਮਜ਼ਦੂਰ ਮੁਕਤੀ ਮੋਰਚਾ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਫ਼ਤਰ ਅੱਗੇ ਧਰਨਾ ਭਲਕੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਮਜ਼ਦੂਰ ਮੁਕਤੀ ਮੋਰਚਾ ਨੇ ਆਪਣੀ ਜ਼ਿਲਾ ਪੱਧਰੀ ਮੀਟਿੰਗ ਕਰਕੇ ਬੀਤੇ ਮਹੀਨਿਆਂ ਵਿਚ ਮਨਰੇਗਾ ਸਕੀਮ ਵਿਚ ਕੀਤੇ ਕੰਮ ਦੀਆਂ ਅਦਾਇਗੀਆਂ ਲੈਣ ਲਈ 29 ਜੁਲਾਈ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫਤਰ ਮੂਹਰੇ ਧਰਨਾ ਦੇਣ ਦਾ ਫੈਸਲਾ ਲਿਆ ਹੈ। ਇਸ ਫੈਸਲੇ ਬਾਰੇ ਦਸਦਿਆ ਮੋਰਚੇ ਦੇ ਸੂਬਾ ਸਹਾਇਕ ਸਕੱਤਰ ਵਿਜੇ ਕੁਮਾਰ ਸੋਹਲ ਅਤੇ ਜ਼ਿਲ੍ਹਾ ਪ੍ਰਧਾਨ ਦਲਬੀਰ ਭੋਲਾ ਨੇ ਦੱਸਿਆ ਕਿ ਪਿੰਡਾਂ ਦੇ ਮਜ਼ਦੂਰਾਂ ਨੂੰ ਮਿਲਦੇ ਇੱਕੋ ਇਕ ਮਨਰੇਗਾ ਰੋਜ਼ਗਾਰ ਨੂੰ ਪੰਜਾਬ ਸਰਕਾਰ ਲਾਗੂ ਕਰਨ ਵਿੱਚ ਕੋਈ ਤਵੱਜੋ ਨਹੀਂ ਦੇ ਰਹੀ,ਜੇਕਰ ਪੰਜ, ਦਸ ਫੀਸਦੀ ਪਿੰਡਾਂ ਵਿਚ ਮਨਰੇਗਾ ਰੋਜ਼ਗਾਰ ਮਿਲਿਆ ਵੀ ਹੈ ਤਾਂ ਮਜ਼ਦੂਰੀ ਕਰਨ ਪਿਛੋਂ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਉਸ ਦੀ ਮਜ਼ਦੂਰੀ ਦਾ ਭੁਗਤਾਨ ਨਹੀਂ ਹੋ ਰਿਹਾ, ਜਿਸ ਕਾਰਨ ਮਨਰੇਗਾ ਸਕੀਮ ਵਿੱਚ ਕੰਮ ਕਰਨ ਵਾਲੇ ਪਰਿਵਾਰ ਬੇਹੱਦ ਪ੍ਰੇਸ਼ਾਨੀ ਵਾਲੀਆਂ ਹਾਲਤਾਂ ਵਿਚ ਦੀ ਗੁਜ਼ਰ ਰਹੇ ਹਨ, ਮਜ਼ਦੂਰੀ ਦੀ ਅਦਾਇਗੀ ਬਾਬਤ ਬੀਡੀਪੀਓ ਦਫਤਰਾਂ ਨੇ ਜਵਾਬ ਦੇਣਾ ਹੁੰਦਾ ਹੈ ਪਰ ਇਨ੍ਹਾਂ ਦਫਤਰਾਂ ਦਾ ਇੱਕੋ ਇੱਕ ਜਵਾਬ ਹੈ ਕਿ ਸਰਕਾਰ ਪੈਸੇ ਨਹੀਂ ਭੇਜ ਰਹੀ, ਜੇਕਰ ਇਹ ਸੱਚ ਮੰਨ ਲਿਆ ਜਾਵੇ ਤਾਂ ਕਹਿਣਾ ਪਵੇਗਾ ਕਿ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮਜ਼ਦੂਰਾਂ ਨੂੰ ਅਣਗੌਲਿਆਂ ਕਰਕੇ ਚੱਲ ਰਹੀ ਹੈ। ਇਸ ਆਧਾਰ ਉੱਪਰ ਹੀ ਪੰਜਾਬ ਦੀਆਂ ਮਜ਼ਦੂਰ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਨੇ ਮਨਰੇਗਾ ਦਾ ਰੁਜ਼ਗਾਰ ਅਤੇ ਕੀਤੇ ਕੰਮ ਦੀ ਮਜ਼ਦੂਰੀ ਲੈਣ ਸਮੇਤ ਹਰ ਮੰਗਾਂ ਨੂੰ ਲੈ ਕੇ ਚਾਰ ਅਗਸਤ ਨੂੰ ਪੰਜਾਬ ਦੇ ਮੰਤਰੀਆਂ ਦੇ ਘਰਾਂ ਮੂਹਰੇ ਧਰਨੇ ਦਿੱਤੇ ਜਾਣਗੇ। ਮੀਟਿੰਗ ਵਿਚ ਗੁਰਮੀਤ ਸਿੰਘ ਬੱਖਤਪੁਰਾ, ਪਰੇਮ ਮਸੀਹ ਸੋਨਾ, ਦਰਸ਼ਨ ਖਰੋਟਾ, ਗੁਲਜ਼ਾਰ ਸਿੰਘ ਭੁੰਬਲੀ, ਹਰਜਿੰਦਰ ਜਿੰਦਾ, ਸ਼ੋਭੀ, ਬੰਟੀ ਰੋੜਾ ਪਿੰਡੀ, ਬਾਲ ਕਿਸ਼ਨ ਪਾਲਾ ਅਤੇ ਰਮਨਪਰੀਤ ਪਿੰਡੀ ਸ਼ਾਮਲ ਸਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਲੈਂਡ ਪੂਲਿੰਗ ਪਾਲਿਸੀ ਰੱਦ ਕਰਨ ਨੂੰ ਲੈ ਕੇ ਵਿਸ਼ਾਲ ਟਰੈਕਟਰ ਮਾਰਚ 30 ਨੂੰ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ 30 ਜੁਲਾਈ ਨੂੰ ਕੀਤੇ ਜਾਣ ਵਾਲੇ ਟਰੈਕਟਰ ਮਾਰਚ ਸਬੰਧੀ ਮੀਟਿੰਗ ਕੀਤੀਆਂ ਗਈਆਂ। ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਜਥੇਬੰਦੀਆਂ ਵੱਲੋਂ ਇਹਨਾਂ ਮੀਟਿੰਗਾਂ ਸਮੇਂ ਪੰਜਾਬ ਚੈਪਟਰ ਵੱਲੋਂ 30 ਜੁਲਾਈ ਨੂੰ ਪੰਜਾਬ ਭਰ ਵਿੱਚ ਲੈਂਡ ਪੂਲ ਪਾਲਿਸੀ ਨੂੰ ਰੱਦ ਕਰਵਾਉਣ ਲਈ ਟਰੈਕਟਰ ਮਾਰਚ ਕਰਨ ਦੇ ਦਿੱਤੇ ਸੱਦੇ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਾਮਯਾਬ ਕਰਨ ਦੀ ਵਿਉਂਤਬੰਦੀ ਕੀਤੀ ਗਈ।ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਡਾ: ਸਤਨਾਮ ਸਿੰਘ ਅਜਨਾਲਾ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੀਨੀਅਰ ਮੀਤ ਪ੍ਰਧਾਨ ਸੁਖਰਾਮ ਬੀਰ ਸਿੰਘ ਲੁਹਾਰਕਾ, ਜਤਿੰਦਰ ਸਿੰਘ ਛੀਨਾ, ਲਖਬੀਰ ਸਿੰਘ ਨਿਜ਼ਾਮਪੁਰਾ, ਧਨਵੰਤ ਸਿੰਘ ਖਤਰਾਏ ਕਲਾਂ ਅਤੇ ਸਵਿੰਦਰ ਸਿੰਘ ਮੀਰਾਂਕੋਟ ਨੇ ਸੰਯੁਕਤ ਰੂਪ ਵਿਚ ਦੱਸਿਆ ਕਿ ਕੀਤੇ ਜਾਣ ਵਾਲੇ ਇਸ ਟਰੈਕਟਰ ਮਾਰਚ ਨੂੰ ਕਾਮਯਾਬ ਕਰਨ ਤੇ ਪ੍ਰਭਾਵਿਤ ਕਿਸਾਨਾਂ ਨੂੰ ਇਸ ਮਾਰਚ ਵਿੱਚ ਸ਼ਾਮਲ ਕਰਨ ਲਈ ਗੁਰਦੁਆਰਾ ਮੋਰਚਾ ਸਾਹਿਬ ਅਜਨਾਲਾ ਰੋਡ ਹਰਸ਼ਾ ਛੀਨਾ ਵਿਖੇ 27 ਜੁਲਾਈ ਨੂੰ ਅਤੇ ਗੁਰਦੁਆਰਾ ਬਾਬਾ ਬੁੱਢਾ ਵਾਲਾ ਝੀਤੇ ਕਲਾਂ ਵਿਖੇ 26 ਜੁਲਾਈ ਨੂੰ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ, ਜਿਸ ਸਮੇਂ ਲੈਂਡ ਪੂਲ ਪਾਲਿਸੀ ਤੋਂ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨੂੰ ਵੱਡੀ ਪੱਧਰ ਤੇ ਟਰੈਕਟਰ ਮਾਰਚ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਸਕੀਮ ਨੂੰ ਸਰਕਾਰ ਵੱਲੋਂ ਧੱਕੇ ਧੋਖੇ ਨਾਲ ਲਾਗੂ ਕਰਨ ਦੇ ਤਰੀਕੇ ਨੂੰ ਕਿਸਾਨਾਂ ਸਾਹਮਣੇ ਨੰਗਿਆਂ ਕੀਤਾ ਜਾਵੇਗਾ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਤੇ ਧੱਕੇ ਨਾਲ ਕੀਤੇ ਜਾ ਰਹੇ ਕਬਜ਼ੇ ਦਾ ਸੰਯੁਕਤ ਕਿਸਾਨ ਮੋਰਚਾ ਡਟ ਕੇ ਵਿਰੋਧ ਕਰੇਗਾ।

ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਿਸੇ ਵੀ ਹਾਲਤ ਵਿੱਚ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਟਰੈਕਟਰ ਮਾਰਚ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਸਮੇਂ ਕਿਸਾਨ ਆਗੂ ਨਿਰਵੈਲ ਸਿੰਘ, ਜੋਗਿੰਦਰ ਸਿੰਘ ਗੋਪਾਲਪੁਰਾ, ਬਲਦੇਵ ਸਿੰਘ ਵੇਰਕਾ, ਕਰਨੈਲ ਸਿੰਘ ਨਵਾਂ ਪਿੰਡ, ਗੁਰਮੇਜ ਸਿੰਘ ਤਿੰਮੋਵਾਲ, ਹਰਪ੍ਰੀਤ ਸਿੰਘ ਬੁਟਾਰੀ, ਹਰਜੀਤ ਸਿੰਘ ਝੀਤੇ, ਗੁਰਦੇਵ ਸਿਘ ਵਰਪਾਲ, ਸ਼ਮਸ਼ੇਰ ਸਿੰਘ ਹੇਰ, ਵਿਜੇ ਸ਼ਾਹ ਧਾਰੀਵਾਲ, ਕੁਲਵਿੰਦਰ ਸਿੰਘ ਮਾਨ, ਲਖਬੀਰ ਸਿੰਘ ਮੂਧਲ ਆਦਿ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਨੇ ਯੂਥ ਵਲੰਟੀਅਰਾਂ ਨੂੰ ਜ਼ਮੀਨੀ ਪੱਧਰ 'ਤੇ ਵਿਚਰਨ ਲਈ ਪ੍ਰੇਰਿਆ



**ਬਟਾਲਾ, (ਤਰਲੋਕ ਭੰਗਾ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਯੂਥ ਵਲੰਟੀਅਰਾਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਗਰਾਊਂਡ ਵਿੱਚ ਜਾ ਕੇ ਵੱਧ ਤੋਂ ਵੱਧ ਵਿਚਰਨ ਲਈ ਕਿਹਾ ਤਾਂ ਜੋ ਲੋਕਹਿੱਤ ਵਿੱਚ ਲਾਗੂ ਨੀਤੀਆਂ ਬਾਰੇ ਲੋਕਾਂ ਨੂੰ ਹੋਰ ਜਾਗਰੂਕ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਦੇ ਲੋਕਾਂ ਦੇ ਹਿੱਤਾਂ ਵਿੱਚ ਵੱਡੇ ਇਤਿਹਾਸਿਕ ਫੈਸਲੇ ਲਏ ਹਨ।ਲੋਕਾਂ ਨੂੰ 600 ਯੂਨਿਟ ਬਿਜਲੀ ਮਾਫ ਕੀਤੀ ਗਈ ਹੈ।ਸਿਹਤ ਸਹੂਲਤਾਂ ਦੇਣ ਲਈ ਕਰੀਬ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਹਰ ਇੱਕ ਪਰਿਵਾਰ ਲਈ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਗਈ ਹੈ।ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ।ਬੇਰੁਜ਼ਗਾਰ ਨੌਜਵਾਨਾਂ ਨੂੰ ਕਰੀਬ 52000 ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਔਰਤਾਂ ਨੂੰ ਮੁਫਤ ਬੱਸ ਸਹੂਲਤ ਮੁਹੱਈਆ ਕਰਵਾਈਆਂ ਗਈ ਹੈ।ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਹੈ। ਕਰੀਬ 17 ਟੋਲ ਪਲਾਜ਼ਾ ਬੰਦ ਕੀਤੇ ਗਏ ਹਨ।ਮਜ਼ਦੂਰਾਂ ਅਤੇ ਸਨਅਤਕਾਰਾਂ ਦੇ ਹਿੱਤ ਵਿੱਚ ਕਦਮ ਚੁੱਕੇ ਗਏ ਹਨ।ਇਸ ਮੌਕੇ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਯੂਥ ਪ੍ਰਧਾਨ ਗੁਰਦਾਸਪੁਰ, ਅੰਮ੍ਰਿਤ ਕਲਸੀ, ਜ਼ੋਨ ਪ੍ਰਧਾਨ ਅਸ਼ੀ ਸ਼ਰਮਾ, ਹਲਕਾ ਪ੍ਰਧਾਨ ਵੀਨੂੰ ਕਾਹਲੋਂ, ਨਿੱਕੂ ਹੰਸਪਾਲ, ਦਵਿੰਦਰ ਸਿੰਘ, ਕੁਲਦੀਪ ਸਿੰਘ, ਅਮਿਤ ਸੋਢੀ, ਕੁਨਾਲ ਸ਼ਰਮਾ, ਮਾਸਟਰ ਸੁਖਦੇਵ ਸਿੰਘ, ਤੇਜਿੰਦਰ ਸਿੰਘ ਸ਼ੈਰੀ, ਰਣਬੀਰ ਸਿੰਘ, ਮਲਕੀਤ ਸਿੰਘ, ਅੰਕੁਸ਼ ਮਹਿਤਾ, ਸੋਨੂੰ ਕੁਮਾਰ, ਸੰਨੀ, ਲਾਡੀ, ਰਕੇਸ਼, ਰਾਜਬੀਰ ਸਿੰਘ, ਰਣਬੀਰ ਸਿੰਘ ਰਾਣਾ, ਅਮਰਬੀਰ ਸਿੰਘ, ਕੇਵਲ ਸਿੰਘ, ਪਰਦੀਪ, ਪਰਮਿੰਦਰ ਸਿੰਘ, ਵਿਜੇ ਕੁਮਾਰ, ਰੋਬਿਨ ਵਿੱਕੀ, ਸੰਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਯੂਥ ਵਲੰਟੀਅਰ ਮੌਜੂਦ ਸਨ।

# ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਜੁਗਾੜੂ ਵਾਹਨਾਂ ਖਿਲਾਫ ਬਣਦੀ ਕਾਰਵਾਈ ਦੀ ਮੰਗ



**ਗੁਰਦਾਸਪੁਰ (ਜਲਕ ਅਜਨਾਲਾ)**- ਗੁਰਦਾਸਪੁਰ ਸ਼ਹਿਰ ਅੰਦਰ ਜੁਗਾੜੂ ਵਾਹਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਦੇਖੇ ਜਾ ਰਹੇ ਹਨ।ਜਾਣਕਾਰੀ ਅਨੁਸਾਰ ਕੁਝ ਲੋਕਾਂ ਦੁਆਰਾ ਆਪਣੇ ਪੱਧਰ 'ਤੇ ਤਿਆਰ ਕਰਵਾਏ ਗਏ ਜੁਗਾੜੂ ਵਾਹਨਾਂ ਦੀ ਕੋਈ ਵੀ ਰਜਿਸਟਰੇਸ਼ਨ ਅਤੇ ਨਾ ਹੀ ਕੋਈ ਰੂਲ ਮੁਤਾਬਿਕ ਢਾਂਚਾ ਤਿਆਰ ਕੀਤਾ ਜਾਂਦਾ ਹੈ।ਇਹ ਜੁਗਾੜੂ ਵਾਹਨ ਸੜਕਾਂ 'ਤੇ ਚਲਦੇ ਸਮੇਂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਆ ਰਹੇ ਹਨ।ਇਨ੍ਹਾਂ ਜੁਗਾੜੂ ਵਾਹਨਾਂ 'ਤੇ ਸਰੀਆ, ਸੀਮੈਂਟ, ਰੇਤਾ ਤੋਂ ਇਲਾਵਾ ਹੋਰ ਵੀ ਭਾਰੀ ਸਾਰੇ ਸਮਾਨ ਦੀ ਢੋਆ ਢੁਆਈ ਕੀਤੀ ਹੁੰਦੀ ਹੈ ਉਥੇ ਹੀ ਇਨ੍ਹਾਂ ਜੁਗਾੜੂ ਵਾਹਨਾਂ 'ਤੇ ਬੈਠੀਆਂ ਸਵਾਰੀਆਂ-ਜਾਨਵਰ ਦਿਖਾਈ ਦਿੰਦੀਆਂ ਹਨ।ਕਈ ਵਾਰ ਇਨ੍ਹਾਂ ਜੁਗਾੜੂ ਵਾਹਨਾਂ 'ਤੇ ਟੀਨਾਂ, ਲੋਹੇ-ਲੰਬੇ ਤਿੱਖੇ ਸਰੀਏ ਦੇ ਪੀਸ ਲੱਦ ਕੇ ਸ਼ਹਿਰ ਦੇ ਅੰਦਰ ਵੱਖ-ਵੱਖ ਥਾਵਾਂ 'ਤੇ ਲਿਜਾਏ ਜਾਂਦੇ ਹਨ। ਇਹ ਜੁਗਾੜੂ ਵਾਹਨ ਸਾਮਾਨ ਦੀ ਢੋਆ ਢੁਆਈ ਤੋਂ ਇਲਾਵਾ ਹੋਰ ਵੀ ਕਈ ਕਾਰੋਬਾਰਾਂ ਲਈ ਵਰਤੇ ਜਾਂਦੇ ਹਨ।ਸ਼ਹਿਰ ਵਾਸੀਆਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸੁਰੱਖਿਆ ਦੇ ਮੱਦੇਨਜ਼ਰ ਇਨ੍ਹਾਂ ਜੁਗਾੜੂ ਵਾਹਨ ਚਾਲਕਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਸੜਕੀ ਦੁਰਘਟਨਾ ਕਾਰਨ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਦਸਮੇਸ਼ ਪਬਲਿਕ ਸਕੂਲ ਮਹਿਤਾ ਵਿਖੇ ਮਨਾਇਆ ਤੀਆਂ ਦਾ ਤਿਉਹਾਰ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਦਸਮੇਸ਼ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਅਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸੱਭਿਆਚਾਰ ਵੰਨਗੀਆਂ ਨਾਲ ਜੋੜਨ ਦੇ ਉਪਰਾਲੇ ਵਜੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ।ਸੰਸਥਾ ਦੇ ਚੈਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਤੀਆਂ ਸਾਡੇ ਸੱਭਿਆਚਾਰ ਦਾ ਜ਼ਰੂਰੀ ਅੰਗ ਹਨ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਵਿਦਿਆਰਥਣਾਂ ਵੱਲੋਂ ਗਿੱਧੇ, ਭੰਗੜੇ ਦੀ ਪੇਸ਼ਕਾਰੀ ਕੀਤੀ ਗਈ।ਵਿਦਿਆਰਥਣਾਂ ਦੁਆਰਾ ਇਸ ਦਿਨ ਨੂੰ ਪੂਰੀ ਖੁਸ਼ੀ ਨਾਲ ਮਾਣਿਆ ਗਿਆ ਅਤੇ ਇੱਕ ਦੂਜੇ ਨਾਲ ਰਲ-ਮਿਲ ਕੇ ਪੂਰੇ ਸਹਿਯੋਗ ਨਾਲ ਇਸ ਦਿਨ ਨੂੰ ਚਾਰ-ਚੰਨ ਲਾਏ ਗਏ।ਇਸ ਮੌਕੇ ਸਕੂਲ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਟੱਕਰ, ਗੁਰਬੀਰ ਕੌਰ, ਰਵਿੰਦਰ ਕੌਰ, ਸੁਧਾ, ਸਰ ਅੰਮ੍ਰਿਤਪਾਲ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ 'ਚ ਤੀਆਂ ਦਾ ਤਿਓਹਾਰ ਮਨਾਇਆ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ ਵਿਚ ਤੀਆਂ ਦਾ ਤਿਓਹਾਰ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਅਨੀਤਾ ਚਤਰਥ ਨੇ ਤੀਆਂ ਦੇ ਤਿਓਹਾਰ ਦੀ ਮਹੱਤਤਾ ਬਾਰੇ ਵਿਦਿਆਰਥੀਆ ਨੂੰ ਦੱਸਿਆ।ਇਸ ਮੌਕੇ ਨਰਸਰੀ ਅਤੇ ਸੀਨੀਅਰ ਕੇ. ਜੀ. ਜਮਾਤ ਦੇ ਵਿਦਿਆਰਥੀਆਂ ਨੇ ਬੋਲੀਆਂ ਉਪਰ ਗਿੱਧਾ ਪਾਇਆ।ਪਹਿਲੀ ਤੋਂ ਤੀਸਰੀ ਜਮਾਤ ਦੇ ਵਿਦਿਆਰਥੀਆਂ ਦਾ ਵੀ ਸੋਲੋ ਡਾਂਸ ਮੁਕਾਬਲਾ ਕਰਵਾਇਆ ਗਿਆ। ਵਿਦਿਆਰਥੀਆਂ ਨੇ ਗੀਤਾਂ 'ਤੇ ਗਿੱਧਾ ਅਤੇ ਭੰਗੜਾ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ।ਸਮਾਗਮ ਦੇ ਅਖੀਰ ਤੇ ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਤੀਆਂ ਦੇ ਤਿਉਹਾਰ ਦੇ ਇਤਿਹਾਸ ਅਤੇ ਇਸ ਦੀ ਮਹੱਤਤਾ ਸਬੰਧੀ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਇਸ ਮੌਕੇ ਖੀਰ ਅਤੇ ਮਾਲ ਪੂੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸੰਤੋਸ਼ ਕੁਮਾਰੀ, ਮਮਤਾ ਮੈਡਮ, ਜਸਬੀਰ ਸਿੰਘ, ਤੇਜਿੰਦਰ ਸਿੰਘ, ਸੰਦੀਪ ਸਿੰਘ, ਸਰਬਜੀਤ ਸਿੰਘ, ਜਸਬੀਰ ਸਿੰਘ, ਅਰਚਨਾ ਮੈਡਮ, ਬਲਜੀਤ ਕੌਰ, ਰਮਨਦੀਪ ਕੌਰ, ਇੰਦੀਪ ਮੈਡਮ, ਰਜਨੀਸ਼ ਮੈਡਮ, ਕਿਰਨਦੀਪ ਕੌਰ, ਅੰਤਰਪ੍ਰੀਤ ਕੌਰ, ਜਸਪ੍ਰੀਤ ਕੌਰ, ਕੰਵਲਪ੍ਰੀਤ ਕੌਰ, ਕੁਲਵਿੰਦਰ ਮੈਡਮ, ਨਵਨੀਤ ਕੌਰ, ਮਨਜਿੰਦਰ ਕੌਰ, ਨਵਪ੍ਰੀਤ ਕੌਰ, ਹਰਪ੍ਰੀਤ ਮੈਡਮ, ਕੰਵਲਪ੍ਰੀਤ ਕੌਰ, ਕੋਮਲਦੀਪ ਕੌਰ, ਡੌਲੀ ਮੈਡਮ, ਨੀਤੂ ਤਨੇਜਾ, ਰਾਜਬੀਰ ਕੌਰ ਅਤੇ ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਐੱਮ ਏ ਹਿਸਟਰੀ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐੱਮ.ਏ. ਹਿਸਟਰੀ ਦੂਜੇ ਸਮੈਸਟਰ ਦੇ ਨਤੀਜੇ 100% ਰਹੇ ਜਿਸ ਵਿੱਚ ਮਨਦੀਪ ਕੌਰ, ਸ਼ਰਨਜੀਤ ਕੌਰ ਹਰਪ੍ਰੀਤ ਕੌਰ, ਕਿਰਨਦੀਪ ਕੌਰ, ਸੰਦੀਪ ਕੌਰ ਨੇ 76% ਅੰਕ ਸੁਖਮਨਪ੍ਰੀਤ ਕੌਰ 75 ਅੰਕ ਜਸ਼ਨਪ੍ਰੀਤ ਕੌਰ, ਨਵਨੀਤ ਕੌਰ, ਮਨਪ੍ਰੀਤ ਕੌਰ 73% ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ।ਇਸ ਤੋਂ ਇਲਾਵਾ ਪ੍ਰੇਮਜੀਤ ਸਿੰਘ, ਯਾਦਬੀਰ ਕੌਰ ਤੇ ਨਵਨੀਤ ਕੌਰ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ।ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ। ਇਸ ਮੌਕੇ ਕਾਲਜ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰ. ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਮਨਜੀਤ ਕੌਰ ਗੁਰਸ਼ਰਨਪ੍ਰੀਤ ਕੌਰ, ਪੂਰਤੀ ਸ਼ਰਮਾ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ, ਨਵਨੀਤ ਕੌਰ, ਅਮਨਦੀਪ ਕੌਰ, ਪਵਨਦੀਪ ਕੌਰ, ਸੁਖਮਨਦੀਪ ਕੌਰ ਅਰਸ਼ਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸੀਬੀਐੱਸਈ ਬੋਰਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਏਕ ਪੇੜ ਮਾਂ ਕੇ ਨਾਮ ਮੁਹਿੰਮ ਤਹਿਤ ਸਕੂਲ ਦੇ ਈਕੋ ਕਲੱਬ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਉਂਦਿਆਂ ਈਕੋ ਕਲੱਬ ਦੇ ਮੈਂਬਰ, ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਸਕੂਲ ਵਿੱਚ ਨਵੇਂ ਬੂਟੇ ਲਗਾਏ ਗਏ।ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਹਰਾ-ਭਰਾ ਬਣਾਉਣ ਦੇ ਲਈ ਆਪਣੇ ਘਰਾਂ ਦੇ ਆਸ-ਪਾਸ ਨਵੇਂ ਬੂਟੇ ਲਗਾਉਣ ਅਤੇ ਉਨਾਂ ਦੀ ਸਾਂਭ- ਸੰਭਾਲ ਕਰਨ ਦੇ ਲਈ ਪ੍ਰੇਰਿਤ ਕੀਤਾ।

# ਡੇਂਗੂ 'ਤੇ ਵਾਰ ਮੁਹਿੰਮ ਤਹਿਤ ਸ਼ਹਿਰ 'ਚ ਵੱਖ-ਵੱਖ ਥਾਈਂ ਐਂਟੀ ਲਾਰਵਾ ਸਪਰੇਅ ਕਰਵਾਈ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸਿਹਤ ਮੰਤਰੀ ਡਾ: ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਸਿਵਲ ਸਰਜਨ ਅੰਮ੍ਰਿਤਸਰ ਡਾ: ਕਿਰਨਦੀਪ ਕੌਰ ਦੇ ਹੁਕਮਾਂ ਤੇ ਸ਼ਹਿਰ ਦੀਆਂ ਇਤਿਹਾਸਿਕ ਥਾਵਾਂ ਅਤੇ ਕਮਿਊਨਿਟੀ ਹਾਲਾਂ ਵਿੱਚ ਹਰੇਕ ਸ਼ੁੱਕਰਵਾਰ ਦੀ ਤਰਾਂ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਐਕਟੀਵਿਟੀ ਕੀਤੀ ਗਈ। ਐਪੀਡੀਮੋਲੋਜਿਸਟ ਡਾ: ਹਰਜੋਤ ਕੌਰ ਦੀ ਅਗਵਾਈ ਵਿੱਚ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਦੀ ਸਮੁੱਚੀ ਟੀਮ ਨੇ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਕੰਪਨੀ ਬਾਗ ਅਤੇ ਕਿਲਾ ਗੋਬਿੰਦਗੜ੍ਹ ਵਿਖੇ ਐਂਟੀ ਲਾਰਵਾ ਸਪਰੇ ਕਰਵਾਈ।ਟੀਮ ਵੱਲੋਂ ਇਸ ਸਮੇਂ ਵੱਖ-ਵੱਖ ਪਾਣੀ ਦੇ ਸੋਮਿਆਂ ਜਿਵੇਂ ਕਿ ਕੂਲਰ, ਗਮਲੇ, ਪਾਣੀ ਵਾਲੀਆਂ ਹੌਦੀਆਂ, ਪਾਣੀ ਵਾਲੀਆਂ ਟੈਂਕੀਆਂ, ਪੁਰਾਣੇ ਟਾਇਰ ਅਤੇ ਕਬਾੜ ਆਦਿ ਵਿੱਚੋਂ ਡੇਂਗੂ ਦਾ ਲਾਰਵਾ ਦੇਖਿਆ।ਟੀਮ ਨੂੰ ਕਈ ਜਗ੍ਹਾ ਤੇ ਡੇਂਗੂ ਦਾ ਲਾਰਵਾ ਮਿਲਿਆ ਜਿਸਨੂੰ ਮੌਕੇ 'ਤੇ ਐਂਟੀ ਲਾਰਵਾ ਸਪਰੇ ਕਰਕੇ ਨਸ਼ਟ ਕਰ ਦਿੱਤਾ ਗਿਆ।ਟੀਮ ਵਿੱਚ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਰਜਿੰਦਰ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਸੁਖਦੇਵ ਸਿੰਘ, ਹਰਵਿੰਦਰ ਸਿੰਘ, ਗੁਰਕਿਰਨ ਸਿੰਘ, ਗੁਰਪ੍ਰੀਤ ਸਿੰਘ, ਏਐੱਮਓ ਕੰਵਲ ਬਲਰਾਜ ਸਿੰਘ, ਇਨਸੈਕਟ ਕਲੈਕਟਰ ਮਨਦੀਪ ਕੌਰ ਅਤੇ ਮਲਟੀਪਰਪਜ਼ ਹੈਲਥ ਵਰਕਰ ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਅਮਨਦੀਪ ਸਿੰਘ, ਦਲਜੀਤ ਸਿੰਘ, ਸ਼ਿਵਚਰਨ ਸਿੰਘ ਅਤੇ ਸਪਰੇਅ ਕਰਨ ਵਾਲੇ ਬਰੀਡਿੰਗ ਚੈੱਕਰ ਆਦਿ ਹਾਜ਼ਰ ਸਨ।

# ਫਰੀਡਮ ਫਾਈਟਰ ਬਾਪੂ ਗੁਰਚਰਨ ਸਿੰਘ ਲਾਧੂਪੁਰ ਦੀ 10ਵੀਂ ਬਰਸੀ 3 ਅਗਸਤ ਨੂੰ



**ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)**-ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਆਲ ਇੰਡੀਆ ਫਰੀਡਮ ਫਾਈਟਰ ਫੈਮਿਲੀ ਐਸੋਸੀਏਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਨੇ ਦੱਸਿਆ ਕਿ ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਫਰੀਡਮ ਫਾਈਟਰ ਬਾਪੂ ਗੁਰਚਰਨ ਸਿੰਘ ਦੀ 10ਵੀਂ ਬਰਸੀ 3 ਅਗਸਤ (ਦਿਨ ਐਤਵਾਰ) ਨੂੰ ਮਨਾਈ ਜਾਵੇਗੀ। ਇਸ ਸਬੰਧੀ 3 ਅਗਸਤ ਨੂੰ ਸਵੇਰੇ 11 ਤੋਂ 2 ਵਜੇ ਤੱਕ ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਸਮਾਗਮ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵਾਰ ਇਹ ਬਰਸੀ ਸਮਾਗਮ ਗਦਰ ਅਖਬਾਰ ਦੇ ਸੰਪਾਦਕ ਸ਼ਹੀਦ ਗਦਰੀ ਬਾਬਾ ਮੇਵਾ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਅਜੀਤ ਸਿੰਘ ਦਰਦੀ (ਕਵੀਸ਼ਰ), ਦਿਆ ਸਿੰਘ (ਪ੍ਰਧਾਨ ਆਲ ਇੰਡੀਆ ਪੀਸ ਮਿਸ਼ਨ), ਡਾ. ਖੁਸ਼ਹਾਲ ਸਿੰਘ (ਕੇਂਦਰੀ ਸਿੰਘ ਸਭਾ ਚੰਡੀਗੜ੍ਹ), ਬੂਟਾ ਸਿੰਘ ਸ਼ਾਦੀਪੁਰ (ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਸਾਦੀਪੁਰ), ਪ੍ਰਿੰਸੀਪਲ ਸਵਰਨ ਸਿੰਘ (ਰਿਆੜਕੀ ਕਾਲਜ ਤੁਗਲਵਾਲਾ), ਸ੍ਰੀ. ਅਜੇ ਸ਼ੁਕਲਾ (ਜਰਨਲਿਸਟ ਚੰਡੀਗੜ੍ਹ), ਡਾਕਟਰ ਕੇ. ਜੇ. ਸਿੰਘ ਧਾਰੀਵਾਲ, ਗੁਰਬਚਨ ਸਿੰਘ ਬਾਜਵਾ, ਕਾਮਰੇਡ ਗੁਲਜ਼ਾਰ ਸਿੰਘ, ਜਥੇਦਾਰ ਹਰਬੰਸ ਸਿੰਘ ਮੰਝਪੁਰ, ਕੈਪਟਨ ਗੁਰਦੀਪ ਸਿੰਘ ਘੁੰਮਣ (ਚੰਡੀਗੜ੍ਹ ), ਡਾ. ਸਤਨਾਮ ਸਿੰਘ ਅਜਨਾਲਾ (ਕਿਸਾਨ ਆਗੂ) ਆਦਿ ਸ਼ਖਸੀਅਤਾਂ ਵਿਸ਼ੇਸ਼ ਪਹੁੰਚਣਗੀਆਂ। ਇਸ ਮੀਟਿੰਗ ਵਿੱਚ ਸੋਮਨਾਥ ਕੋਟਲੀ ਰੌਲਾ, ਜਸਪਾਲ ਸਿੰਘ ਨੈਣੇਕੋਟ, ਨੰਬਰਦਾਰ ਜ਼ੋਰਾਵਰ ਸਿੰਘ ਲਾਧੂਪੁਰ, ਜਸਪਾਲ ਸਿੰਘ ਪੰਧੇਰ ਚੇਅਰਮੈਨ ਮਾਰਕੀਟ ਕਮੇਟੀ ਕਾਹਨੂੰਵਾਨ, ਸਲਵਿੰਦਰ ਸਿੰਘ, ਸੇਵਾ ਸਿੰਘ, ਅਰਵਿੰਦਰ ਸਿੰਘ ਲਾਧੂਪੁਰ, ਮਨੀ ਸਿੰਘ ਚੱਕ ਯਕੂਬ ਆਦਿ ਹਾਜ਼ਰ ਸਨ।

# ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਐਕਵਾਇਰ ਕਰਨ ਖ਼ਿਲਾਫ਼ ਮੀਟਿੰਗ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੈਂਡ ਪੂਲਿੰਗ ਐਕਟ ਇਲਾਕੇ ਦੇ ਪਿੰਡਾਂ ਦੀ ਜ਼ਮੀਨ ਐਕਵਾਇਰ ਕਰਨ ਖਿਲਾਫ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਕਿਸਾਨਾਂ ਦਾ ਇਕੱਠ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂਆਂ ਹਰਜੀਤ ਸਿੰਘ ਝੀਤੇ, ਲਖਬੀਰ ਸਿੰਘ ਨਿਜ਼ਾਮਪੁਰਾ, ਗੁਰਮੇਜ ਸਿੰਘ ਤਿੰਮੋਵਾਲ, ਗੁਰਦੇਵ ਸਿੰਘ ਵਰਪਾਲ, ਨਿਰਮਲ ਸਿੰਘ ਛੱਜਲ ਵੱਡੀ ਮੁਲਾਜ਼ਮ ਆਗੂ ਜੈਮਲ ਸਿੰਘ ਮਹਿਮਾ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਵਾਂਗ ਪੰਜਾਬ ਦੀ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣੀਆਂ ਚਾਹੁੰਦੀ ਹੈ, ਲੈਂਡ ਪੂਲਿੰਗ ਐਕਟ ਤਹਿਤ ਕਿਸਾਨਾਂ ਨੂੰ ਬਿਨਾਂ ਪੈਸੇ ਦਿੱਤਿਆਂ ਜ਼ਮੀਨਾਂ ਲੈ ਲਈਆਂ ਜਾਣਗੀਆਂ ਅਤੇ ਉਸੇ ਹੀ ਜ਼ਮੀਨ ਵਿੱਚੋਂ ਕਮਰਸ਼ੀਅਲ ਪਲਾਟ ਦਿੱਤੇ ਜਾਣੇ ਹਨ, ਪਰ ਪੰਜਾਬ ਦੇ ਕਿਸਾਨ ਇਸ ਨੀਤੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਆਪਣੀਆਂ ਜ਼ਮੀਨਾਂ ਬਚਾਉਣ ਲਈ ਲਹੂ ਵੀਟਵਾਂ ਸੰਘਰਸ਼ ਕਰਨਗੇ।ਆਗੂਆਂ ਨੇ ਕਿਹਾ ਕਿ ਇਸ ਮਸਲੇ ਉਪਰ ਹੋਰ ਵੱਡੀ ਲਾਮਬੰਦੀ ਕਰਨ ਲਈ 30 ਜੁਲਾਈ ਵਾਲੇ ਦਿਨ ਇਲਾਕੇ ਦੇ ਪ੍ਰਭਾਵਿਤ ਪਿੰਡਾਂ ਤੋਂ ਗੋਲਡਨ ਗੇਟ ਅੰਮ੍ਰਿਤਸਰ ਤੱਕ ਟਰੈਕਟਰ ਮਾਰਚ ਕੀਤਾ ਜਾਵੇਗਾ।

# ਅਪੋਲੋ ਹਸਪਤਾਲ ਅੰਮ੍ਰਿਤਸਰ ਦੇ ਸਹਿਯੋਗ ਨਾਲ ਬਿਰਧ ਆਸ਼ਰਮ ਝਾਖੋਲਾਹੜੀ 'ਚ ਲੱਗਾ ਮੁਫ਼ਤ ਮੈਡੀਕਲ ਕੈਂਪ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿਖੇ ਵਿਲੀਅਨ ਹਾਰਟਸ ਵੇਟਿੰਗ ਫਾਊਂਡੇਸ਼ਨ ਵੱਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਡਾ. ਕਿਰਨ, ਡਾ. ਅਰਸ਼ਦੀਪ ਅਤੇ ਡਾ. ਰਾਜੇਸ਼ਵਰ ਸਿੰਘ ਸ਼ਾਮਲ ਹੋਏ। ਉਨ੍ਹਾਂ ਨੇ ਬਜ਼ੁਰਗਾਂ ਦੇ ਸ਼ੂਗਰ ਅਤੇ ਬੀਪੀ ਦੇ ਟੈਸਟ ਕੀਤੇ ।ਡਾਕਟਰਾਂ ਨੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੂੰ ਕਿਹਾ ਕਿ ਅਸੀਂ ਤੁਹਾਨੂੰ ਇਨ੍ਹਾਂ ਬਜ਼ੁਰਗਾਂ ਨੂੰ ਫ੍ਰੀ ਦਵਾਈਆਂ ਵੀ ਮੁਹੱਈਆ ਕਰਵਾਵਾਂਗੇ।ਉਨ੍ਹਾਂ ਨੇ ਇਹ ਵਾਅਦਾ ਵੀ ਕੀਤਾ ਕਿ ਅਸੀਂ ਹਮੇਸ਼ਾ ਹੀ ਤੁਹਾਡੇ ਨਾਲ ਜੁੜੇ ਰਵਾਂਗੇ ਤੇ ਬਜ਼ੁਰਗਾਂ ਦੀ ਸੇਵਾ ਮਿਲ ਜੁਲ ਕੇ ਕਰਾਂਗੇ।ਆਈ ਹੋਈ ਟੀਮ ਦਾ ਆਸ਼ਰਮ ਪ੍ਰਬੰਧਕ/ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਆਸ਼ਰਮ ਸਮੂਹ ਸਟਾਫ ਕੁਆਰਡੀਨੇਟਰ ਮੈਡਮ ਇੰਦਰਜੀਤ ਕੌਰ, ਸਵਿਤਾ, ਰੂਪ ਰਾਣੀ, ਰਾਜ ਰਾਣੀ, ਪੂਜਾ ਦੇਵੀ, ਕਮਲੇਸ਼ ਕੁਮਾਰੀ, ਰਮੇਸ਼ ਚੰਦਰ, ਵਿਪਨ ਕੁਮਾਰ ਆਦਿ ਮੌਜੂਦ ਸਨ।



# ਆਈ ਟੀ ਕਾਲਜ ਫਾਰ ਵੋਮੈਨ ਅਲਗੋਂ ਕੋਠੀ ਵਿਖੇ ਕਾਰਗਿਲ ਵਿਜੈ ਦਿਵਸ ਮਨਾਇਆ



ਪੱਟੀ (ਬਲਦੇਵ ਸਿੰਘ ਸੰਧੂ)-ਮਾਈ ਯੁਵਾ ਭਾਰਤ, ਭਾਰਤ ਸਰਕਾਰ ਦੇ ਜ਼ਿਲ੍ਹਾ ਯੂਥ ਅਫਸਰ ਮੈਡਮ ਜਸਲੀਨ ਕੌਰ ਦੀ ਅਗਵਾਈ ਹੇਠ ਬਾਬਾ ਦਾਰਾਮੱਲ ਵੈੱਲਫੇਅਰ ਸੋਸਾਇਟੀ ਵੱਲੋਂ ਆਈਟੀ ਕਾਲਜ ਫਾਰ ਵੋਮੈਨ ਭਗਵਾਨਪੁਰਾ ਅਲਗੋਂ ਕੋਠੀ ਵਿਖੇ ਕਾਰਗਿਲ ਵਿਜੈ ਦਿਵਸ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਦਲਬੀਰ ਸਿੰਘ ਅਲਗੋਂ ਅਤੇ 18 ਬਟਾਲੀਅਨ ਡੋਗਰਾ ਆਰਮੀ ਵੱਲੋਂ ਨਾਇਬ ਸੂਬੇਦਾਰ ਹਰਜੀਤ ਸਿੰਘ ਅਤੇ ਕਾਲਜ ਦੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ, ਪ੍ਰਿੰ. ਮੈਡਮ ਰਣਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਪ੍ਰਧਾਨ ਸੰਦੀਪ ਮਸੀਹ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਦੇ ਨਾਲ ਪੋਇਮ, ਲੈਕਚਰ ਅਤੇ ਦੇਸ਼ ਭਗਤੀ ਦੇ ਗੀਤ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਅਤੇ ਸੂਬੇਦਾਰ ਹਰਜੀਤ ਸਿੰਘ ਵੱਲੋਂ ਵਿਜੇ ਦਿਵਸ ਦੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਨਾਇਕ ਸੁਨੀਲ ਕੁਮਾਰ, ਮੈਡਮ ਰਾਜਵੀਰ ਕੌਰ, ਮੈਡਮ ਸੋਨਾਲੀ ਚੋਪੜਾ, ਹਰਸਿਮਰਤ ਕੌਰ, ਹਸਨਪ੍ਰੀਤ ਕੌਰ, ਮਨਦੀਪ ਕੌਰ, ਸਤਬੀਰ ਸਿੰਘ, ਪ੍ਰਭਦੀਪ ਸਿੰਘ, ਰਸ਼ਪਾਲ ਸਿੰਘ, ਜਸਪਾਲ ਸਿੰਘ ਦਿਆਲਪੁਰਾ, ਪਰਮਜੀਤ ਸਿੰਘ ਬਾਗਾਂ ਵਾਲੇ, ਗੁਰਲਾਲ ਸਿੰਘ ਅਲਗੋ ਅਤੇ ਸਮੂਹ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ 'ਚ 76ਵੀਆਂ ਜ਼ੋਨਲ ਖੇਡਾਂ ਸ਼ੁਰੂ



**ਧਾਰੀਵਾਲ/ਹਰਚੋਵਾਲ, (ਮਨਦੀਪ ਸਿੰਘ ਵਿੱਕੀ)**-76ਵੀਆਂ ਜ਼ੋਨਲ ਖੇਡਾਂ ਰੱਸਾ ਕੱਸੀ ਮੁਕਾਬਲਿਆਂ ਦਾ ਉਦਘਾਟਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਵਿੱਚ ਬੀਐੱਨਓ ਵਿਜੇ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ। ਉਦਘਾਟਨ ਮੌਕੇ ਪ੍ਰਿੰਸੀਪਲ ਲਖਵਿੰਦਰ ਸਿੰਘ, ਸਕੱਤਰ ਲੈਕਚਰਾਰ ਅਮਰਜੀਤ ਸਿੰਘ, ਖਜ਼ਾਨਚੀ ਅੰਮ੍ਰਿਤਪਾਲ ਸਿੰਘ, ਕਮੇਟੀ ਮੈਂਬਰ ਡੀਪੀਈ ਸਿਮਰਜੀਤ ਕੌਰ, ਡੀਪੀਈ ਗੁਰਮੇਜ ਸਿੰਘ, ਡੀਪੀਈ ਕੁਲਜੀਤ ਕੌਰ ਬਸਰਾਵਾਂ, ਲੈਕਚਰਾਰ ਮਨੀਸ਼ ਕੁਮਾਰ ਭੈਣੀ ਮੀਆਂ ਖਾਨ, ਡੀਪੀਈ ਅਜੈ ਕੁਮਾਰ ਕੋਟ ਟੋਡਰ ਮੱਲ, ਹੈੱਡਮਾਸਟਰ ਜਸਪਾਲ ਸਿੰਘ ਕਾਹਲਵਾਂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਰੱਸਾ ਕੱਸੀ ਦੇ ਅੰਡਰ 14 ਲੜਕੇ ਪਹਿਲੀ ਪੁਜ਼ੀਸ਼ਨ ਬਾਬਾ ਆਇਆ ਸਿੰਘ ਰਿਆੜਕੀ ਸਕੂਲ, ਦੂਜੀ ਪੁਜ਼ੀਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਸਕੂਲ, ਤੀਸਰੀ ਪੁਜ਼ੀਸ਼ਨ ਸਰਕਾਰੀ ਹਾਈ ਸਕੂਲ ਭਾਮੜੀ, ਅੰਡਰ 14 ਲੜਕੀਆਂ ਪਹਿਲੀ ਪੁਜ਼ੀਸ਼ਨ ਬਾਬਾ ਆਇਆ ਸਿੰਘ ਰਿਆੜਕੀ ਸਕੂਲ ਤੁਗਲਵਾਲ, ਦੂਜੀ ਪੁਜ਼ੀਸ਼ਨ ਸਰਕਾਰੀ ਹਾਈ ਸਕੂਲ ਕਾਹਲਵਾਂ, ਤੀਸਰੀ ਪੁਜ਼ੀਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ, ਅੰਡਰ 17 ਲੜਕੇ ਫਸਟ ਪੁਜ਼ੀਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਵਾਂ, ਦੂਜੀ ਪੁਜ਼ੀਸ਼ਨ ਸਰਕਾਰੀ ਹਾਈ ਸਕੂਲ ਭਾਮੜੀ, ਤੀਸਰੀ ਪੁਜ਼ੀਸ਼ਨ ਸ ਸ ਸ੍ਰੀ ਦਸਮੇਸ਼ ਸਕੂਲ ਕਾਦੀਆਂ, ਅੰਡਰ 17 ਲੜਕੀਆਂ ਪਹਿਲੀ ਪੁਜ਼ੀਸ਼ਨ ਖਾਲਸਾ ਕਲਾਸ ਵਾਲਾ ਸਕੂਲ ਕਾਦੀਆਂ, ਦੂਜੀ ਪੁਜ਼ੀਸ਼ਨ ਸਰਕਾਰੀ ਹਾਈ ਸਕੂਲ ਕਾਹਲਵਾਂ, ਅੰਡਰ 19 ਲੜਕੀਆਂ ਪਹਿਲੀ ਪੁਜ਼ੀਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਨੇ ਹਾਸਲ ਕੀਤੀ।

# ਸੇਂਟ ਜੋਸਫ਼ ਕਾਨਵੈਂਟ ਸਕੂਲ ਕਾਦੀਆਂ ਨੇ ਸ਼ਤਰੰਜ ਮੁਕਾਬਲੇ 'ਚ ਬਾਜ਼ੀ ਮਾਰੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਇੰਟਰ ਸਕੂਲ ਸ਼ਤਰੰਜ ਮੁਕਾਬਲੇ ਸਰਕਾਰੀ ਹਾਈ ਸਕੂਲ ਭਾਮ ਵਿੱਚ ਕਰਵਾਏ ਗਏ।ਇਹ 76ਵੀਂਆ ਪੰਜਾਬ ਸਕੂਲ ਖੇਡਾਂ ਵਿੱਚ ਸ਼ਤਰੰਜ ਮੁਕਾਬਲੇ ਵਿੱਚ ਸੇਂਟ ਜੋਸਫ ਕਾਨਵੈਂਟ ਸਕੂਲ ਡੱਲਾ ਮੋੜ ਕਾਦੀਆਂ ਦੇ ਖਿਡਾਰੀਆਂ ਨੇ ਹਿੱਸਾ ਲਿਆ ਜਿਸ ਵਿੱਚ ਅੰਡਰ-14 ਲੜਕੀਆਂ ਦੇ ਸਿੰਗਲ ਸ਼ਤਰੰਜ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਮਹਿਨਾਜ਼ ਵੀਰ ਕੌਰ ਨੇ ਤੇ ਡੱਬਲ ਵਿੱਚ ਪਹਿਲਾ ਸੀਰਤ ਘੁੰਮਣ ਅਤੇ ਪ੍ਰਾਕਸ਼ੀ ਭਾਟੀਆ ਨੇ ਪ੍ਰਾਪਤ ਕੀਤਾ। ਅੰਡਰ -17 ਵਿੱਚ ਲੜਕੇ ਵਿਸ਼ਾਲ ਮੱਟੂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਡਬਲ ਵਿੱਚ ਨਮਨ ਸ਼ਰਮਾ ਅਤੇ ਕਰਨਦੀਪ ਠਾਕੁਰ ਨੇ ਪਹਿਲਾ ਸਥਾਨ ਹਾਸਿਲ ਕੀਤਾ । ਅੰਡਰ- 17 ਲੜਕੀਆਂ ਸਿੰਗਲ ਵਿਚ ਗੁਰਲੀਨ ਕੌਰ ਨੇ ਅਤੇ ਡਬਲ ਵਿੱਚ ਮਾਨਿਆ, ਰਹਿਤ ਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ- 19 ਲੜਕੇ ਡਬਲ ਵਿੱਚ ਆਕਾਸ਼ ਭਾਟੀਆ ਅਤੇ ਆਸਿਫ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ।ਖੇਡਾਂ ਦੇ ਸਕੱਤਰ ਨੇ ਜੇਤੂ ਬੱਚਿਆਂ ਨੂੰ ਤਗਮੇ ਦੇ ਕੇ ਸਨਮਾਨਿਤ ਕੀਤਾ ।ਪੀ ਟੀ ਅਧਿਆਪਕਾ ਆਰਤੀ ਦੀਆਂ ਕਾਰਗੁਜ਼ਾਰੀਆਂ ਕਰਕੇ ਸਕੂਲ ਦੇ ਪ੍ਰਿੰਸੀਪਲ ਸਿਸਟਰ ਜੋਸੀਆ ਤੇ ਸਮੂਹ ਸਟਾਫ ਨੇ ਨਿੱਘਾ ਸਵਾਗਤ ਕੀਤਾ।

# ਜਾਇਜ਼ ਮੰਗਾਂ ਸੰਬੰਧੀ ਬੇਰੁਜ਼ਗਾਰ ਅਧਿਆਪਕ ਸਾਂਝਾ ਮੋਰਚਾ ਨੇ ਮੀਟਿੰਗ ਕੀਤੀ



ਝਬਾਲ (ਹਰਜਿੰਦਰ ਸਿੰਘ ਸੋਨੀ)- ਬੇਰੁਜ਼ਗਾਰ ਸਾਂਝਾ ਮੋਰਚਾ ਜ਼ਿਲ੍ਹਾ ਤਰਨਤਾਰਨ ਦੀ ਇਕੱਤਰਤਾ ਤਰਨਤਾਰਨ ਵਿਖੇ ਗਾਂਧੀ ਪਾਰਕ ਜ਼ਿਲ੍ਹਾ ਪ੍ਰਧਾਨ ਹਰਨੰਦ ਸਿੰਘ ਬੱਲਿਆਂਵਾਲਾ ਦੀ ਅਗਵਾਈ ਹੇਠ ਹੋਈ।ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ ਦੱਸਿਆ ਗਿਆ ਕਿ ਸਿੱਖਿਆ ਵਿਭਾਗ ਵਿੱਚ ਭਰਤੀ ਕੈਲੰਡਰ ਲਾਗੂ ਕਰਨ ਦਾ ਵਾਅਦਾ ਕਰਕੇ, ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਮਿਆਰੀ ਸੁਧਾਰ ਕਰਨ ਦੇ ਨਾਹਰੇ ਦੇ ਕੇ ਸੱਤਾ ਉਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕਰੀਬ ਤਿੰਨ ਸਾਲਾਂ ਦੇ ਆਪਣੇ ਸ਼ਾਸਨ ਕਾਲ ਸਮੇਂ ਮਾਸਟਰ ਕੇਡਰ ਅਤੇ ਲੈਕਚਰਾਰ ਦੀ ਇੱਕ ਵੀ ਨਵੀਂ ਭਰਤੀ ਨਹੀਂ ਕੀਤੀ।ਉਨ੍ਹਾਂ ਦੱਸਿਆ ਕਿ ਬੇਰੁਜ਼ਗਾਰਾਂ ਵੱਲੋਂ ਲਗਾਤਾਰ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਪਰ ਸਰਕਾਰ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੋ ਰਿਹਾ।ਮੀਟਿੰਗਾਂ ਦੇ ਕੇ ਮੁਲਤਵੀ ਕਰਨਾ ਜਾਂ ਮੀਟਿੰਗਾਂ ਕਰਕੇ ਵਾਅਦਿਆ ਤੋਂ ਮੁੱਕਰਨਾ ਸਰਕਾਰ ਦੀ ਆਦਤ ਬਣ ਗਈ ਹੈ।ਬੇਰੁਜ਼ਗਾਰ ਅਧਿਆਪਕਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਜਾਂ ਲਾਰੇ-ਲੱਪੇ ਲਾਉਣੇ ਜਾਰੀ ਰੱਖੇ ਤਾਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਵਿਰੁੱਧ ਵੱਡੇ ਪੱਧਰ 'ਤੇ ਘਿਰਾਓ ਕੀਤਾ ਜਾਵੇਗਾ, ਤਰਨਤਾਰਨ ਦੀ ਜ਼ਿਮਨੀ ਚੋਣ ਸਮੇਂ ਸਰਕਾਰ ਦਾ ਜ਼ਬਰਦਸਤ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਮੀਤ ਪ੍ਰਧਾਨ ਨਰਿੰਦਰ ਸ਼ਰਮਾ, ਸੂਬਾ ਕਮੇਟੀ ਮੈਂਬਰ ਬਖਸ਼ੀਸ਼ ਸਿੰਘ, ਕਰਨਬੀਰ ਸਿੰਘ, ਗੁਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਬਿਕਰਮਜੀਤ ਸਿੰਘ, ਸੌਰਵ ਆਦਿ ਹਾਜ਼ਰ ਸਨ।

# ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਬਿਜਲੀ ਮੰਤਰੀ ਦੀ ਕੋਠੀ ਅੱਗੇ ਧਰਨਾ 4 ਨੂੰ : ਝਬਾਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਪੇਂਡੂ ਅਤੇ ਖੇਤ ਮਜ਼ਦੂਰ 6 ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਤੇ ਕੀਤੀ ਗਈ ਕਨਵੈਨਸ਼ਨ ਵਿੱਚ ਐਲਾਨ ਕੀਤਾ ਗਿਆ ਸੀ ਕਿ ਮਜ਼ਦੂਰ ਤੇ ਦਲਿਤ ਪਰਿਵਾਰਾਂ ਨਾਲ ਸੰਬੰਧਿਤ ਪੰਜਾਬ ਸਰਕਾਰ ਦੇ ਮੰਤਰੀਆਂ ਦੀਆ ਕੋਠੀਆਂ ਅੱਗੇ 4 ਅਗਸਤ 2025 ਨੂੰ ਧਰਨੇ ਲਾ ਕੇ ਮਜ਼ਦੂਰਾਂ ਦੇ ਭਖਦੇ ਮਸਲਿਆਂ ਅਤੇ ਮੁਸ਼ਕਿਲਾਂ ਤੋਂ ਮੰਤਰੀਆਂ ਨੂੰ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਦੇ ਬੋਲੇ ਕੰਨਾਂ ਤੱਕ ਅੱਵਾਜ਼ ਪਹੁੰਚਾਈ ਜਾਵੇਗੀ।

ਇਸ ਦੀ ਤਿਆਰੀ ਸੰਬੰਧੀ ਪਿੰਡ ਦੁਧਰਾਏ ਵਿਖੇ ਪੇਂਡੂ ਮਜ਼ਦੂਰ ਮਰਦ ਅਤੇ ਔਰਤਾਂ ਦੀ ਭਰਵੀਂ ਮੀਟਿੰਗ ਸਾਥੀ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੀਟਿੰਗ ਨੂੰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਤਰਸੇਮ ਸਿੰਘ ਟੱਪਿਆਲਾ ਨੇ ਸੰਬੋਧਨ ਕੀਤਾ।ਸਾਥੀ ਝਬਾਲ ਨੇ 4 ਅਗਸਤ ਨੂੰ ਬਿਜਲੀ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਦੇ ਨਿਊ ਅੰਮ੍ਰਿਤਸਰ ਕੋਠੀ ਅੱਗੇ ਦਿੱਤੇ ਜਾਣ ਵਾਲੇ ਵਿਸ਼ਾਲ ਧਰਨੇ ਵਿਚ ਪਿੰਡ ਦੇ ਮਜ਼ਦੂਰ ਮਰਦ ਅਤੇ ਔਰਤਾਂ ਨੂੰ ਵੱਧ ਚੜ੍ਹ ਕੇ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

ਪਿੰਡ ਵਿੱਚ ਜਥੇਬੰਦੀ ਦੀ ਸਰਬਸੰਮਤੀ ਨਾਲ ਯੂਨਿਟ ਚੋਣ ਕੀਤੀ ਗਈ ਜਿਸਦੇ ਪ੍ਰਧਾਨ ਮਨਜੀਤ ਸਿੰਘ, ਮੀਤ ਪ੍ਰਧਾਨ ਜਸਪਿੰਦਰ ਕੌਰ, ਜਨਰਲ ਸਕੱਤਰ ਪ੍ਰੀਤ ਸਿੰਘ, ਮੀਤ ਸਕੱਤਰ ਕੁਲਬੀਰ ਕੌਰ, ਖਜ਼ਾਨਚੀ ਮੁਖਤਾਰ ਸਿੰਘ ਚੁਣੇ ਗਏ।

# ਖੋਦੇ ਬੇਟ ਤੋਂ 'ਆਪ' ਦੀ ਉਮੀਦਵਾਰ ਬੀਬੀ ਰਣਜੀਤ ਕੌਰ ਸਰਪੰਚ ਬਣੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਵਿੱਚ ਹੋਈਆਂ ਪੰਚਾਇਤੀ ਉਪ ਚੋਣਾਂ ਦੌਰਾਨ ਡੇਰਾ ਬਾਬਾ ਨਾਨਕ ਦੇ 4 ਵੱਖ-ਵੱਖ ਪਿੰਡਾਂ ਵਿੱਚ ਅਮਨ ਅਮਾਨ ਨਾਲ ਵੋਟਾਂ ਨੇਪਰੇ ਚੜ੍ਹੀਆਂ।ਇਸ ਮੌਕੇ ਡੇਰਾ ਬਾਬਾ ਨਾਨਕ ਦੇ ਪਿੰਡ ਖੋਦੇ ਬੇਟ ਵਿਖੇ ਸਰਪੰਚੀ ਦੀ ਉਪ ਚੋਣ ਦੌਰਾਨ ਮੁਖ ਮੁਕਾਬਲਾ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਨਾਲ ਹੋਇਆ।ਇਸ ਮੌਕੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਰਣਜੀਤ ਕੌਰ ਨੂੰ 257 ਵੋਟਾਂ ਪਈਆਂ ਜਦਕਿ ਕਾਂਗਰਸ ਦੀ ਉਮੀਦਵਾਰ ਬੀਬੀ ਗੁਰਵਿੰਦਰ ਕੌਰ ਨੂੰ 175 ਵੋਟਾਂ ਮਿਲੀਆਂ।ਇਸ ਮੌਕੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਰਣਜੀਤ ਕੌਰ 82 ਵੋਟਾਂ ਨਾਲ ਜੇਤੂ ਰਹੀ। ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਦੇ ਪਤੀ ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਤੇ ਜਿੱਤ ਦੀ ਖੁਸ਼ੀ ਵਿੱਚ ਭੰਗੜੇ ਪਾਏ ਗਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵੀਂ ਚੁਣੀ ਸਰਪੰਚ ਰਣਜੀਤ ਕੌਰ ਤੇ ਉਨ੍ਹਾਂ ਦੇ ਪਤੀ ਆਪ ਆਗੂ ਭੁਪਿੰਦਰ ਸਿੰਘ ਨੇ ਕਿਹਾ ਕਿ ਉਹ ਪਿੰਡ ਦਾ ਵਿਕਾਸ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਬਿਨਾਂ ਪੱਖਪਾਤ ਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕਰਵਾਉਣਗੇ।

ਉਨ੍ਹਾਂ ਜਿੱਥੇ ਪਿੰਡ ਦੇ ਲੋਕਾਂ ਦਾ ਧੰਨਵਾਦ ਕੀਤਾ ਉਥੇ ਹੀ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।ਇਸ ਮੌਕੇ ਪਿੰਡ ਖੋਦੇ ਬੇਟ ਵਿਖੇ ਇੱਕ ਪੰਚ ਉਮੀਦਵਾਰ ਦੀ ਚੋਣ ਵਿੱਚ ਆਪ ਦੇ ਕਾਲਾ ਮਸੀਹ ਕਾਂਗਰਸ ਦੇ ਬਲਕਾਰ ਮਸੀਹ ਨੂੰ 21 ਵੋਟਾਂ ਦੇ ਫਰਕ ਨਾਲ ਹਰਾ ਕੇ ਜੇਤੂ ਰਹੇ।ਭੁਪਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਖੋਦੇ ਬੇਟ ਦੀ ਪਹਿਲੀ ਸਰਪੰਚ ਮੇਰੀ ਮਾਤਾ ਅਮਰਜੀਤ ਕੌਰ ਪਤਨੀ ਬਲਦੇਵ ਸਿੰਘ ਦੀ ਮੌਤ ਹੋਣ ਉਪਰੰਤ ਏਥੇ ਇਹ ਦੋਬਾਰਾ ਚੋਣ ਹੋਈ ਹੈ, ਮੇਰੇ ਮਾਤਾ ਇਸ ਪਿੰਡ ਤੋਂ ਦੋ ਵਾਰ ਸਰਪੰਚ ਬਣੇ ਤੇ ਮੇਰੇ ਪਿਤਾ ਪੰਜ ਵਾਰ ਸਰਪੰਚ ਰਹੇ।

ਇਸ ਮੌਕੇ ਬਾਪੂ ਬਲਦੇਵ ਸਿੰਘ, ਆਪ ਆਗੂ ਭੁਪਿੰਦਰ ਸਿੰਘ, ਮੈਂਬਰ ਸੁਰਜੀਤ ਸਿੰਘ, ਮੈਂਬਰ ਪ੍ਰਿੰਸ ਸ਼ਰਮਾ, ਮੈਂਬਰ ਬਲਜੀਤ ਕੌਰ ਮੈਂਬਰ, ਕਸ਼ਮੀਰ ਕੌਰ, ਮੈਂਬਰ ਕਾਲਾ ਮਸੀਹ, ਗੁਰਬਚਨ ਸਿੰਘ ਖੋਦੇ ਬੇਟ, ਸਤਬੀਰ ਸਿੰਘ ਲਾਲੀ, ਮਿੰਟੂ ਫੌਜੀ ਸਾਬਕਾ ਸਰਪੰਚ ਸੁੱਖਾ, ਗੁਰਮੀਤ ਸਿੰਘ, ਗੁਰਮੇਜ ਸਿੰਘ, ਅਵਤਾਰ ਸਿੰਘ, ਮਹਿੰਦਰ ਸਿੰਘ, ਰਮਨ ਕੁਮਾਰ, ਰਵੀ ਸ਼ਰਮਾ, ਤਰਸੇਮ ਸਿੰਘ, ਤਰਵਿੰਦਰ ਸਿੰਘ ਜੱਗਾ, ਵਿਨੋਦ ਸ਼ਰਮਾ, ਲਵਪ੍ਰੀਤ ਸਿੰਘ, ਦਾਨੀ ਮਸੀਹ, ਗਰੀਬਾਂ ਮਸੀਹ, ਗੁਰਪਾਲ ਸਿੰਘ, ਸਾਬਕਾ ਸਰਪੰਚ ਬਲਦੇਵ ਸਿੰਘ, ਲਾਭ ਸਿੰਘ, ਦਿਲਬਾਗ ਸਿੰਘ ਫੌਜੀ ਆਦਿ ਹਾਜ਼ਰ ਸਨ।



# ਸੁਸਰੀ ਦੇ ਸਤਾਏ ਲੋਕਾਂ ਨੇ ਦੂਜੇ ਦਿਨ ਵੀ ਗੁਦਾਮ ਅਧਿਕਾਰੀਆਂ ਖਿਲਾਫ ਦਿੱਤਾ ਧਰਨਾ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਪਿੰਡ ਵਡਾਲਾ ਜੌਹਲ ਵਿਖੇ ਸੁਸਰੀ ਦੇ ਸਤਾਏ ਹੋਏ ਲੋਕਾਂ ਨੇ ਪਿੰਡ ਵਿੱਚ ਬਣੇ ਗੁਦਾਮਾਂ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਖਿਲਾਫ ਦੂਜੇ ਦਿਨ ਵੀ ਜੰਮ ਕੇ ਨਾਹਰੇਬਾਜ਼ੀ ।ਇਸ ਮੌਕੇ ਪਿੰਡ ਵਾਡਾਲਾ ਜੌਹਲ, ਤੀਰਥਪੁਰ, ਦੇਵੀਦਾਸਪੁਰਾ, ਮਲਕਪੁਰ, ਬੰਮਾਂ ਆਦਿ ਪਿੰਡਾਂ ਦੇ ਲੋਕਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਰਾਤ ਨੂੰ ਸੌਣ ਲੱਗਿਆਂ ਕੰਨਾਂ ਵਿੱਚ ਰੂੰ ਲੈ ਕੇ ਸੌਣਾ ਪੈਂਦਾ। ਸੁਸਰੀ ਦੇ ਸਤਾਏ ਕੁਝ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਪਿੰਡਾਂ ਕੋਈ ਪ੍ਰਾਹੁਣਾ ਵੀ ਨਹੀਂ ਆਉਂਦਾ, ਜੇ ਕੋਈ ਆਉਂਦਾ ਵੀ ਹੈ ਤਾਂ ਉਹ ਰਾਤ ਪੈਣ ਤੋਂ ਪਹਿਲਾਂ ਚਲਾ ਜਾਂਦਾ ਜਾਂਦਾ ਹੈ।ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਦਿਲਬਾਗ ਸਿੰਘ ਜੌਹਲ, ਸਾਬਕਾ ਮੈਂਬਰ ਸਵਿੰਦਰ ਸਿੰਘ ਸੇਠ, ਨੰਬਰਦਾਰ ਬਲਜੀਤ ਸਿੰਘ, ਦੀਪ ਜੌਹਲ, ਜਗਦੀਪ ਸਿੰਘ ਦੀਪਾ, ਨੰਬਰਦਾਰ ਮਨਜੀਤ ਸਿੰਘ, ਨੰਬਰਦਾਰ ਸੁੱਖ, ਵਿਰਸਾ ਸਿੰਘ, ਮੰਗਦੇਵ ਸਿੰਘ ਦੇਵੀਦਾਸਪੁਰਾ , ਹਰਭਜਨ ਸਿੰਘ ਛੰਬਵਾਲੀਆ, ਲਾਡੀ, ਜਗਤਾਰ ਸਿੰਘ ਜੱਗਾ, ਨਿਰਮਲ ਸਿੰਘ ਵਡਾਲੀ, ਰਾਣਾ ਵਡਾਲੀ, ਯਾਦਵਿੰਦਰ ਸਿੰਘ, ਚਮਕੌਰ ਸਿੰਘ, ਦਰਸ਼ਨ ਸਿੰਘ, ਦਲੇਰ ਸਿੰਘ ਜੌਹਲ, ਕਲਾਕਾਰ ਦੇਵ ਜੌਹਲ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ। ਗੁਦਾਮਾਂ ਦੇ ਮੈਨੇਜਰ ਗੁਰਸ਼ਬਦ ਸਿੰਘ ਤੇ ਹੋਰ ਅਧਿਕਾਰੀਆਂ ਪਿੰਡਾਂ ਦੇ ਲੋਕਾਂ ਨੂੰ ਲਿਖਤੀ ਰੂਪ ਵਿੱਚ ਦੇਣ ਮੌਕੇ ਕਿਹਾ ਕਿ ਇੱਕ ਹਫ਼ਤੇ ਵਿੱਚ ਸੁਸਰੀ ਦਾ ਪੱਕਾ ਹੱਲ ਕਰ ਦਿੱਤਾ ਜਾਵੇਗਾ।

# ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਕੱਸਿਆ ਸ਼ਿਕੰਜਾ : ਬਲਬੀਰ ਸਿੰਘ ਪੰਨੂੰ





**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਪਿੰਡ ਕੁਲਾਰ , ਪੱਤੀ ਬਾਠ ਅਤੇ ਦਮੋਦਰ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਇਕੱਤਰਤਾ ਵਿੱਚ ਬਲਬੀਰ ਸਿੰਘ ਪਨੂੰ ਨੇ ਵਿਸ਼ੇਸ ਤੌਰ ਤੇ ਸਿਰਕਤ ਤੇ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ਼ ਲੜਨ ਦੀ ਸਹੁੰ ਚੁਕਾਈ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪਿੰਡ-ਪਿੰਡ ਅਤੇ ਕਸਬਿਆਂ, ਸ਼ਹਿਰਾਂ ਵਿੱਚ ਨਸ਼ਿਆਂ ਖਿਲਾਫ਼ ਮੁਹਿੰਮ ਵਿੱਢੀ ਗਈ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਵਿਰੁੱਧ ਕੋਈ ਕੰਮ ਨਹੀਂ ਕੀਤਾ ਪਰ ਹੁਣ ਮਾਨ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਕਸੰਜਾ ਕੱਸਿਆ ਹੈ। ਇਸ ਮੌਕੇ ਸਰਪੰਚ ਜਗਰੂਪ ਸਿੰਘ, ਸਰਪੰਚ ਗੁਰਮੀਤ ਕੌਰ, ਸਰਪੰਚ ਗੁਰਪ੍ਰੀਤ ਕੌਰ, ਬਲਾਕ ਪ੍ਰਧਾਨ ਹਰਦੀਪ ਸਿੰਘ ਦਮੋਦਰ, ਪੰਚ ਕੁਲਦੀਪ ਸਿੰਘ, ਪੰਚ ਜਸਪਿੰਦਰ ਸਿੰਘ, ਪੰਚ ਹਰਜਿੰਦਰ ਕੌਰ, ਪੰਚ ਗੁਰਮੀਤ ਕੌਰ, ਪੰਚ ਸਿਮਰਨ, ਕੁਲਦੀਪ ਸਿੰਘ, ਕਰਨਜੀਤ ਸਿੰਘ, ਹੀਰਾ, ਪੰਚ ਅਜੈਬ ਮਸੀਹ, ਪੰਚ ਸਰਵਣ ਸਿੰਘ, ਪੰਚ ਜਸਬੀਰ ਸਿੰਘ, ਪੰਚ ਗੁਰਵਿੰਦਰ ਕੌਰ, ਪੰਚ ਜਸਬੀਰ ਕੌਰ, ਸਾਬਕਾ ਸਰਪੰਚ ਬਲਦੇਵ ਸਿੰਘ, ਸਾਬਕਾ ਸਰਪੰਚ ਮੁਖਵਿੰਦਰ ਸਿੰਘ, ਗੁਰਚਰਨ ਸਿੰਘ ਸ਼ਾਹ, ਅਮਰੀਕ ਸਿੰਘ ਲੰਬੜਦਾਰ, ਨਰਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

28 July Page 12.qxd 7/27/2025 11:00 PM Page 1



# ਕਤਲ ਕਾਂਡ 'ਚ ਭਗੌੜਾ ਵਿਅਕਤੀ ਕਾਬੂ



**ਫਿਲੌਰ (ਨਿਰਮਲ)**- ਥਾਣਾ ਫਿਲੌਰ ਤੇ ਐਸ ਐਚ ਓ ਭੂਸ਼ਨ ਕੁਮਾਰ ਨੇ ਪ੍ਰੈਸ ਨੂੰ ਦੱਸਿਆ ਕਿ ਸਾਲ 2019 'ਚ ਮੁਕੱਦਮਾ ਨੰਬਰ 380 ਦਰਜ ਹੋਇਆ ਸੀ। ਜਿਸ ਵਿੱਚ ਫਿਲੌਰ ਦੇ ਇੱਕ ਚਿੰਟੂ ਨਾਂਅ ਦੇ ਵਿਅਕਤੀ ਦਾ ਕਤਲ ਹੋਇਆ ਸੀ। ਇਹ ਵਿਅਕਤੀ ਉਸ ਕੇਸ ਵਿੱਚ ਲੋੜੀਂਦਾ ਸੀ। ਇਹ ਚਿੰਟੂ ਦਾ ਕਤਲ ਕਰ ਕੇ ਦੁਬਈ ਭੱਜ ਗਿਆ ਸੀ। ਇਹਦੇ ਦੱਸਣ ਮੁਤਾਬਿਕ ਇਸ ਤੋਂ ਦੁਬਈ ਵਿੱਚ ਕੋਈ ਐਕਸੀਡੈਂਟ ਹੋ ਗਿਆ ਸੀ ਤੇ ਉੱਥੇ ਸਜ਼ਾ ਕੱਟਣ ਤੋਂ ਬਾਅਦ ਇਸ ਨੂੰ ਇੰਡੀਆ ਡਿਪੋਟ ਕਰ ਦਿੱਤਾ। ਇੱਥੇ ਆਉਂਦਿਆਂ ਹੀ ਇਸ ਨੂੰ ਪੁਲਸ ਨੇ ਕਾਬੂ ਕਰ ਲਿਆ। ਇਸ ਦੀ ਪਹਿਚਾਣ ਇਕਬਾਲ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਖਾਨਪੁਰ ਢੰਡੇ ਵਜੋਂ ਹੋਈ ਹੈ। ਇਹ ਵਿਅਕਤੀ ਉੱਥੋਂ ਦਾ ਰਹਿਣ ਵਾਲਾ ਹੈ ਇਸ ਦੇ ਸਾਥੀ ਪਹਿਲਾਂ ਗ੍ਰਿਫਤਾਰ ਹੋ ਚੁੱਕੇ ਹਨ। ਇਸ ਕੇਸ ਵਿੱਚ ਇੱਕ ਹੋਰ ਬੰਦੇ ਦੀ ਗ੍ਰਿਫ਼ਤਾਰੀ ਹੋਣੀ ਅਜੇ ਬਾਕੀ ਹੈ।

# ਰੋਟਰੀ ਕਲੱਬ ਜਲੰਧਰ ਸੈਂਟਰਲ ਦੇ ਨਵੇਂ ਪ੍ਰਧਾਨ ਰੋਟੇਰੀਅਨ ਕੁਲਵੰਤ ਸਿੰਘ ਅਰੋੜਾ ਨੇ ਸੰਭਾਲੀ ਕਮਾਨ

**ਜਲੰਧਰ (ਰਾਜੇਸ਼ ਥਾਪਾ)**- ਰੋਟਰੀ ਕਲੱਬ ਜਲੰਧਰ ਸੈਂਟਰਲ ਦੇ ਨਵੇਂ ਪ੍ਰਧਾਨ ਰੋਟੇਰੀਅਨ ਕੁਲਵੰਤ ਸਿੰਘ ਅਰੋੜਾ ਨੇ ਰੋਟਰੀ ਸਾਲ 2025-26 ਲਈ ਆਪਣਾ ਚਾਰਜ ਸੰਭਾਲਿਆ। ਉਨ੍ਹਾਂ ਨੂੰ ਰੋਟਰੀ ਪ੍ਰਧਾਨ ਦੀ ਸਹੁੰ ਰੋਟਰੀ ਕਲੱਬ ਦੇ ਵਿਜੈ ਸਹਿਦੇਵ ਨੇ ਦਿਵਾਈ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਅਤੇ ਅਰਦਾਸ ਨਾਲ ਹੋਈ, ਜਿਸ ਵਿੱਚ ਆਉਣ ਵਾਲੇ ਰੋਟਰੀ ਸਾਲ ਦੀ ਸਫਲਤਾ ਲਈ ਅਰਦਾਸ ਕੀਤੀ ਗਈ। ਸਮਾਰੋਹ ਵਿੱਚ ਰੋਟਰੀ ਪ੍ਰੋਟੋਕਾਲ ਦਾ ਪੂਰਨ ਪਾਲਣ ਕੀਤਾ ਗਿਆ। ਪਿਛਲੇ ਸਾਲ ਦੇ ਪ੍ਰਧਾਨ ਰੋਟੇਰੀਅਨ ਗੁਰਮੀਤ ਸਿੰਘ ਬਸਰਾ ਨੇ ਨਵੇਂ ਪ੍ਰਧਾਨ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈਆਂ ਦਿੱਤੀਆਂ ਅਤੇ ਕਲੱਬ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਜ਼ਿਲ੍ਹਾ ਗਵਰਨਰ ਨਾਮਜ਼ਦ ਵਿਜੈ ਸਹਦੇਵ ਵੱਲੋਂ ਦੋ ਨਵੇਂ ਮੈਂਬਰਾਂ ਨੂੰ ਰੋਟਰੀ ਕਲੱਬ ਵਿੱਚ ਸ਼ਾਮਿਲ ਕੀਤਾ ਗਿਆ। ਇਹ ਸਹੁੰ ਚੁੱਕ ਸਮਾਰੋਹ ਜਲੰਧਰ ਦੇ ਇਕ ਹੋਟਲ ਵਿੱਚ ਆਯੋਜਿਤ ਕੀਤਾ ਗਿਆ। ਅਸਿਸਟੈਂਟ ਗਵਰਨਰ ਕਰਣ ਨਾਗੀ , ਜ਼ੋਨਲ ਚੇਅਰ ਰੋਟੇਰੀਅਨ ਰਣਦੀਪ ਸ਼ਰਮਾ ਅਤੇ ਸਾਬਕਾ ਜ਼ਿਲ੍ਹਾ ਗਵਰਨਰ ਨਾਮਜ਼ਦ ਰੋਟੇਰੀਅਨ ਪਰਵਿੰਦਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਲੱਬ ਨੂੰ ਵਧਾਈ ਦਿੰਦਿਆਂ ਸੇਵਾ ਦੇ ਕਾਰਜਾਂ ਨੂੰ ਹੋਰ ਅੱਗੇ ਵਧਾਉਣ ਦੀ ਪ੍ਰੇਰਣਾ ਦਿੱਤੀ। ਆਪਣੇ ਉਤਸ਼ਾਹਪੂਰਕ ਸੰਬੋਧਨ



ਵਿੱਚ ਜ਼ਿਲ੍ਹਾ ਗਵਰਨਰ ਨਾਮਜ਼ਦ ਵਿਜੈ ਸਹਦੇਵ ਨੇ ਕਿਹਾ ਕਿ ਰੋਟਰੀ ਸਿਰਫ ਇੱਕ ਸੰਗਠਨ ਨਹੀਂ, ਸਗੋਂ ਇੱਕ ਅੰਤਰਰਾਸ਼ਟਰੀ ਸੇਵਾ ਅੰਦੋਲਨ ਹੈ ਜੋ ਕਿ 'ਆਪਣੀ ਸੇਵਾ ਸਭ ਤੋਂ ਉੱਚੀ' , ਦੀ ਭਾਵਨਾ ਨੂੰ ਆਪਣੇ ਅੰਦਰ ਸਮੇਟੇ ਹੋਇਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੋਟਰੀ ਇੱਕ ਐਸਾ ਪਲੇਟਫਾਰਮ ਹੈ ਜਿੱਥੇ ਵਿਚਾਰ, ਸਭਿਆਚਾਰ ਅਤੇ ਦੇਸ਼ਾਂ ਦੀਆਂ ਸਰਹੱਦਾਂ ਪਿੱਛੇ ਰਹਿ ਜਾਂਦੀਆਂ ਹਨ ਅਤੇ ਸਿਰਫ 'ਮਨੁੱਖਤਾ ਦੀ ਸੇਵਾ' ਹੀ ਸਭ ਤੋਂ ਵੱਡੀ ਹੋ ਜਾਂਦੀ ਹੈ। ਕਲੱਬ ਦੇ ਸਕੱਤਰ ਰੋਟੇਰੀਅਨ ਦੀਪਕ ਸੂਰੀ ਨੇ ਦੱਸਿਆ ਕਿ ਇਸ ਸਾਲ ਕਲੱਬ ਦੀਆਂ ਮੁੱਖ ਤਰਜੀਹਾਂ ਹੋਣਗੀਆਂ ਸਿੱਖਿਆ, ਵਾਤਾਵਰਣ, ਮਾਤਾ ਤੇ ਬੱਚੇ ਦੀ ਦੇਖਭਾਲ, ਪਾਣੀ ਅਤੇ ਸਫਾਈ, ਅਤੇ ਲੋੜਵੰਦ ਲੋਕਾਂ ਦੀ ਮਦਦ। ਖਜ਼ਾਨਚੀ ਰੋਟੇਰੀਅਨ ਪੁਨੀਤ ਚੋਪੜਾ ਵਿੱਤੀ ਜ਼ਿੰਮੇਵਾਰੀਆਂ ਸੰਭਾਲਣਗੇ। ਮਾਸਟਰ ਆਫ ਸੈਰੇਮਨੀ ਰੋਟੇਰੀਅਨ ਤਨੂ ਗੋਇਲ ਨੇ ਸਾਰਾ ਪ੍ਰੋਗਰਾਮ ਸੁਚੱਜੇ ਤਰੀਕੇ ਨਾਲ ਚਲਾਇਆ। ਰੋਟੇਰੀਅਨ ਬਿੰਨੀ ਗੁਗਨਾਨੀ ਨੇ ਮੁੱਖ ਮਹਿਮਾਨ ਜ਼ਿਲ੍ਹਾ ਗਵਰਨਰ ਨਾਮਜ਼ਦ ਵਿਜੈ ਸਹਦੇਵ ਦੀ ਜਾਣ ਪਹਿਚਾਣ ਪੜ੍ਹ ਕੇ ਸੁਣਾਈ । ਰੋਟੇਰੀਅਨ ਮੀਨਲ ਬੁਧਿਰਾਜਾ ਨੇ ਸਭ ਆਏ ਮਹਿਮਾਨਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਸ਼ਾਨਦਾਰ ਸਮਾਰੋਹ ਵਿੱਚ ਹਾਜ਼ਰ ਹੋਣ ਵਾਲਿਆਂ ਵਿੱਚ ਡਾ. ਗੁਰਪ੍ਰੀਤ ਕੌਰ, ਲਖਵਿੰਦਰ ਕੌਰ ਬਸਰਾ, ਜਸਵਿੰਦਰ ਕੌਰ ਅਰੋੜਾ, ਗੁੰਜਨ ਮਿੱਤਲ, ਸਵਰੀਨਾ, ਗੌਰੀ ਚੋਪੜਾ, ਸੁਰਿੰਦਰ ਗੁਗਨਾਨੀ, ਮੀਨਾਕਸ਼ੀ ਦੁਰੇਜਾ, ਸੁਰਿੰਦਰ ਮਲਤਾਨੀ, ਰਾਜੀਵ ਮਿੱਤਲ, ਵਿਕਾਸ ਗ੍ਰੋਵਰ, ਈਸ਼ ਅਰੋੜਾ, ਅਮਿਤ ਦੁਰੇਜਾ, ਰਾਜੇਸ਼ ਗੋਇਲ , ਮੁਕੇਸ਼ ਗੋਇਲ, ਡਾ. ਐਚ.ਜੇ. ਸਿੰਘ ਅਤੇ ਮਨਿੰਦਰ ਸਿੰਘ ਸ਼ਾਮਲ ਸਨ।

# ਹੁਣ ਨਹੀਂ ਕੋਈ ਵਰਤ ਸਕੇਗਾ ਜਥੇਬੰਦੀ ਬੇਗਮਪੁਰਾ ਟਾਈਗਰ ਫੋਰਸ ਦਾ ਨਜਾਇਜ਼ ਨਾਂਅ : ਬੀਰਪਾਲ, ਹੈਪੀ ਫਤਿਹਗੜ੍ਹ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਤਿਗੁਰੂ ਰਵਿਦਾਸ ਮਹਾਰਾਜ ਦੀ ਪਾਵਨ ਸਰਪ੍ਰਸਤੀ ਹੇਠ ਸਮਾਜ ਭਲਾਈ ਲਈ ਕਾਰਜਸ਼ੀਲ ਸਮਾਜਿਕ ਜਥੇਬੰਦੀ ਬੇਗਮਪੁਰਾ ਟਾਈਗਰ ਫੋਰਸ ਨੂੰ ਵੱਡੀ ਪ੍ਰਾਪਤੀ ਹਾਸਲ ਹੋਈ ਜਦੋਂ ਇਹ ਨਾਂਅ ਟਰੇਡ ਮਾਰਕ ਰਜਿਸਟਰੀ ਗਵਰਨਮੈਂਟ ਆਫ ਇੰਡੀਆ ਕੋਲ ਪੇਟੈਂਟ ਹੋ ਗਿਆ । ਹੁਣ ਇਹ ਨਾਂਅ ਪੇਟੈਂਟ ਹੋਣ ਮਗਰੋਂ ਕੋਈ ਵੀ ਬੇਗਮਪੁਰਾ ਟਾਈਗਰ ਫੋਰਸ ਦੇ ਇਸ ਨਾਂਅ ਨੂੰ ਨਾਜਾਇਜ਼ ਤੌਰ 'ਤੇ ਵਰਤ ਨਹੀਂ ਸਕੇਗਾ । ਇਹ ਜਾਣਕਾਰੀ ਦਿੰਦਿਆਂ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਦੱਸਿਆ ਕਿ ਗੌਰਮਿੰਟ ਆਫ ਇੰਡੀਆ ਦੀ ਟਰੇਡ ਮਾਰਕ ਐਕਟ 1999 ਅਧੀਨ ਬੇਗਮਪੁਰਾ ਟਾਈਗਰ ਫੋਰਸ ਨਾਮ ਪੇਟੈਂਟ ਹੋਇਆ ਹੈ ਜਿਸ ਦਾ ਨਾਂਅ ਕਿਸੇ ਦੂਜੀ ਧਿਰ ਵੱਲੋਂ ਕਿਸੇ ਵੀ ਸੂਰਤ ਵਿੱਚ ਵਰਤਿਆ ਨਹੀਂ ਜਾ ਸਕਦਾ। ਜੇਕਰ ਕੋਈ ਵੀ ਇਸ ਨਾਮ ਨੂੰ ਵਰਤਣ ਦੀ ਕੋਸ਼ਿਸ਼ ਕਰੇਗਾ ਤਾਂ ਇਹ ਗੈਰਕਾਨੂੰਨੀ ਹਰਕਤ ਹੋਵੇਗੀ ਜੋ ਕਿ ਸਜ਼ਾ ਯੋਗ ਜੁਰਮ ਦੀ ਕੈਟਾਗਰੀ ਅਧੀਨ ਆਉਂਦਾ ਹੈ, ਅਜਿਹੀ ਹਰਕਤ ਕਰਨ ਵਾਲੇ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਅਗਾਊਂ ਚੇਤਾਵਨੀ ਦਿਤੀ ਜਾਂਦੀ ਹੈ ਕਿ ਇਹ ਨਾਂਅ ਨਜਾਇਜ਼ ਢੰਗ ਨਾਲ ਵਰਤਣ ਵਾਲੇ ਸਾਵਧਾਨ ਹੋ ਜਾਣ । ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਟੀ ਹਰਿਆਣਾ, ਸਤੀਸ਼ ਕੁਮਾਰ, ਬੱਬੂ ਹਰਿਆਣਾ, ਨਵਜੋਤ, ਦੀਪ ਹਰਿਆਣਾ, ਸਾਬੀ ਸੁੰਦਰ ਨਗਰ, ਮਨੀ ਸੁੰਦਰ ਨਗਰ, ਰਵੀ ਸੁੰਦਰ ਨਗਰ, ਵਿਪਨ ਕੁਮਾਰ ਬੱਸੀ ਕਲਾਂ, ਹੈਪੀ ਬਿਹਾਲਾ ਲਖਵਿੰਦਰ ਬਿਹਾਲਾ, ਵਿਪਨ ਕੁਮਾਰ ਬਿਹਾਲਾ, ਜੱਸੀ ਚੱਬੇਵਾਲ, ਕਮਲਜੀਤ ਡਾਡ, ਵਿਸ਼ਾਲ, ਨੋਨੀ, ਢਿੱਲੋਂ, ਮਨਿੰਦਰ ਬਸੀ ਕਿੱਕਰਾਂ, ਚਰਨਜੀਤ ਡਾਡਾ ਆਦਿ ਹਾਜ਼ਰ ਸਨ।

**ਜਨਮ ਦਿਨ ਮੁਬਾਰਕ**



ਸੀਰਤ ਕੌਰ
ਵਾਸੀ : ਬੰਗਾ

# ਲਾਇਨ ਭਾਟੀਆ ਨੇ ਜਨਮ ਦਿਨ ਬੱਚਿਆਂ ਨੂੰ ਬੂਟ, ਜੁਰਾਬਾਂ ਵੰਡ ਤੇ ਬੂਟੇ ਲਗਾ ਕੇ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਲਾਇਨਜ਼ ਕਲੱਬ ਹੁਸ਼ਿਆਰਪੁਰ ਪਰਲ ਵੱਲੋਂ ਰੀਜਨ ਚੇਅਰਮੈਨ ਲਾਇਨ ਹਰਜੀਤ ਸਿੰਘ ਭਾਟੀਆ ਨੇ ਆਪਣਾ ਜਨਮ ਦਿਨ ਸਰਕਾਰੀ ਹਾਈ ਸਕੂਲ ਭਾਗੋਵਾਲ ਵਿਖੇ ਮਨਾਇਆ। ਇਸ ਮੌਕੇ ਉਨ੍ਹਾਂ 30 ਬੱਚਿਆਂ ਨੂੰ ਬੂਟ ਜੁਰਾਬਾਂ ਵੰਡੀਆਂ ਅਤੇ ਸਕੂਲ ਪਰਿਸਰ ਵਿੱਚ 20 ਪੌਦੇ ਲਗਾ ਕੇ ਜਨਮ ਦਿਨ ਮਨਾਇਆ। ਇਸ ਮੌਕੇ ਕਲੱਬ ਪ੍ਰਧਾਨ ਲਾਇਨ



ਵਿਜੇ ਅਰੋੜਾ ਅਤੇ ਪ੍ਰਮੁੱਖ ਸਮਾਜ ਸੇਵੀ ਲਾਇਨ ਸੰਜੀਵ ਅਰੋੜਾ ਨੇ ਲਾਇਨ ਹਰਜੀਤ ਸਿੰਘ ਭਾਟੀਆ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਖੁਸ਼ੀ ਨੂੰ ਜ਼ਰੂਰਤਮੰਦਾਂ ਦੀ ਸੇਵਾ ਕਰਕੇ ਅਤੇ ਪੌਦੇ ਲਗਾ ਕੇ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਫ਼ ਤੇ ਸੁਰੱਖਿਅਤ ਵਾਤਾਵਰਣ ਹੀ ਸਿਹਤਮੰਦ ਜੀਵਨ ਦੀ ਗਾਰੰਟੀ ਹੈ ਅਤੇ ਇਹ ਸਾਡਾ ਸਾਂਝਾ ਫਰਜ਼ ਹੈ।ਲਾਇਨ ਹਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਲਾਇਨਜ਼ ਕਲੱਬ ਪਿਛਲੇ ਸਮੇਂ ਤੋਂ ਹੀ ਜ਼ਰੂਰਤਮੰਦ ਬੱਚਿਆਂ ਦੀ ਸਹਾਇਤਾ ਕਰਦਾ ਆ ਰਿਹਾ ਹੈ ਅਤੇ ਇਹ ਮਦਦ ਅੱਗੇ ਵੀ ਜਾਰੀ ਰਹੇਗੀ, ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਕਲੱਬ ਅਤੇ ਉਹ ਖੁਦ ਵਿਭਾਗ ਨਾਲ ਮਿਲ ਕੇ ਪੂਰਾ ਸਹਿਯੋਗ ਦੇਣਗੇ। ਸਕੂਲ ਦੀ ਮੁੱਖ ਅਧਿਆਪਕਾ ਰਾਜੇਸ਼ ਕੁਮਾਰੀ ਨੇ ਆਏ ਹੋਏ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਾਇਨਜ਼ ਕਲੱਬ ਪਰਲ ਅਗਲੇ ਸਮੇਂ ਵਿੱਚ ਵੀ ਕਲੱਬ ਵੱਲੋਂ ਜ਼ਰੂਰਤਮੰਦ ਬੱਚਿਆਂ ਲਈ ਮਦਦ ਜਾਰੀ ਰਹੇਗੀ।ਇਸ ਮੌਕੇ ਉਮੇਸ਼ ਰਾਣਾ, ਕੁਮਾਰ ਗੌਰਵ, ਅਸ਼ਵਨੀ ਕੁਮਾਰ ਦੱਤਾ, ਗੌਰਵ ਖੱਤੜ, ਪੰਕਜ ਕੁਮਾਰ, ਸੁਖਵੰਤ ਸਿੰਘ, ਸੁਖਵਿੰਦਰ ਸਿੰਘ ਅਤੇ ਸਕੂਲ ਵੱਲੋਂ ਅਸ਼ੋਕ ਕੁਮਾਰ, ਰੁਪਿੰਦਰ ਸੈਣੀ, ਗਗਨਦੀਪ ਸਿੰਘ, ਜਗਦੀਸ਼ ਚੰਦ, ਅਨੂ ਗੁਪਤਾ, ਬਬੀਤਾ ਰਾਣੀ, ਜਸਪਾਲ ਸਿੰਘ ਆਦਿ ਹਾਜ਼ਰ ਸਨ।

# ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਤੇ ਸਮੂਹ ਇਲਾਕਾ ਨਿਵਾਸੀਆਂ ਨੇ ਕੀਤਾ ਫਗਵਾੜਾ-ਹੁਸ਼ਿਆਰਪੁਰ ਰੋਡ ਜਾਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਸੱਦੇ 'ਤੇ ਗੜ੍ਹਸ਼ੰਕਰ- ਕੋਟ ਫਤੂਹੀ-ਮੇਹਟੀਆਣਾ ਬਿਸਤ ਦੁਆਬ ਨਹਿਰ ਦੇ ਨਾਲ ਲੱਗਦੇ ਪਿੰਡਾਂ ਦੀਆਂ ਪੰਚਾਇਤਾਂ, ਇਲਾਕਾ ਨਿਵਾਸੀਆਂ, ਕਿਸਾਨ ਜਥੇਬੰਦੀਆਂ ਅਤੇ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਜਦੋਂ ਉਹਨਾਂ ਦੀ ਗੱਲ ਅਧਿਕਾਰੀਆਂ ਅਤੇ ਸਰਕਾਰ ਵੱਲੋਂ ਅਣਸੁਣੀ ਕਰ ਦਿੱਤੀ ਗਈ ਤਾਂ ਮਜਬੂਰ ਹੋ ਕੇ ਧਰਨਾਕਾਰੀਆਂ ਨੇ ਫਗਵਾੜਾ-ਹੁਸ਼ਿਆਰਪੁਰ ਰੋਡ ਜਾਮ ਕਰ ਦਿੱਤਾ । ਪਰ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਵੀ ਅਧਿਕਾਰੀ ਨਹੀਂ ਭੇਜਿਆ ਗਿਆ । ਪਰ ਮੌਕੇ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖਦਿਆਂ ਡੀ ਐਸ ਪੀ ਚੱਬੇਵਾਲ ਪਲਵਿੰਦਰ ਸਿੰਘ ਨੇ ਮੰਗ ਪੱਤਰ ਲਿਆ । ਇਸ ਬਾਰੇ ਜਾਣਕਾਰੀ ਦਿੰਦਿਆਂ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ, ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਬਿਸਤ ਦੁਆਬ ਨਹਿਰ ਜਿਸ ਦੇ ਨਾਲ ਨਾਲ ਪ੍ਰਧਾਨ ਮੰਤਰੀ ਯੋਜਨਾ ਅਧੀਨ ਸੜਕ ਬਣਾਈ ਗਈ ਹੈ ਜਿਸ ਦੇ ਨਹਿਰ ਵਾਲੇ ਪਾਸੇ ਕੋਈ ਸੇਫਟੀ ਗਾਰਡ ਨਹੀਂ ਹੈ। ਨਾ ਕੋਈ ਬੰਨ੍ਹੀ ਬਣਾਈ ਗਈ ਹੈ ਜਦਕਿ ਸੜਕ ਦੇ ਦੋਵੇਂ ਪਾਸੇ ਚਾਰ-ਚਾਰ ਫੁੱਟ ਦੇ ਬਰਮ ਬਣਾਏ ਜਾਂਦੇ ਹਨ, ਉਹ ਵੀ ਨਹੀਂ ਬਣਾਏ ਗਏ। ਨਹਿਰ ਵਾਲੇ ਪਾਸੇ ਸੜਕ ਦੇ ਕਿਨਾਰੇ ਵੱਲ ਚਿੱਟੀ ਲਾਈਨ ਦੇ ਨਾਲ ਕੋਈ ਅੱਗੇ ਜਗ੍ਹਾ ਹੀ ਨਹੀਂ ।ਸੜਕ ਉੱਪਰ ਜੰਗਲਾਤ ਮਹਿਕਮੇ ਦੇ ਦਰੱਖਤਾਂ ਦੇ ਟਾਹਣੇ ਹੇਠਾਂ ਨੂੰ ਝੁਕੇ ਹੋਏ ਹਨ, ਜਿਸ ਤੋਂ ਬਚਦਿਆਂ ਅੱਗੋਂ ਆਉਂਦੇ ਵਹੀਕਲ ਹਾਦਸਾਗ੍ਰਸਤ ਹੋ ਕੇ ਨਹਿਰ ਵਿੱਚ ਡਿੱਗ ਜਾਂਦੇ ਹਨ। ਤੀਸਰਾ ਇਸ ਛੋਟੇ ਰੋਡ 'ਤੇ ਵੱਡੇ ਵੱਡੇ ਟਿੱਪਰ ਨਜਾਇਜ਼ ਮਾਈਨਿੰਗ ਵਾਲੇ ਉਹ ਵੀ ਇਧਰੋਂ ਚੱਲਣ ਲੱਗ ਪਏ ਹਨ। ਭਾਰੀ ਵਾਹਨ ਅਤੇ ਟਰਾਲੇ ਜੋ ਕਿ ਦੋ ਨੰਬਰ ਦੇ ਵਿੱਚ ਮਾਈਨਿੰਗ ਕਰਦੇ ਹਨ, ਬਹਿਰਾਮ ਟੋਲ ਪਲਾਜ਼ਾ ਤੋਂ ਬਚਣ ਅਤੇ ਬਚਾਉਣ ਦੀ ਖਾਤਰ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਦੇ ਨਾਲ ਗੜ੍ਹਸ਼ੰਕਰ ਤੋਂ ਮੇਹਟੀਆਣਾ ਨਹਿਰ ਵਾਲੀ ਸੜਕ ਦੇ ਉੱਪਰ ਦੀ ਚਲਦੇ ਹਨ, ਜਿਸ ਦੇ ਨਾਲ ਛੋਟੇ ਵਹੀਕਲ ਸਕੂਟਰ, ਕਾਰ, ਮੋਟਰਸਾਈਕਲ ਆਦਿ ਹਾਦਸਾਗ੍ਰਸਤ ਹੁੰਦੇ ਹਨ ।ਇਸ ਰੋਡ ਉੱਪਰ ਸਕੂਲ ਕਾਲਜਾਂ ਦੇ ਬੱਚਿਆਂ ਵਾਲੀਆਂ ਬੱਸਾਂ ਵੀ ਸਵੇਰੇ ਸ਼ਾਮ ਬਹੁਤ ਚੱਲਦੀਆਂ ਹਨ । ਲਗਭਗ ਇਕ ਸਾਲ ਜਿਸ ਦਿਨ ਤੋਂ ਇਹ ਸੜਕ ਬਣੀ ਹੈ, ਅਨੇਕਾਂ ਵਹੀਕਲ ਹਾਦਸੇ ਦਾ ਸ਼ਿਕਾਰ ਹੋ ਕੇ ਨਹਿਰ ਵਿੱਚ ਡਿੱਗ ਚੁੱਕੇ ਹਨ। ਕਈ



ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ। ਇਸ ਸਬੰਧ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਧਿਕਾਰੀਆਂ, ਐਮ ਐਲ ਏ ਨੂੰ ਮੰਗ ਪੱਤਰ ਦਿੱਤੇ ਹਨ ਪਰ ਕੋਈ ਮਸਲਾ ਹੱਲ ਕਰਨ ਨੂੰ ਤਿਆਰ ਨਹੀਂ । ਇਸ ਲਈ ਮਜਬੂਰ ਹੋ ਕੇ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਰੋਡ ਹੀ ਬੰਦ ਕਰਨ ਦਾ ਸਹਾਰਾ ਲੈਣਾ ਪਿਆ ਅਤੇ ਨਾਲ ਹੀ ਸਮੂਹ ਕਿਸਾਨ ਵੀਰਾਂ ਦੀ ਸ਼ਰੇਆਮ ਹੋ ਰਹੀ ਲੁੱਟ ਜਿਸ ਨੂੰ ਸਰਕਾਰ ਅਤੇ ਪ੍ਰਸ਼ਾਸਨ ਅੱਖਾਂ ਬੰਦ ਕਰਕੇ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ, ਅੱਜ ਡਾਇਆ ਅਤੇ ਯੂਰੀਏ ਦੀ ਇੰਨੀ ਘਾਟ ਹੈ ਕਿ ਕਿਸਾਨਾਂ ਨੂੰ ਇੱਕ ਬੋਰੇ ਦੇ ਨਾਲ ਅਨੇਕਾਂ ਹੋਰ ਚੀਜ਼ਾਂ ਜਿਹੜੀਆਂ ਮੁਹਈਆ ਕਰਾਈਆਂ ਜਾ ਰਹੀਆਂ ਹਨ, ਜਿਸ ਨੂੰ ਕਿ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵੱਲੋਂ ਬਿਲਕੁਲ ਨਮੂਨੇ ਫੇਲ੍ਹ ਕੀਤੇ ਗਏ ਹਨ ਪਰ ਫਿਰ ਵੀ ਜ਼ਿਮੀਦਾਰਾਂ ਦੀ ਇਹ ਲੁੱਟ ਸਰਕਾਰ ਅਤੇ ਪ੍ਰਸ਼ਾਸਨ ਦੇ ਸਾਹਮਣੇ ਹੋ ਰਹੀ ਹੈ। ਕਿਰਪਾ ਕਰਕੇ ਜ਼ਿਮੀਦਾਰਾਂ ਨੂੰ ਖਾਦ ਅਤੇ ਦਵਾਈਆਂ ਉਹਨਾਂ ਦੀ ਲੋੜ ਅਨੁਸਾਰ ਮੁਹਈਆ ਕਰਾਈਆਂ ਜਾਣ ਨਾ ਕਿ ਧੱਕੇ ਦੇ ਨਾਲ ਹੋਰ ਵਸਤੂਆਂ ਦਿੱਤੀਆਂ ਜਾਣ। ਅੱਜ ਦੇ ਇਸ ਰੋਸ ਧਰਨੇ ਵਿੱਚ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਤੋਂ ਇਲਾਵਾ ਕੰਢੀ ਕਿਰਸਾਨ ਯੂਨੀਅਨ ਜਮਹੂਰੀ ਕਿਸਾਨ ਸਭਾ ਪੰਜਾਬ ਵਿਸ਼ਵ ਦੁਆਬਾ ਰਾਜਪੂਤ ਸਭਾ ਪੰਜਾਬ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਬਜਵਾੜਾ ਨੇ ਆਪਣੀਆਂ ਫ਼ੌਜਾਂ ਸਮੇਤ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ, ਮਨਜੀਤ ਸਿੰਘ ਰਾਏ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਦੁਆਬਾ, ਅਵਤਾਰ ਸਿੰਘ ਡਾਂਡੀਆਂ, ਐਡਵੋਕੇਟ ਰਣਜੀਤ ਕੁਮਾਰ, ਗੁਰਵਿੰਦਰ ਸਿੰਘ ਗੋਲਡੀ, ਸੋਢੀ ਰਾਮ ਬਡਿਆਲ, ਸੁਰਜਿੰਦਰ ਸਿੰਘ ਕਿੰਗ ਦਿਹਾਣਾ, ਜਸਬੀਰ ਸਿੰਘ ਮਿਨਹਾਸ, ਸੁਰਜੀਤ ਸਿੰਘ ਮਸੂਤਾ, ਸਤਨਾਮ ਸਿੰਘ ਸੱਤਾ, ਬਲਵੀਰ ਸਿੰਘ ਤੰਬੜ, ਨੰਬਰਦਾਰ ਸਤਨਾਮ ਸਿੰਘ ਪਜੌੜ, ਗੁਰਦਿਆਲ ਸਿੰਘ ਜਲਵੇਹੜਾ ਸਤਨਾਮ ਸਿੰਘ ਸ਼ਿੰਦੂ, ਜਸਵਿੰਦਰ ਸਿੰਘ ਸੰਘਾ, ਮਾਸਟਰ ਮਲਕੀਤ ਸਿੰਘ, ਮਹਿੰਦਰ ਸਿੰਘ ਸਾਬਕਾ ਸਰਪੰਚ ਮੁਖਲਿਆਣਾ, ਜਸਵੰਤ ਸਿੰਘ ਮੁਖਲਿਆਣਾ, ਮੰਗਲ ਸਿੰਘ ਜਲਵੇਹੜਾ, ਜਸਵੀਰ ਸਿੰਘ ਭਾਮ, ਬਲਵਿੰਦਰ ਸਿੰਘ ਭਾਮ, ਬਲਵਿੰਦਰ ਸਿੰਘ ਕਾਲਰਾ, ਸਤਬੀਰ ਸਿੰਘ ਪਰਮਾਰ, ਬਲਵਿੰਦਰ ਸਿੰਘ ਗਿੱਲ ਬਘਾਣਾ, ਸਾਬਕਾ ਸਰਪੰਚ ਸੁਖਚੈਨ ਸਿੰਘ ਬਘਾਣਾ, ਬਲਵਿੰਦਰ ਸਿੰਘ ਸਰਪੰਚ ਬਘਾਣਾ, ਮਹਿੰਦਰ ਸਿੰਘ ਰੱਬ ਪਾਂਸ਼ਟਾ, ਰਤਨ ਸਿੰਘ ਫੁਗਲਾਣਾ, ਹਰਮਨਜੋਤ ਸਿੰਘ ਪਰਮਾਰ, ਸੁਖਬੀਰ ਸਿੰਘ ਪਰਮਾਰ, ਹਰਜੀਤ ਸਿੰਘ ਭੱਟੀ ਸਰਪੰਚ ਘੜਿਆਲ, ਲੰਬੜਦਾਰ ਭਪਿੰਦਰ ਸਿੰਘ ਹੇੜੀਆਂ, ਸਤਪਾਲ ਸਿੰਘ ਮੋਨਾ ਕਲਾਂ, ਲਖਵੀਰ ਸਿੰਘ ਪੱਟੀ, ਮਹਿੰਦਰ ਪਾਲ ਸਾਬਕਾ ਸਰਪੰਚ ਖਨੌੜਾ, ਕਰਨਜੀਤ ਸਿੰਘ, ਮੋਨਾਂ ਕਲਾਂ, ਨੰਬਰਦਾਰ ਅਵਤਾਰ ਸਿੰਘ, ਰੇਸ਼ਮ ਸਿੰਘ, ਆਦਿ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਵੱਖ ਵੱਖ ਸਕੂਲਾਂ ਦਾ ਅਚਨਚੇਤ ਨਿਰੀਖਣ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐਲੀ.ਸਿ) ਅਨੀਤਾ ਸ਼ਰਮਾ ਵਲੋਂ ਵੱਖ ਵੱਖ ਸਕੂਲਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ।ਉਹਨਾਂ ਸਰਕਾਰੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਮਾਹਿਲ ਗਹਿਲਾਂ,ਸ ਰਕਾਰੀ ਪ੍ਰਾਇਮਰੀ



ਸਕੂਲ ਗੋਸਲਾਂ, ਸਰਕਾਰੀ ਮਿਡਲ ਸਕੂਲ ਭੰਗਲ ਖੁਰਦ ਅਤੇ ਐਸ.ਓ.ਸੀ ਨਵਾਂਸ਼ਹਿਰ ਦਾ ਅਚਨਚੇਤ ਨਿਰੀਖਣ ਕੀਤਾ।ਇਸ ਮੌਕੇ ਉਹਨਾਂ ਸਿੱਖਿਆ ਵਿਭਾਗ ਦੇ ਵੱਖ ਵੱਖ ਪ੍ਰਜੈਕਟਾਂ ਦੀ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ। ਚੈਕਿੰਗ ਦੌਰਾਨ ਉਹਨਾਂ ਬੱਚਿਆਂ ਦੀ ਰੈਡਂਮ ਟੈਸਟਿੰਗ ਕੀਤੀ ਅਤੇ ਸਕੂਲ ਵਿੱਚ ਪ੍ਰਾਜੈਕਟ ਦੇ ਕੰਮ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐਲੀ.ਸਿ) ਅਨੀਤਾ ਸ਼ਰਮਾ ਵਲੋਂ ਸਕੂਲ ਮੁੱਖੀਆ ਨੂੰ ਗ੍ਰਾਂਟਾਂ ਅਤੇ ਵੱਖ ਵੱਖ ਫੰਡਾਂ ਦੇ ਸਟਾਕ ਰਜਿਸਟਰ ਲਗਾਉਣ ਦੀ ਹਦਾਇਤ ਕੀਤੀ, ਸਕੂਲ ਮੁਖੀਆਂ ਨੂੰ ਸਕੂਲ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਲਈ ਅਤੇ ਲਾਇਬਰੇਰੀ ਦੀਆਂ ਕਿਤਾਬਾਂ ਲਗਾਤਾਰ ਬੱਚਿਆਂ ਨੂੰ ਜਾਰੀ ਕਰਨ ਲਈ ਕਿਹਾ ਤਾਂ ਜੋ ਬੱਚਿਆਂ ਵਿੱਚ ਪੜ੍ਹਨ ਦੀ ਆਦਤ ਪੈਦਾ ਕੀਤੀ ਜਾ ਸਕੇ। ਉਹਨਾਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਸਕੂਲ ਦੀ ਵਧੀਆ ਦਿੱਖ ਬਣਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਲਈ ਕਿਹਾ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਵਲੋਂ ਮਿਡ ਡੇ ਮੀਲ ਦੀ ਚੈਕਿੰਗ ਕੀਤੀ ਅਤੇ ਸਕੂਲ ਦੀ ਸਫਾਈ ਵੱਲ ਵਿਸ਼ੇਸ ਧਿਆਨ ਦੇਣ ਲਈ ਕਿਹਾ।ਇਸ ਮੌਕੇ ਉਹਨਾਂ ਬੱਚਿਆ ਨੂੰ ਵੀ ਸੰਬੋਧਨ ਕੀਤਾ। ਇਸ ਮੌਕੇ ਉਹਨਾਂ ਨਾਲ ਵਰਿੰਦਰ ਕੁਮਾਰ ਡਾਈਟ ਪ੍ਰਿੰਸੀਪਲ, ਦਵਿੰਦਰ ਕੌਰ ਜ਼ਿਲ੍ਹਾ ਖੇਡ ਕੋਆਰਡੀਨੇਟਰ, ਸਤਨਾਮ ਸਿੰਘ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਬਲਦੀਸ਼ ਕੁਮਾਰ ਜ਼ਿਲ੍ਹਾ ਗਾਈਡੈਂਸ ਕੋਆਰਡੀਨੇਟਰ ਵੀ ਸਨ।

# ਸਿੱਖਿਆ ਬੋਰਡ ਦੇ ਮਹਿਲਾ ਸਟਾਫ਼ ਨੇ ਮਨਾਇਆ ਤੀਆਂ ਦਾ ਤਿਓਹਾਰ

**ਐੱਸ.ਏ.ਐੱਸ.ਨਗਰ (ਗੁਰਜੀਤ ਬਿੱਲਾ)**- ਬੀਤੇ ਕੱਲ੍ਹ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਮੂਹ ਮਹਿਲਾ ਕਰਮਚਾਰਨਾਂ ਅਤੇ ਅਧਿਕਾਰਨਾਂ ਵੱਲੋਂ ਬੜੇ ਹੀ ਮਨਮੋਹਕ ਅੰਦਾਜ਼ ਵਿੱਚ ਤੀਆਂ ਦਾ ਤਿਓਹਾਰ ਮਨਾਇਆ ਗਿਆ। ਇਸ ਮੌਕੇ ਸਾਬਕਾ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਦੇ ਪਹਿਲੇ ਮਹਿਲਾ



ਡਾਇਰੈਕਟਰ, ਸੰਗੀਤਾ ਤੂਰ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਰਮਿੰਦਰ ਕੌਰ ਵੱਲੋਂ ਤੀਆਂ ਦਾ ਜੋ ਪ੍ਰੋਗਰਾਮ ਤਿਆਰ ਕਰਵਾਇਆ ਗਿਆ ਹੈ, ਬਹੁਤ ਹੀ ਸਲਾਹੁਣਯੋਗ ਹੈ। ਉਨ੍ਹਾਂ ਨੇ ਪੰਜਾਬੀ ਵਿਸ਼ਾ ਮਾਹਿਰ ਪਰਮਿੰਦਰ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਦਫਤਰੀ ਕੰਮ ਦੇ ਰੁਝੇਵੇਂ ਹੁੰਦੇ ਹੋਏ ਵੀ ਅਜਿਹੇ ਪ੍ਰੋਗਰਾਮ ਕਰਨਾ, ਆਪਣੇ ਸਮਾਜ ਅਤੇ ਆਪਣੀਆਂ ਪੁਰਾਣੀਆਂ ਸਮਾਜਿਕ ਰੀਤਾਂ ਨੂੰ ਜੀਵਤ ਰੱਖਣ ਦਾ ਬਹੁਤ ਹੀ ਵਧੀਆ ਉਪਰਾਲਾ ਹੈ।ਇਸ ਮੌਕੇ ਡਿਪਟੀ ਸਕੱਤਰ ਡਾ. ਗੁਰਮੀਤ ਕੌਰ ਨੇ ਵੀ ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ। ਡਿਪਟੀ ਡਾਇਰੈਕਟਰ ਨਵਨੀਤ ਕੌਰ ਨੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜੇ ਰਹਿਣ ਦਾ ਵਧੀਆ ਉਪਰਾਲਾ ਦੱਸਿਆ। ਇਸ ਮੌਕੇ ਪੰਜਾਬੀ ਲੋਕ ਗੀਤ, ਪੰਜਾਬੀ ਸੋਲੋ ਡਾਂਸ, ਪੰਜਾਬਣਾਂ ਦੀ ਜਿੰਦ ਜਾਨ ਗਿੱਧਾ ਮੇਰੀ ਜਾਨ ਕੁੜੇ ਦੀ ਪੇਸ਼ਕਾਰੀ ਸਭਨਾਂ ਦੇ ਦਿਲਾਂ ਦੀ ਧੜਕਣ ਬਣ ਗਿਆ। ਤੀਆਂ ਦੇ ਤਿਓਹਾਰ ਮੌਕੇ ਵਿਆਹੀਆਂ ਹੋਈਆਂ ਕੁੜੀਆਂ ਨੂੰ ਪੇਕੇ ਘਰ ਵੱਲੋਂ ਦਿੱਤੇ ਜਾਣ ਵਾਲੇ ਸੰਧਾਰੇ ਦੀ ਪੇਸ਼ਕਾਰੀ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ। ਸਟੇਜ ਨੂੰ ਪੁਰਾਤਨ ਵਿਰਸੇ ਨਾਲ ਸਬੰਧਤ ਸਮਾਨ ਮਧਾਣੀਆਂ ਚਾਟੀਆਂ, ਚਰਖੇ, ਪੱਖੀਆਂ, ਚੱਕੀਆਂ ਅਤੇ ਫੁਲਕਾਰੀਆਂ ਨਾਲ ਸਜਾਇਆ ਗਿਆ। ਅੰਤ ਵਿੱਚ ਮੁੱਖ ਮਹਿਮਾਨ, ਸੰਗੀਤਾ ਤੂਰ ਨੇ ਕਿਹਾ ਕਿ ਸਾਨੂੰ ਹਰ ਸਾਲ ਅਜਿਹੇ ਪ੍ਰੋਗਰਾਮ ਕਰਾਉਣੇ ਚਾਹੀਦੇ ਹਨ, ਤਾਂ ਜੋ ਅੱਜ ਦੀ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਇਸੇ ਤਰ੍ਹਾਂ ਜੋੜੀ ਰੱਖੀਏ ਅਤੇ ਆਪਣੀ ਮਾਂ ਬੋਲੀ ਨੂੰ ਹਮੇਸ਼ਾ ਮਾਣ ਦੇ ਸਕੀਏ।

# ਮੁਫ਼ਤ ਮੈਡੀਕਲ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਖੇੜਾ ਗੁਰਦੁਆਰਾ ਸ਼੍ਰੀ ਰਵਿਦਾਸ ਜੀ ਮਹਾਰਾਜ ਜੀ ਦੇ ਅਸਥਾਨ ਤੇ ਕਮਲਦੀਪ ਸਾਹਨੀ ਨਿਊਜ਼ੀਲੈਂਡ ਦੇ ਜਨਮ ਦਿਨ ਮੌਕੇ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਾਲ ਮੈਡੀਕਲ ਕੈਂਪ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਵਿਸ਼ੇਸ਼ ਤੌਰ ਤੇ ਪੁੱਜ ਕੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਮੌਕੇ ਵਿਸ਼ਾਲ ਮੈਡੀਕਲ ਕੈਂਪ ਦੌਰਾਨ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਡਾਕਟਰ ਐਮ ਐਸ ਕੋਲ ਨੰਗਲ ਕਲਾਂ, ਵੰਸ਼ ਕੋਟ ਫਤੂਹੀ, ਡਾਕਟਰਾਂ ਦੀ ਟੀਮ ਨੇ 300 ਦੇ ਕੀਰਬ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰਾਂ ਦੀ ਟੀਮ ਨੇ ਯਾਦਗਾਰੀ ਚਿੰਨ੍ਹ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ਾਲ ਮੈਡੀਕਲ ਕੈਂਪ ਦੌਰਾਨ ਜਸਵੰਤ ਰਾਏ, ਆਸ਼ਾ ਰਾਣੀ, ਰਣਜੀਤ ਸਿੰਘ, ਸਰਪੰਚ ਰਾਜਵਿੰਦਰ ਕੌਰ ਖੇੜਾ, ਰਮਨ, ਰਵੀ, ਗੁਰਵੰਤ, ਹਰਜਿੰਦਰ ਕੌਰ ਪੰਚ, ਅਮਰਜੀਤ ਕੌਰ ਪੰਚ, ਹਨੀ ਸਾਹਨੀ, ਦਲਜੀਤ ਕੌਰ, ਮਨਪ੍ਰੀਤ ਸਾਹਨੀ ਆਦਿ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਦਾ ਵਿਸ਼ਾਲ ਮੈਡੀਕਲ ਕੈਂਪ ਲਗਾਉਣ ਤੇ ਧੰਨਵਾਦ ਕੀਤਾ ਗਿਆ।

# ਵਿਦੇਸ਼ ਭੇਜਣ ਦੇ ਨਾਂਅ 'ਤੇ 11.05 ਲੱਖ ਰੁ. ਦੀ ਠੱਗੀ ਮਾਰਨ ਵਾਲਿਆਂ ਖਿਲਾਫ ਮਾਮਲਾ ਦਰਜ

**ਨਵਾਂਸ਼ਹਿਰ (ਮਨੋਜ ਲਾਡੀ)**- ਥਾਣਾ ਸਿਟੀ ਨਵਾਂਸ਼ਹਿਰ ਨੇ ਇਕ ਲੜਕੀ ਨੂੰ ਕੈਨੇਡਾ ਭੇਜਣ ਦੇ ਨਾਂਅ ਤੇ 11.05 ਲੱਖ ਰੁਪਏ ਦੀ ਠੱਗੀ ਮਾਰਨ ਵਾਲਿਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਦਰਜ ਮਾਮਲੇ ਅਨੁਸਾਰ ਏ ਐੱਸ ਆਈ ਸੁਰਿੰਦਰ ਪਾਲ ਨੇ ਦੱਸਿਆ ਕਿ ਕਮਲਜੀਤ ਕੌਰ ਪੁੱਤਰੀ ਸੁਰਜੀਤ ਸਿੰਘ ਵਾਸੀ ਮੁਹੱਲਾ ਕਾਜੀਆਂ ਰਾਹੋਂ ਦੇ ਬਿਆਨਾਂ 'ਤੇ ਉਸ ਨੂੰ ਕੈਨੇਡਾ ਭੇਜਣ ਦੇ ਨਾਂਅ ਤੇ 11 ਲੱਖ 5 ਹਜ਼ਾਰ ਰੁਪਏ ਦੀ ਠੱਗੀ ਮਾਰਨ ਵਾਲਿਆਂ ਖਿਲਾਫ਼ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਏ ਐੱਸ ਆਈ ਸੁਰਿੰਦਰ ਪਾਲ ਨੇ ਦੱਸਿਆ ਕਿ ਪੁਲਿਸ ਨੇ ਕਥਿਤ ਮੁਲਜ਼ਮਾਂ ਰਾਕੇਸ਼ ਰਿੱਕੀ ਮਾਲਕ ਰੁਰਕਸ਼ ਗਰੁੱਪ ਓਵਰਸੀਜ਼, ਰਾਹੁਲ ਬਾਂਸਲ, ਟੈਲੀਕੋਲਰ, ਕੋਮਲ ਸੀਨੀਅਰ ਕੌਂਸਲਰ ਵਾਸੀ ਐੱਸ ਸੀ ਓ 15-16 ਟੌਪ ਫਲੋਰ ਫੇਸ 1 ਮੋਹਾਲੀ ਵੱਲੋਂ ਕਮਲਜੀਤ ਕੌਰ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਥਿਤ ਤੌਰ ਤੇ 11 ਲੱਖ 5 ਹਜ਼ਾਰ ਦੀ ਠੱਗੀ ਮਾਰੀ ਹੈ। ਪੁਲਸ ਨੇ ਕਥਿਤ ਮੁਲਜ਼ਮਾਂ ਦੇ ਖਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਾਲੀਬਾਲ ਅੰਡਰ 19 'ਚ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਜਿੱਤ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਜੋਨਲ ਟੂਰਨਾਮੈਂਟ (2025-2026) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਚਰੰਗੇ ਵਿੱਚ



ਕਰਵਾਏ ਗਏ ਵਾਲੀਬਾਲ ਅੰਡਰ 19 ਵਿੱਚ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਪਹਿਲਾ ਮੈਚ ਸਰਕਾਰੀ ਸ. ਸ. ਸਕੂਲ ਭਟਨੂਰਾ ਅਤੇ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਵਿਚਕਾਰ ਹੋਇਆ, ਜਿਸ ਵਿੱਚ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ 7-25 ਸਕੋਰ ਦੇ ਫਰਕ ਨਾਲ ਭਟਨੂਰਾ ਸਕੂਲ ਤੋਂ ਜਿੱਤਿਆ। ਦੂਸਰਾ ਫਾਈਨਲ ਮੈਚ ਸੇਂਟ ਸੋਲਜ਼ਰ ਡਿਵਾਈਨ ਸਕੂਲ ਭੋਗਪੁਰ ਅਤੇ ਗੁਰੂ ਨਾਨਕ ਮਿਸ਼ਨ ਸਕੂਲ ਡੱਲਾ ਵਿਚਕਾਰ ਹੋਇਆ। ਜਿਸ ਵਿੱਚ 19-25 ਸਕੋਰ ਦੇ ਫਰਕ ਨਾਲ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਜਿੱਤਿਆ। ਮੈਚ ਦੌਰਾਨ ਸਾਰੇ ਖਿਡਾਰੀਆਂ (ਕਰਨਵੀਰ ਸਿੰਘ, ਹਰਸ਼, ਹਰਜੋਸ਼ ਸਿੰਘ, ਹਰਜਸਪ੍ਰੀਤ ਸਿੰਘ, ਇੰਦਰਵੀਰ ਸਿੰਘ, ਜਸਕਰਨ ਸਿੰਘ, ਪੰਕਜ ਕੁਮਾਰ, ਸਰਬਜੋਤ ਸਿੰਘ, ਬਲਜੋਤ ਸਿੰਘ, ਗੁਰਨੂਰ ਲਾਖਾ, ਯੁਵਰਾਜ ਸਿੰਘ, ਸ਼ੁਸ਼ੀਲ ਵੱਲੋ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਦੀਆ ਹੌਸਲਾ ਅਫਜਾਈ ਕਰਦੇ ਹੋਏ ਪ੍ਰਿੰਸੀਪਲ ਸ਼੍ਰੀ ਅਮਰੀਕ ਸਿੰਘ ਨੇ ਇਸ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਅਜਿਹਾ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ।

# ਇਨਕਮ ਟੈਕਸ ਵਿਭਾਗ ਦੀ ਟੀਮ ਨੇ ਵਿਸ਼ੇਸ਼ ਕੈਂਪ ਲਗਾਇਆ



**ਲੋਹੀਆਂ ਖਾਸ (ਯੋਗੇਸ਼ਵਰ)**- ਪਾਰਕਲੈਂਡ ਪਲਾਜਾ 'ਚ ਇਨਕਮ ਟੈਕਸ ਵਿਭਾਗ ਨਕੋਦਰ ਦੀ ਟੀਮ ਵੱਲੋਂ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ 'ਚ ਜਿੱਥੇ ਵੱਡੀ ਗਿਣਤੀ 'ਚ ਵਪਾਰੀ, ਦੁਕਾਨਦਾਰ, ਚਾਰਟਰਡ ਅਕਾਊਂਟੈਂਟ ,ਵਕੀਲ ਤੇ ਆਮ ਲੋਕ ਪੁੱਜੇ ਜਿੱਥੇ ਉਨ੍ਹਾਂ ਨੂੰ ਇਨਕਮ ਟੈਕਸ ਸਬੰਧੀ ਜਾਣਕਾਰੀ ਦਿੱਤੀ ਗਈ । ਵਪਾਰ ਮੰਡਲ ਲੋਹੀਆਂ ਦੇ ਪ੍ਰਧਾਨ ਅਵਤਾਰ ਸਿੰਘ ਚੰਦੀ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਕੈਂਪ ਡਾ.ਜੀ ਐਸ ਫ਼ਾਨੀ ਕਿਸ਼ੋਰ ਚੀਫ ਕਮਿਸ਼ਨਰ ਇਨਕਮ ਟੈਕਸ ਦੀ ਦੇਖਰੇਖ ਹੇਠ ਅਤੇ ਜੇ.ਐਸ.ਮਿਨਹਾਸ ਕਮਿਸ਼ਨਰ ਇਨਕਮ ਟੈਕਸ ਅਤੇ ਧਰਮਿੰਦਰ ਸਿੰਘ ਪੂਨੀਆਂ ਅਡੀਸ਼ਨਲ ਕਮਿਸ਼ਨਰ ਇਨਕਮ ਟੈਕਸ ਦੀਆਂ ਹਦਾਇਤਾਂ ਤੇ ਲਗਾਇਆ ਗਿਆ ਸੀ, 'ਚ ਅਸ਼ਵਨੀ ਕੁਮਾਰ ਇਨਕਮ ਟੈਕਸ ਅਫਸਰ ਨਕੋਦਰ ਨੇ ਪੁੱਜ ਕੇ ਵਪਾਰ ਮੰਡਲ ਲੋਹੀਆਂ ਦੇ ਸਮੂਹ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਇਨਕਮ ਟੈਕਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਈ ਟੀ ਆਰ ਭਰਨ ਦੀ ਜਾਣਕਾਰੀ ਵੀ ਦਿੱਤੀ । ਜਦਕਿ ਇਨਕਮ ਟੈਕਸ ਰਿਟਰਨ ਭਰਨ ਦੀ ਮਿਤੀ ਦਾ ਵੀ ਅਸ਼ਵਨੀ ਕੁਮਾਰ ਇਨਕਮ ਟੈਕਸ ਅਫ਼ਸਰ ਨੇ ਦੱਸਿਆ ਕਿ 15 ਸਤੰਬਰ ਤੱਕ ਆਈ ਟੀ ਆਰ ਭਰੀ ਜਾ ਸਕਦੀ ਹੈ। ਜਦਕਿ ਵਪਾਰੀਆਂ ਵੱਲੋਂ ਇਨਕਮ ਟੈਕਸ ਸਬੰਧੀ ਪੁੱਛੇ ਗਏ ਸਵਾਲਾਂ ਦਾ ਵੀ ਵਿਭਾਗ ਵੱਲੋਂ ਵਿਸਥਾਰ ਨਾਲ ਜਵਾਬ ਦਿੱਤਾ ਗਿਆ। ਇਸ ਮੌਕੇ ਤੇ ਇਨਕਮ ਟੈਕਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਪਿਛਲੇ ਚਾਰਾਂ ਸਾਲਾਂ ਦੀਆਂ ਇਨਕਮ ਟੈਕਸ ਰਿਟਰਨਾਂ ਨੂੰ ਰਿਵਾਈਵ ਕਰ ਸਕਦੇ ਹਨ। ਇਸ ਮੌਕੇ ਤੇ ਰਾਜ ਕੁਮਾਰ ਖੇੜਾ ਪ੍ਰਧਾਨ, ਸਰਬਜੀਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਲੋਹੀਆਂ,ਜੋਗਾ ਸਿੰਘ ਡੋਲ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਲੋਹੀਆਂ, ਯਸ਼ਪਾਲ ਸਚਦੇਵਾ ਪ੍ਰਧਾਨ ਰੈਡੀਮੇਡ ਯੂਨੀਅਨ,ਅਮਨ ਜੱਸਲ ਕੌਂਸਲਰ, ਪ੍ਰੇਮ ਕੁਮਾਰ ਖੇੜਾ ਪ੍ਰਧਾਨ ਕਰਿਆਨਾ ਯੂਨੀਅਨ ਲੋਹੀਆਂ,ਕੀਮਤੀ ਲਾਲ,ਅਵਤਾਰ ਸਿੰਘ ਚੰਦੀ ਪ੍ਰਧਾਨ ਵਪਾਰ ਮੰਡਲ ਲੋਹੀਆਂ,ਅਮਰਜੀਤ ਸਿੰਘ ਆਹੂਜਾ,ਮਦਨ ਲਾਲ,ਰਿੰਕੂ ਕੰਡਾ,ਪ੍ਰਸ਼ੋਤਮ ਲਾਲ ਗੋਇਲ ਸਮੇਤ ਵੱਡੀ ਗਿਣਤੀ 'ਚ ਵਪਾਰੀ ਮੌਜੂਦ ਸਨ।

# 31 ਤੱਕ ਵਿਰਾਸਤ-ਏ-ਖਾਲਸਾ ਸੈਲਾਨੀਆਂ ਲਈ ਬੰਦ ਰਹੇਗਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਵਿਸ਼ਵ ਪ੍ਰਸਿੱਧ ਅਜਾਇਬ ਘਰਾਂ 'ਚ ਸ਼ੁਮਾਰ ਹੋ ਚੁੱਕੇ ਵਿਰਾਸਤ-ਏ-ਖਾਲਸਾ ਸ੍ਰੀ ਅਨੰਦਪੁਰ ਸਾਹਿਬ ਵਿੱਚ 31 ਜੁਲਾਈ ਤੱਕ ਛਮਾਹੀ ਰੱਖ-ਰਖਾਓ ਵਾਸਤੇ ਆਮ ਸੈਲਾਨੀਆਂ ਵਾਸਤੇ ਬੰਦ ਰੱਖਿਆ ਜਾਵੇਗਾ। ਇਸ ਲਈ ਇਸ ਅਜਾਇਬ ਘਰ ਨੂੰ ਵੇਖਣ ਆਉਣ ਵਾਲੇ ਸੈਲਾਨੀ 1 ਅਗਸਤ ਨੂੰ ਹੀ ਆਉਣ।ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਨੇ ਦੱਸਿਆ ਕਿ ਸਾਲ ਵਿੱਚ ਦੋ ਵਾਰ ਜਨਵਰੀ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਅਤੇ ਜੁਲਾਈ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਵਿਰਾਸਤ-ਏ-ਖਾਲਸਾ ਸ੍ਰੀ ਅਨੰਦਪੁਰ ਸਾਹਿਬ ਨੂੰ ਉਨ੍ਹਾਂ ਜ਼ਰੂਰੀ ਮੁਰੰਮਤਾਂ ਤੇ ਰੱਖ-ਰਖਾਓ ਦੇ ਲਈ ਬੰਦ ਰੱਖਿਆ ਜਾਂਦਾ ਹੈ ਜੋ ਕਿ ਆਮ ਦਿਨਾਂ ਦੇ ਵਿੱਚ ਨਹੀਂ ਹੋ ਸਕਦੀਆਂ। 1 ਅਗਸਤ ਤੋਂ ਇਹ ਅਜਾਇਬ ਘਰ ਆਮ ਦੀ ਤਰ੍ਹਾਂ ਸੈਲਾਨੀਆਂ ਵਾਸਤੇ ਖੋਲ੍ਹ ਦਿੱਤਾ ਜਾਵੇਗਾ ।

# ਭਾਰਤ 'ਚ 30 ਲੱਖ ਲੋਕ ਕੈਂਸਰ ਤੋਂ ਪੀੜਤ : ਡਾ. ਹਰਿੰਦਰ ਪਾਲ ਸਿੰਘ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸਿਰ ਅਤੇ ਗਰਦਨ ਦੇ ਕੈਂਸਰ ਜਾਗਰੂਕਤਾ ਦਿਵਸ ਦੀ ਪੂਰਵ ਸੰਧਿਆ 'ਤੇ ਪਾਰਕ ਹਸਪਤਾਲ ਦੇ ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾ. ਹਰਿੰਦਰਪਾਲ ਸਿੰਘ, ਸੀਨੀਅਰ ਸਲਾਹਕਾਰ ਸਰਜੀਕਲ ਓਨਕੋਲੋਜੀ ਡਾ. ਵਿਜੇ ਜਗੜ ਅਤੇ ਕੰਸਲਟੈਂਟ ਰੇਡੀਏਸ਼ਨ ਓਨਕੋਲੋਜੀ ਡਾ. ਜੋਬਨਜੀਤ ਕੌਰ ਨੇ ਸ਼ਨੀਵਾਰ ਨੂੰ ਸਿਰ ਅਤੇ ਗਰਦਨ ਦੇ ਕੈਂਸਰ ਬਾਰੇ ਕਈ ਤੱਥ ਸਾਂਝੇ ਕੀਤੇ।ਡਾ. (ਬ੍ਰਿਗੇਡੀਅਰ) ਹਰਿੰਦਰਪਾਲ ਸਿੰਘ ਨੇ ਕਿਹਾ ਕਿ ਭਾਰਤ ਵਿੱਚ 30 ਲੱਖ ਲੋਕ ਕੈਂਸਰ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 14 ਲੱਖ ਨਵੇਂ ਕੇਸ ਹਨ ਅਤੇ ਭਾਰਤ ਵਿੱਚ ਹਰ ਸਾਲ 9.10 ਲੱਖ ਲੋਕ ਕੈਂਸਰ ਕਾਰਨ ਮਰਦੇ ਹਨ।ਸਿਰ ਅਤੇ ਗਰਦਨ ਦੇ ਕੈਂਸਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕੈਂਸਰ ਦਾ ਇੱਕ ਰੂਪ ਹੈ ਜੋ ਮੁੱਖ ਤੌਰ 'ਤੇ ਸਾਡੀ ਜੀਵਨ ਸ਼ੈਲੀ, ਸੁਪਾਰੀ ਚਬਾਉਣ ਦੀ ਆਦਤ, ਤੰਬਾਕੂ ਅਤੇ ਸ਼ਰਾਬ ਦੀ ਖਪਤ ਅਤੇ ਮਾੜੀ ਮੂੰਹ ਦੀ ਸਫਾਈ ਕਾਰਨ ਹੁੰਦਾ ਹੈ।ਸਿਰ ਅਤੇ ਗਰਦਨ ਦੇ ਕੈਂਸਰ ਨੂੰ ਜੀਵਨ ਸ਼ੈਲੀ ਵਿੱਚ ਬਦਲਾਅ ਅਤੇ ਤੰਬਾਕੂ ਤੋਂ ਪਰਹੇਜ਼ ਕਰਕੇ ਰੋਕਿਆ ਜਾ ਸਕਦਾ ਹੈ।ਡਾ. ਵਿਜੇ ਜਗੜ ਨੇ ਕਿਹਾ ਕਿ ਭਾਰਤ ਵਿੱਚ ਮੂੰਹ ਦੇ ਕੈਂਸਰ ਦੇ ਮਾਮਲੇ ਦੁਨੀਆ ਵਿੱਚ ਸਭ ਤੋਂ ਵੱਧ ਹਨ, ਹਰ ਸਾਲ 1.75 ਲੱਖ ਨਵੇਂ ਕੇਸ ਸਾਹਮਣੇ ਆਉਂਦੇ ਹਨ। ਦੇਸ਼ ਵਿੱਚ ਮੂੰਹ ਦੇ ਕੈਂਸਰ ਦੇ 90 ਪ੍ਰਤੀਸ਼ਤ ਮਾਮਲਿਆਂ ਵਿੱਚ ਤੰਬਾਕੂ ਅਤੇ ਗੁਟਖਾ ਚਬਾਉਣ ਦਾ ਯੋਗਦਾਨ ਹੈ।ਡਾ. ਜੋਬਨਜੀਤ ਕੌਰ ਨੇ ਕਿਹਾ, ਘੱਟੋ-ਘੱਟ ਹਮਲਾਵਰ ਸਰਜਰੀ, ਅੰਗ ਸੰਭਾਲ ਤਕਨੀਕਾਂ ਅਤੇ ਰੇਡੀਓਥੈਰੇਪੀ ਅਤੇ ਮੈਡੀਕਲ ਓਨਕੋਲੋਜੀ ਵਿੱਚ ਤਰੱਕੀ ਨੇ ਕੈਂਸਰ ਦੇ ਇਲਾਜ ਵਿੱਚ ਸੁਧਾਰ ਕੀਤਾ ਹੈ, ਜਿਸ ਨਾਲ ਬਿਮਾਰੀ ਅਤੇ ਮੌਤ ਦਰ ਵਿੱਚ ਕਮੀ ਆਈ ਹੈ।

# ਡੇਰਾ ਮਈਆ ਭਗਵਾਨ ਦੇ ਸਾਹਮਣੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਧਰਨਾ 19ਵੇਂ ਦਿਨ ਵੀ ਰਿਹਾ ਜਾਰੀ

**ਫਿਲੌਰ (ਨਿਰਮਲ)**- ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫ਼ਤਰ ਫਿਲੌਰ ਸਾਹਮਣੇ ਪੱਕੇ ਧਰਨੇ ਅੱਜ 19ਵੇਂ ਦਿਨ ਵੀ ਜਾਰੀ ਰਿਹਾ। ਅੱਜ ਪੱਕੇ ਧਰਨੇ ਵਿੱਚ ਵੱਖ- ਵੱਖ ਪਿੰਡਾਂ ਦੇ ਲੋਕਾਂ ਵਲੋ ਵੱਡੀ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਮਸਲਾ ਹੱਲ ਨਾ ਕੀਤਾ ਗਿਆ ਤਾਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ 31 ਜੁਲਾਈ ਨੂੰ ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਵੱਡੇ ਅੰਦੋਲਨ ਦਾ ਐਲਾਨ ਕੀਤਾ ਜਾਏਗਾ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫਿਲੌਰ ਦੇ ਘਰ ਸਾਹਮਣੇ ਰਾਤ ਦਾ



ਜਗਰਾਤਾ ਕੀਤਾ ਜਾਵੇਗਾ। ਇਸ ਮੌਕੇ ਧਰਨੇ ਦੀ ਅਗਵਾਈ ਕਾਮਰੇਡ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ,ਅਮਰਜੀਤ ਲਾਡੀ ਮਹਿਸਮਪੁਰ, ਰਾਜਵਿੰਦਰ ਸਿੰਘ ਮੁਠੱਡਾ ਕਲਾਂ, ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਸੋਮ ਨਾਥ ਸ਼ੇਖੂਪੁਰ, ਮੁਠੱਡਾ, ਰਵੀ ਦਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਨੀਲ ਗੰਨਾ ਪਿੰਡ ਆਦਿ ਨੇ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾਂ ਇਹ ਧਰਨਾ ਪੱਕੇ ਤੌਰ ਤੇ ਚਲਦਾ ਰਹੇਗਾ। ਉਹਨਾਂ ਕਿਹਾ ਕਿ ਅਗਲੇ ਐਕਸ਼ਨ ਦੀ ਤਿਆਰੀ ਪਿੰਡ ਪਿੰਡ ਜਾ ਕੇ ਸ਼ੁਰੂ ਕੀਤੀ ਜਾ ਰਹੀ ਹੈ । ਇਸ ਮੌਕੇ ਸੰਦੀਪ ਕੌਰ ਸਰਪੰਚ ਰਾਮਗੜ੍ਹ, ਰਾਜਿੰਦਰ ਸੰਧੂ ਕਾਂਗਰਸ ਆਗੂ, ਹਰਦੀਪ ਭੱਚੂ, ਲਖਵਿੰਦਰ ਮੋਤੀ ਪੁਰ, ਸਰਬਜੀਤ ਮੋਤੀ ਪੁਰ, ਅਮਰਜੀਤ ਸਿੰਘ ਮੋਤੀ ਪੁਰ, ਅਵਤਾਰ ਸਿੰਘ ਮੋਤੀ ਪੁਰ, ਪਰਵਿੰਦਰ ਫ਼ਲਪੋਤਾ, ਸੋਢੀ ਕਤਪਲੋਂ ਜਨਰਲ ਮਜ਼ਦੂਰ ਯੂਨੀਅਨ, ਅਮਨ ਗੜ੍ਹਾ, ਬਿੰਦਰ ਪਵਾਰ ਹਰੀਪੁਰ, ਬਲਜਿੰਦਰ ਸਿੰਘ, ਕੁਲਦੀਪ ਗੜ੍ਹਾ ਰੋਡ ਫਿਲੌਰ, ਮਨਮੀਤ ਬਛੋਵਾਲ , ਮਨਦੀਪ ਫਿਲੌਰ, ਸੁਰਜਨ ਦਾਸ ਅਪਰਾ, ਰਘਵੀਰ ਸਿੰਘ, ਗੋਬਿੰਦ ਰਾਮ, ਮੂਰਤੀ ਰਾਮਗੜ੍ਹ, ਵਿੰਦਰ ਫਿਲੌਰ, ਮੁਨੀਸ਼ ਕੁਮਾਰ ਮਹਿਸਮਪੁਰ,ਸਰੂਪ ਕਲੇਰ, ਯਸ਼ਪਾਲ ਰਵਿਦਾਸਪੁਰਾ, ਅਜੇ, ਮੱਘਰ ਜਗਤਪੁਰ, ਸਾਬੀ ਜਗਤਪੁਰ, ਦੀਪਕ ਰਵਿਦਾਸ ਪੁਰਾ, ਪਰਮਜੀਤ, ਅਰਸ਼ਦੀਪ, ਰਾਣਾ, ਸੰਦੀਪ ਕੁਮਾਰ ਫਿਲੌਰ, ਬਿੰਦਰ ਫਿਲੌਰ, ਮੂਰਤੀ ਰਾਮਗੜ੍ਹ, ਮਨਦੀਪ ਬੰਗਾ, ਕਰਣ ਬੰਗਾ, ਰਾਜ ਕੁਮਾਰ ਰਵਿਦਾਸ ਪੁਰਾ, ਕਮਲ ਮਾਓ ਸਾਹਿਬ, ਹੈਪੀ ਮਾਓ ਸਾਹਿਬ, ਚੰਦਰ ਪ੍ਰਕਾਸ਼, ਲੇਖ ਰਾਜ ਬ੍ਰਹਮਪੁਰੀ, ਤਿਲਕ ਰਾਜ, ਰਵਿੰਦਰ ਸੰਤੋਖਪੁਰਾ, ਲਖਵਿੰਦਰ ਸਿੰਘ, ਵਿਸ਼ਾਖਾ ਸਿੰਘ ਤਹਿੰਗ, ਸੁਨੀਤਾ ਫ਼ਿਲੌਰ, ਹੰਸ ਕੌਰ, ਸੁਰਜੀਤ ਕੌਰ, ਕਾਮਲਜੀਤ ਕੌਰ, ਜੋਤੀ, ਰੇਸ਼ਮੋ, ਦੀਪਾ, ਸੰਜਨਾ, ਪ੍ਰਵੀਨ ਕੁਮਾਰੀ, ਸਹਿਜਜੀਤ ਕੌਰ, ਕਮਾਲਜੀਤ ਬੰਗਰ, ਰਵੀਨਾ ਚੁੰਬਰ ਰਾਮਗੜ੍ਹ, ਗੇਜੋ ਮੁਠੱਡਾ, ਮਮਤਾ ਰਾਣੀ, ਰਾਜਿੰਦਰ ਕੌਰ ਸੰਤੋਖਪੁਰਾ, ਗੁਲਸ਼ਨ ਕੁਮਾਰ ਲੁਧਿਆਣਾ, ਬੌਬੀ ਪਾਲ, ਕਮਲਜੀਤ ਕੌਰ, ਕਾਜਲ , ਬੀਬੀ ਕੁਸ਼ਲਿਆ, ਸੋਮਾ ਰਾਣੀ, ਸੀਮਾ ਰਾਮਗੜ੍ਹ, ਸੁਰਿੰਦਰ ਕੌਰ ਰਾਮਗੜ੍ਹ, ਸਿਮਰੋ ਰਾਮਗੜ੍ਹ, ਪਾਲੋ ਰਾਮਗੜ੍ਹ, ਬਖ਼ਸ਼ੋ ਰਾਮਗੜ੍ਹ, ਹਰਬੰਸ ਕੌਰ ਰਾਮਗੜ੍ਹ, ਮਹਿੰਦਰ ਕੌਰ ਰਾਮਗੜ੍ਹ, ਪਿਆਰੀ ਰਾਮਗੜ੍ਹ, ਨੰਦਰ ਕੌਰ ਮੁਠੱਡਾ ਕਲਾਂ, ਰਾਜਵਿੰਦਰ ਕੌਰ ਮੁਠੱਡਾ ਕਲਾਂ, ਕਮਲ, ਬਲਜੀਤ ਕੌਰ, ਸੰਗੀਤਾ, ਕਾਜਲ, ਸੁਰਿੰਦਰ ਕੌਰ, ਮੀਤੋ, ਬਲਵੀਰ ਕੌਰ, ਸਤਿਆ ਦੇਵੀ, ਬਿੰਦਰ ਕੌਰ, ਦੀਸ਼ੋ ਜਗਤਪੁਰਾ, ਗੁਰਮੀਤ ਕੌਰ ਜਗਤਪੁਰਾ, ਚਰਨਜੀਤ ਜਗਤਪੁਰਾ,ਕਾਂਤਾ ਦੇਵੀ, ਸ਼ਕੁੰਤਲਾ, ਕਮਲਜੀਤ ਕੌਰ, ਕਾਜਲ ਫ਼ਿਲੌਰ, ਦੀਪਾਂ ਫ਼ਿਲੌਰ,ਅਤੇ ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਕਿਸੇ ਨੂੰ ਵੀ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਤਬਾਹ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ : ਡੀ ਆਈ ਜੀ ਭੁੱਲਰ

**ਘੜੂੰਆਂ/ਖਰੜ (ਹਰਨਾਮ ਸਿੰਘ ਡੱਲਾ)**- ਰੂਪਨਗਰ ਪੁਲਿਸ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਹਰਚਰਨ ਸਿੰਘ ਭੁੱਲਰ ਨੇ ਨਸ਼ਿਆਂ ਤੋਂ ਪ੍ਰਭਾਵਿਤ ਨੌਜਵਾਨਾਂ ਦੇ ਮਨੋਬਲ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਵੱਲ ਸੇਧਿਤ ਕਰਨ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ। ਉਹ ਗ੍ਰੈਂਡ ਕੈਸਲ ਪੈਲੇਸ, ਘੜੂੰਆਂ ਵਿਖੇ 'ਯੁੱਧ ਨਸ਼ਿਆਂ ਵਿਰੁਧ' ਮੁਹਿੰਮ ਤਹਿਤ ਆਯੋਜਿਤ ਇੱਕ





ਜਨਤਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਡੀ ਆਈ ਜੀ ਭੁੱਲਰ ਨੇ ਕਿਹਾ, 'ਅਸੀਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਸ੍ਰੀ ਗੌਰਵ ਯਾਦਵ ਦੇ ਪੰਜਾਬ ਦੀ ਧਰਤੀ ਤੋਂ ਨਸ਼ੇ ਖਤਮ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਲਈ ਸਮਰਪਿਤ ਹਾਂ। ਕਿਸੇ ਨੂੰ ਵੀ ਸਾਡੇ ਨੌਜਵਾਨਾਂ ਦਾ ਭਵਿੱਖ ਬਰਬਾਦ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।' ਉਨ੍ਹਾਂ ਦੱਸਿਆ ਕਿ ਪਿਛਲੇ 145 ਦਿਨਾਂ ਦੌਰਾਨ ਇਸ ਮੁਹਿੰਮ ਦੇ ਹਿੱਸੇ ਵਜੋਂ ਸੂਬੇ ਭਰ ਵਿੱਚ ਕੁੱਲ 23,237 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨਾਗਰਿਕਾਂ ਨੂੰ ਇਸ ਮਿਸ਼ਨ ਵਿੱਚ ਪੁਲਿਸ ਨਾਲ ਹੱਥ ਮਿਲਾਉਣ ਦੀ ਅਪੀਲ ਕੀਤੀ, ਤਾਂ ਜੋ ਨਸ਼ੇ ਦੀ ਲਤ ਤੋਂ ਪ੍ਰਭਾਵਿਤ ਪਰਿਵਾਰਾਂ/ਪੀੜਤ ਨੌਜੁਆਨਾਂ ਦੇ ਵਿਸ਼ਵਾਸ ਨੂੰ ਮੁੜ ਬਣਾਉਣ ਲਈ ਜਨਤਕ ਭਾਗੀਦਾਰੀ ਬਹੁਤ ਜ਼ਰੂਰੀ ਹੈ। ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਹਰਮਨਦੀਪ ਸਿੰਘ ਹਾਂਸ, ਜੋ ਕਿ ਸਮਾਗਮ ਵਿੱਚ ਮੌਜੂਦ ਸਨ, ਨੇ ਲੋਕਾਂ ਨੂੰ ਨਸ਼ਾ ਤਸਕਰੀ ਦੀ ਰਿਪੋਰਟ ਕਰਨ ਜਾਂ ਨਸ਼ਾ-ਨਿਰਭਰ ਵਿਅਕਤੀਆਂ ਦੇ ਇਲਾਜ ਲਈ ਮਦਦ ਲੈਣ ਲਈ ਸੇਫ ਪੰਜਾਬ ਨਸ਼ਾ ਵਿਰੋਧੀ ਹੈਲਪਲਾਈਨ - 97791-00200 (ਵਟਸਐਪ-ਅਧਾਰਤ ਚੈਟਬੋਟ) ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਚੰਡੀਗੜ੍ਹ ਯੂਨੀਵਰਸਿਟੀ ਤੋਂ ਸੇਵਾਮੁਕਤ ਵਿੰਗ ਕਮਾਂਡਰ ਜੇ.ਐਸ. ਮਿਨਹਾਸ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ। ਇਸ ਸਮਾਗਮ ਵਿੱਚ ਘੜੂੰਆਂ, ਕੁਰਾਲੀ, ਖਰੜ, ਬਲੌਂਗੀ ਅਤੇ ਲਾਂਡਰਾਂ ਦੀਆਂ ਪ੍ਰਮੁੱਖ ਸਥਾਨਕ ਸ਼ਖ਼ਸੀਅਤਾਂ ਅਤੇ ਪੰਚਾਇਤ ਪ੍ਰਤੀਨਿਧੀਆਂ ਦੇ ਨਾਲ-ਨਾਲ ਐੱਸ ਪੀ ਮਨਪ੍ਰੀਤ ਸਿੰਘ ਅਤੇ ਮੋਹਿਤ ਅਗਰਵਾਲ, ਡੀ ਐਸ ਪੀ ਖਰੜ ਕਰਨ ਸਿੰਘ ਸੰਧੂ, ਪ੍ਰੋਫੈਸਰ ਗੁਰਬਖਸ਼ੀਸ਼ ਸਿੰਘ ਅੰਟਾਲ ਅਤੇ ਸਥਾਨਕ ਐਸ ਐਚ ਓ ਸ਼ਾਮਲ ਹੋਏ।